# ਮਨੋਹਰ ਦਾਸ ਮਿਹਰਬਾਨ

## [ਜੀਵਨ ਅਤੇ ਰਚਨਾਵਾਂ]

ਕਿਰਪਾਲ ਸਿੰਘ

ਪੰਜਾਬੀ ਯੂਨੀਵਰਸਿਟੀ ਪਟਿਆਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Kirpal Singh.

Personal Copy.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮਨੋਹਰ ਦਾਸ ਮਿਹਰਬਾਨ
# ਜੀਵਨ ਅਤੇ ਰਚਨਾਵਾਂ

Digitized by Panjab Digital Library | www.panjabdigilib.org

## ਇਸੇ ਕਲਮ ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਪੁਸਤਕਾਂ

### ਅੰਗ੍ਰੇਜ਼ੀ

The Partition of the Punjab.

### ਪੰਜਾਬੀ

1. ਜਨਮ ਸਾਖੀ ਪਰੰਪਰਾ—ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਦਾ ਇਤਿਹਾਸਕ ਅਧਿਐਨ
3. ਪੰਜਾਬ ਦਾ ਬਟਵਾਰਾ
2. ਜੀਵਨ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ

## ਇਸੇ ਕਲਮ ਤੋਂ ਹੋਰ ਪੁਸਤਕਾਂ

### ਅੰਗ੍ਰੇਜ਼ੀ

1. Maharaja Ala Singh of Patiala and His Times
2. Punjab's Pioneer Freedom Fighters (In collaboration with M. L. Ahluwalia).
3. A Catalogue of Persian and Sanskrit Manuscripts
4. A Catalogue of Punjabi and Urdu Manuscripts
5. Bhai Vasti Ram and Bhai Ram Singh

### ਫ਼ਾਰਸੀ

ਚਾਰ-ਬਾਗ਼-ਏ-ਪੰਜਾਬ, ਗਣੇਸ਼ ਦਾਸ ਵਡੇਹਰਾ (ਸੰਪਾਦਤ)

### ਪੰਜਾਬੀ

1. ਕਲਕੱਤੇ ਦੇ ਫਸਾਦ ਸਿੱਖਾਂ ਦੀ ਸੇਵਾ, 1946
2. ਸ਼ਹੀਦੀਆਂ—1947 ਪਾਕਿਸਤਾਨੀ ਘਲੂਘਾਰੇ ਵਿਚ ਹੋਏ ਸ਼ਹੀਦਾਂ ਦਾ ਹਾਲ
3. ਪਾਕਿਸਤਾਨ ਦੇ ਸਫ਼ਰ, ਅਕਾਲੀ ਚੱਕਰ ਕੌਰ ਸਿੰਘ (ਸੰਪਾਦਤ)—ਇਨ੍ਹਾਂ ਦੇ ਪਾਕਿਸਤਾਨ ਵਿਚ ਹੋਈਆਂ ਅਗਵਾ ਇਸਤ੍ਰੀਆਂ ਨੂੰ ਬਹੁਤ ਯਤਨਾਂ ਨਾਲ ਭਾਰਤ ਲਿਆਂਦਾ
4. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ, ਮਿਹਰਬਾਨ, (ਸੰਪਾਦਤ)
5. ਦਸ ਗੁਰੂ ਕੱਥਾ, ਕਵੀ ਕੰਕਨ (ਸੰਪਾਦਤ)
6. ਪੰਜਾਬ ਦੇ ਮੁੱਢਲੇ ਸਵਤੰਤਰਤਾ ਸੰਗਰਾਮੀਏ



Digitized by Panjab Digital Library | www.panjabdigilib.org

# ਮਨੋਹਰ ਦਾਸ ਮਿਹਰਬਾਨ

## ਜੀਵਨ ਅਤੇ ਰਚਨਾਵਾਂ

(1581 — 1640 ਈ.)

ਕਿਰਪਾਲ ਸਿੰਘ
ਐਮ. ਏ., ਪੀ-ਐਚ. ਡੀ.

ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

1974
ਪਹਿਲੀ ਵਾਰ : 1100

ਪ੍ਰੋਫ਼ੈਸਰ ਗੁਰਚਰਨ ਸਿੰਘ ਐਮ.ਏ., ਪੀ.ਈ.ਐਸ. (I), ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮਾਸਟਰ ਪ੍ਰਿੰਟਰਜ਼, ਪਟਿਆਲਾ ਨੇ ਛਾਪੀ ।

Digitized by Panjab Digital Library | www.panjabdigilib.org

# ਭੂਮਿਕਾ

ਮਨੋਹਰ ਦਾਸ ਮਿਹਰਬਾਨ ਸਤਾਰ੍ਹਵੀਂ ਸਦੀ ਈਸਵੀ ਵਿਚ ਇਕ ਉੱਘੇ ਲਿਖਾਰੀ ਅਤੇ ਕਲਾਕਾਰ ਹੋਏ ਹਨ। ਆਪ ਵਿਚ ਕਈ ਖ਼ੂਬੀਆਂ ਦਾ ਸੁਮੇਲ ਸੀ। ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਸਨ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਆਪ ਨੇ ਗੱਦ ਵਿਚ ਗੁਰਬਾਣੀ ਪਰਮਾਰਥ ਲਿਖੇ ਹਨ। ਆਦਰਸ਼ਵਾਦੀ ਕਵਿਤਾ ਲਿਖਦੇ ਸਨ ਜਿਸ ਦਾ ਮਨੋਰਥ ਈਸ਼ਵਰ ਭਗਤੀ ਵਲ ਪ੍ਰੇਰਣਾ ਅਤੇ ਨਾਮ ਤੇ ਸਿਮਰਨ ਤੇ ਜ਼ੋਰ ਦੇਣਾ ਸੀ। ਸਮੇਂ ਦੇ ਪ੍ਰਸਿੱਧ ਕਲਾਕਾਰ ਸਨ। ਕਈ ਰਾਗਾਂ ਦੇ ਗਿਆਤਾ ਸਨ।[1] ਆਪਣੀ ਸੁੰਦਰ ਅਤੇ ਸੁਰੀਲੀ ਆਵਾਜ਼ ਨਾਲ ਗੁਰਬਾਣੀ ਕੀਰਤਨ ਕਰ ਕੇ ਸੰਗਤਾਂ ਨੂੰ ਬਹੁਤ ਪ੍ਰਭਾਵਿਤ ਕਰਦੇ ਸਨ।

ਇਨ੍ਹਾਂ ਗੁਣਾਂ ਦਾ ਕਾਰਣ, ਉਨ੍ਹਾਂ ਦੇ ਵਿਦਿਆਦਾਤਾ[2] ਅਤੇ ਬਹੁ ਗੁਣਾਂ ਦੇ ਮਾਲਕ ਉਨ੍ਹਾਂ ਦੇ ਚਾਚਾ ਗੁਰੂ ਅਰਜਨ ਸਾਹਿਬ ਸਨ।

ਮਨੋਹਰ ਦਾਸ ਮਿਹਰਬਾਨ, ਗੁਰੂ ਘਰ ਦੇ ਵਿਰੋਧੀ, ਗੁਰੂ ਅਰਜਨ ਸਾਹਿਬ ਦੇ ਵਡੇ ਭਰਾ ਪ੍ਰਿਥੀ ਚੰਦ ਦੇ ਸਪੁੱਤਰ ਸਨ, ਜਿਨ੍ਹਾਂ ਨੂੰ ਮੀਣਾ ਕਰਕੇ ਲਿਖਿਆ ਜਾਂਦਾ ਹੈ[3]। ਇਸ ਤਰ੍ਹਾਂ ਪ੍ਰਿਥੀ ਚੰਦ ਦੀ ਚਲਾਈ ਸੰਪਰਦਾ ਵਿਚ ਮਿਹਰਬਾਨ ਨੂੰ ਵਿਸ਼ੇਸ਼ ਅਸਥਾਨ ਪ੍ਰਾਪਤ ਸੀ ਅਤੇ ਇਸ ਸੰਪਰਦਾ ਦੇ ਅਨੁਆਈ ਇਸ ਨੂੰ ਗੁਰੂ ਮਿਹਰਬਾਨ ਕਰਕੇ ਲਿਖਦੇ ਸਨ ਜਿਵੇਂ ਕਿ ਗੋਸ਼ਟਾਂ ਮਿਹਰਬਾਨ ਜੀ ਦੀਆਂ ਆਰੰਭਕ ਲਾਈਨਾਂ ਤੋਂ ਪਤਾ ਲਗਦਾ ਹੈ : "ਬੋਲਹੁ ਭਾਈ ਵਾਹਿਗੁਰੂ ਨਾਨਕ, ਸਤਿਗੁਰੂ ਅੰਗਦ, ਸਤਿਗੁਰੂ ਅਮਰਦਾਸ, ਸਤਿਗੁਰੂ ਰਾਮਦਾਸ, ਸਤਿਗੁਰੂ ਅਰਜਨ, ਸਤਿਗੁਰੂ ਸਾਹਿਬ, ਸਤਿਗੁਰ ਮਿਹਰਬਾਨ ਜੀ........"[4] ਇਸ ਟੂਕ ਵਿਚ "ਸਤਿਗੁਰੂ ਸਾਹਿਬ" ਦਾ ਭਾਵ ਪ੍ਰਿਥੀ ਚੰਦ ਤੋਂ ਲਿਆ ਜਾਂਦਾ ਹੈ ਤੇ ਛੇਵਾਂ ਗੁਰੂ ਮੰਨਿਆ ਹੈ। ਇਸ ਤਰ੍ਹਾਂ ਮਿਹਰਬਾਨ ਨੂੰ ਸਤਵਾਂ ਗੁਰੂ ਮੰਨਿਆ ਜਾਂਦਾ ਹੈ। ਮਿਹਰਬਾਨ ਦੇ ਉਤਰਾਧਿਕਾਰੀਆਂ ਨੇ ਉਸ ਦੇ ਨਾਂ ਨਾਲ "ਮਹਲਾ ਸਤਵਾਂ" ਲਾ ਦਿੱਤਾ ਜਿਸ ਦਾ ਸਿੱਟਾ ਇਹ ਨਿਕਲਿਆ ਮੀਣਿਆਂ ਲਈ ਘਿਰਣਾ ਵਧ ਗਈ ਅਤੇ ਆਮ ਸਿੱਖ ਮਿਹਰਬਾਨ ਦੀਆਂ ਰਚਨਾਵਾਂ ਨੂੰ ਘਿਰਣਾ ਨਾਲ ਵੇਖਣ ਲਗੇ।

ਉਨ੍ਹੀਵੀਂ ਸਦੀ ਦੇ ਅਖ਼ੀਰ ਵਿਚ ਏ. ਐਚ. ਰੋਜ਼ ਨੇ ਲਿਖਿਆ ਹੈ : "ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਗੁਰੂ ਨਾਨਕ ਸਾਹਿਬ ਦੀ ਇਕ ਜਨਮ ਸਾਖੀ ਲਿਖੀ ਹੈ ਜਿਸ

---

1. ਗੋਸ਼ਟੀਆਂ ਮਿਹਰਵਾਨ ਜੀ, ਸਿਖ ਰੇਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਪਤ੍ਰਾ 389 ਅ
2. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 2, ਅੰਸੂ 29, ਪੰਨਾ 1763-64
3. ਵੇਖੋ 36ਵੀਂ ਵਾਰ ਭਾਈ ਗੁਰਦਾਸ ਜੀ, ਵਾਰਾਂ ਭਾਈ ਗੁਰਦਾਸ
4. ਗੋਸ਼ਟਾਂ ਮਿਹਰਵਾਨ ਜੀ, ਪੰਨਾ 2 ਅ, 3੯



Digitized by Panjab Digital Library | www.panjabdigilib.org

ਵਿਚ ਉਸ ਨੇ ਆਪਣੇ ਪਿਤਾ (ਪ੍ਰਿਥੀ ਚੰਦ) ਦੀ ਵਡਿਆਈ ਕੀਤੀ ਹੈ ਅਤੇ ਇਸ ਜਨਮ ਸਾਖੀ ਵਿਚ ਪਹਿਲੀ ਵਾਰੀ ਭਾਈ ਬਾਲੇ ਦਾ ਨਾਂ ਅੰਕਤ ਕੀਤਾ ਹੈ''[1] ਪਰ ਇਹ ਦੋਵੇਂ ਗੱਲਾਂ ਨਿਰਮੂਲ ਹਨ । ਮਿਹਰਬਾਨ ਦੀ ਰਚੀ ਜਨਮ ਸਾਖੀ ਹੁਣ ਛਪ ਚੁਕੀ ਹੈ। ਸਾਰੀ ਜਨਮ ਸਾਖੀ ਵਿਚ ਪ੍ਰਿਥੀ ਚੰਦ ਦਾ ਨਾਂ ਤਕ ਕਿਧਰੇ ਨਹੀਂ ਆਇਆ ਤੇ ਨਾ ਹੀ ਸਾਰੀ ਜਨਮ ਸਾਖੀ ਵਿਚ ਭਾਈ ਬਾਲੇ ਦਾ ਨਾਂ ਆਇਆ ਹੈ । ਮਿਹਰਬਾਨ ਲਿਖਤ ਗੁਰੂ ਨਾਨਕ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਬਿਲਕੁਲ ਵਖਰੀ ਹੈ । ਇਹ ਦੋਵੇਂ ਜਨਮ ਸਾਖੀਆਂ ਕਿਸੇ ਤਰ੍ਹਾਂ ਵੀ ਇਕ ਦੂਜੇ ਤੇ ਆਧਾਰਤ ਨਹੀਂ ।

ਭਾਵੇਂ ਗੁਰੂ ਰਾਮਦਾਸ ਜੀ ਦੇ ਪੁੱਤਰ ਬਾਬਾ ਪ੍ਰਿਥੀ ਚੰਦ, ਗੁਰੂ ਅਰਜਨ ਸਾਹਿਬ ਨਾਲ ਈਰਖਾ ਰਖਦੇ ਰਹੇ ਪਰ ਫੇਰ ਵੀ ਗੁਰੂ ਅੰਸ ਹੋਣ ਕਰਕੇ ਆਪ ਦੀ ਬੰਸ ਵਿਚ ਬਹੁਤ ਕਰਨੀ ਵਾਲੇ ਪੁਰਖ ਹੋਏ ਹਨ । ਇਨ੍ਹਾਂ ਕਰਨੀ ਵਾਲੇ ਪੁਰਖਾਂ ਵਿਚੋਂ ਦੋ ਬਹੁਤ ਪ੍ਰਸਿੱਧ ਸਨ । ਇਕ ਮਿਹਰਬਾਨ ਜੀ ਅਤੇ ਦੂਸਰੇ ਦਖਣੀ ਰਾਏ । ਦਖਣੀ ਰਾਏ ਬਾਰੇ ਭਾਈ ਕਾਹਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ : ''ਇਹ ਬਾਬਾ ਪ੍ਰਿਥੀ ਚੰਦ ਦੇ ਬੰਸ ਵਿਚ ਵਡੇ ਪਰਤਾਪੀ ਕਰਨੀ ਵਾਲੇ ਹੋਏ ਹਨ । ਰਿਆਸਤ ਪਟਿਆਲਾ ਨੇ ਇਨ੍ਹਾਂ ਨੂੰ ਪਿੰਡ ਕਪਿਆਲਾ ਅਤੇ ਬਟਰਿਆਨਾ ਜਾਗੀਰ ਵਿਚ ਦਿੱਤੇ । ਆਪ ਦਾ ਨਿਵਾਸ ਘਰਾਚੋਂ ਵਿਚ ਸੀ ।''[2]

ਅਜੋਕੇ ਸਮੇਂ ਤਕ ਮਿਹਰਬਾਨ ਜੀ ਨੂੰ ਸ਼ੱਕ ਅਤੇ ਘਿਰਣਾ ਨਾਲ ਵੇਖਿਆ ਜਾਂਦਾ ਰਿਹਾ ਹੈ । ਅਜ ਤੋਂ ਪੰਦਰਾਂ ਕੁ ਸਾਲ ਪਹਿਲਾਂ ਜਦੋਂ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਮਿਹਰਬਾਨ ਜੀ ਦੀ ਮੁਖ ਰਚਨਾ ਪੋਥੀ ਸਚਖੰਡ ਨੂੰ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕਰਨ ਦਾ ਯਤਨ ਆਰੰਭਿਆ ਤਾਂ ਸਭ ਪਾਸਿਆਂ ਤੋਂ ਵਿਰੋਧਤਾ ਹੋਈ । ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਤੋਂ ਪੱਤਰਕਾਵਾਂ ਆਈਆਂ ਕਿ ਮੀਣਿਆਂ ਦੇ ਸਾਹਿਤ ਦਾ ਪਰਚਾਰ ਕਰਨਾ ਠੀਕ ਨਹੀਂ। ਅਖ਼ੀਰ ਕੇਂਦਰੀ ਸਰਕਾਰ, ਪੰਜਾਬ ਸਰਕਾਰ ਅਤੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਯੱਤਨਾਂ ਨਾਲ ਮਿਹਰਬਾਨ ਜੀ ਦੀ ਮੁੱਖ ਰਚਨਾ ਪ੍ਰਕਾਸ਼ਿਤ ਹੋਈ ।

ਇਸ ਪ੍ਰਕਾਸ਼ਨ ਨੇ ਬਹੁਤ ਸਾਰੇ ਸੰਸੇ ਦੂਰ ਕੀਤੇ ਹਨ । ਘਿਰਣਾ ਦੀ ਥਾਂ ਹਮਦਰਦੀ ਨੇ ਲੈਣੀ ਆਰੰਭ ਦਿੱਤੀ । ਮਿਹਰਬਾਨ ਜੀ ਦੇ ਲਿਖੇ ਪਰਮਾਰਥਾਂ ਦਾ ਐਨਾ ਪ੍ਰਭਾਵ ਹੋਇਆ ਕਿ ਕਈਆਂ ਗੁਰਦਵਾਰਿਆਂ ਵਿਚ ਇਸ ਦੀ ਕਥਾ ਹੋਣ ਲਗੀ ।[3] ਪ੍ਰਸਿੱਧ ਲੇਖਕ ਖ਼ੁਸ਼ਵੰਤ ਸਿੰਘ ਨੇ ਇਲਸਟਰੇਡ ਵੀਕਲੀ ਬੰਬਈ ਵਿਚ ਇਸ ਦਾ ਰੀਵੀਓ ਕਰਦਿਆਂ ਲਿਖਿਆ ''ਮਿਹਰਬਾਨ ਦੀ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਹੋਰਨਾਂ ਜਨਮ ਸਾਖੀਆਂ ਨਾਲੋਂ ਭਿੰਨ ਹੈ । ਇਸ ਦੀ ਬੋਲੀ ਜ਼ਿਆਦਾ ਜ਼ੋਰਦਾਰ ਹੈ ਅਤੇ ਇਸ ਵਿਚ ਕਰਾਮਾਤਾਂ ਘੱਟ ਤੋਂ ਘੱਟ ਹਨ ।''[4] ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਨੂੰ ਐਮ. ਏ. ਪੰਜਾਬੀ ਦੇ ਕੋਰਸ ਵਿੱਚ ਸ਼ਾਮਿਲ ਕਰ ਲਿਆ । ਬਹੁਤ ਥੋੜ੍ਹੇ ਸਮੇਂ ਵਿਚ ਇਸ ਰਚਨਾ ਨੇ ਜਨਮ ਸਾਖੀ

---

1. ਗਲਾਸਰੀ ਆਫ ਟਰਾਈਬਜ਼ ਐਂਡ ਕਾਸਟਸ, ਜਿਲਦ ਤੀਜੀ, ਭਾਸ਼ਾ ਵਿਭਾਗ, 1970, ਪੰਨਾ 104
2. ਮਹਾਨ ਕੋਸ਼ ਭਾਈ ਕਾਨ੍ਹ ਸਿੰਘ—ਦਖਣੀ ਰਾਏ
3. ਬਾਬਾ ਗੁਰਬਖ਼ਸ਼ ਸਿੰਘ ਜੀ ਨਿਰੰਕਾਰੀ ਦਰਬਾਰ ਚੰਡੀਗੜ੍ਹ ਨੇ ਦੱਸਿਆ ਕਿ ਉਹ ਇਸ ਦੀ ਕਥਾ ਗੁਰਦਵਾਰੇ ਵਿਚ ਕਰਦੇ ਰਹੇ ਹਨ ।
4. ਯੂਸਫ਼ੁਲ ਰੀਸਰਚ—ਇਲਸਟਰੇਟਡ ਵੀਕਲੀ, ਬੰਬਈ, ਜੁਲਾਈ 7, 1963



Digitized by Panjab Digital Library | www.panjabdigilib.org

ਸਾਹਿਤ ਵਿਚ ਇਕ ਪ੍ਰਮੁੱਖ ਅਸਥਾਨ ਪ੍ਰਾਪਤ ਕਰ ਲਿਆ। ਇਸ ਦੇ ਨਾਲ ਹੀ ਮਿਹਰਬਾਨ ਜੀ ਨੂੰ ਸਤਾਰਵੀਂ ਸਦੀ ਦਾ ਲੇਖਕ ਹੋਣ ਦੀ ਮਾਨਵਤਾ ਮਿਲ ਗਈ।

ਮਿਹਰਬਾਨ ਜੀ ਦੀਆਂ ਰਚਨਾਵਾਂ ਅਤੇ ਜੀਵਨ ਬਾਰੇ ਹੋਰ ਖੋਜ ਦੀ ਲੋੜ ਹੈ। ਹੋ ਸਕਦਾ ਹੈ ਆਉਣ ਵਾਲੇ ਸਮੇਂ ਮਿਹਰਬਾਨ ਜੀ ਦੀਆਂ ਹੋਰ ਰਚਨਾਵਾਂ ਹੱਥ ਆ ਜਾਣ। ਜੇਕਰ ਇਹ ਪੁਸਤਕ ਮਿਹਰਬਾਨ ਜੀ ਦੇ ਜੀਵਨ ਅਤੇ ਰਚਨਾਵਾਂ ਲਈ ਵਧੇਰੇ ਖੋਜ ਦਾ ਸਾਧਨ ਬਣ ਸਕੇ ਤਾਂ ਲੇਖਕ ਇਸ ਯਤਨ ਨੂੰ ਸਫ਼ਲ ਸਮਝੇਗਾ।

ਕੁਝ ਸਾਲ ਹੋਏ ਪੰਜਾਬੀ ਯੂਨੀਵਰਸਿਟੀ ਨੇ ਪੰਜਾਬੀ ਲੇਖਕਾਂ ਦੀਆਂ ਜੀਵਨੀਆਂ ਛਾਪਣ ਦੀ ਯੋਜਨਾ ਬਣਾਈ ਅਤੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਮਿਹਰਬਾਨ ਜੀ ਦਾ ਜੀਵਨ ਲਿਖਣ ਲਈ ਕਿਹਾ। ਇਹ ਉਨ੍ਹਾਂ ਯੱਤਨਾਂ ਦੀ ਸਫ਼ਲਤਾ ਸੀ ਜਿਨ੍ਹਾਂ ਨੇ ਪਹਿਲੇ ਪਹਿਲ ਮਿਹਰਬਾਨ ਜੀ ਦੀ ਮੁੱਖ ਰਚਨਾ ਨੂੰ ਛਾਪ ਕੇ ਲੋਕਾਂ ਦੇ ਸਾਮ੍ਹਣੇ ਲਿਆਂਦਾ ਸੀ। ਇਸ ਪੁਸਤਕ ਦੇ ਲਿਖਣ ਲਈ ਮੂਲ ਸੱਮਗਰੀ ਮਿਹਰਬਾਨ ਰਚਿਤ ਜਨਮ ਸਾਖੀ ਗੁਰੂ ਨਾਨਕ ਅਤੇ ਉਸ ਦੀ ਅਰੰਭਕਾ ਤੋਂ ਲਈ ਗਈ ਹੈ। ਮੈਂ ਉਨ੍ਹਾਂ ਸਾਰੇ ਲਿਖਾਰੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਲੇਖ ਅਰੰਭਿਕਾ ਵਿਚ ਦਿੱਤੇ ਸਨ।

ਵਾਈਸ-ਚਾਂਸਲਰ ਸਰਦਾਰ ਕ੍ਰਿਪਾਲ ਸਿੰਘ ਨਾਰੰਗ ਦਾ ਰਿਣੀ ਹਾਂ ਜੋ ਇਤਿਹਾਸਕ ਖੋਜ ਦੇ ਕੰਮ ਵਿਚ ਸਦਾ ਹੀ ਉਤਸ਼ਾਹ ਦਿੰਦੇ ਹਨ! ਡਾਕਟਰ ਤਾਰਨ ਸਿੰਘ ਜੀ ਜਿਨ੍ਹਾਂ ਨੇ ਇਸ ਪੁਸਤਕ ਦੀ ਤਿਆਰੀ ਵਿਚ ਕਈ ਚੰਗੇ ਸੁਝਾ ਦਿੱਤੇ, ਗਿਆਨੀ ਬਲਵੰਤ ਸਿੰਘ ਜੀ ਜੀ ਕੋਠਾ ਗੁਰੂ (ਜ਼ਿਲ੍ਹਾ ਬਠਿੰਡਾ) ਨੇ ਇਸ ਪੁਸਤਕ ਵਿਚ ਦਿੱਤਾ ਬੰਸਾਵਲੀ ਨਾਮਾ ਤਿਆਰ ਕਰਨ ਵਿਚ ਸਹਾਇਤਾ ਕੀਤੀ ਹੈ, ਗਿਆਨੀ ਗੁਰਦਿਤ ਸਿੰਘ, ਅਡੀਟਰ 'ਪ੍ਰਕਾਸ਼' ਨੇ ਆਪਣੇ ਨਿੱਜੀ ਪੁਸਤਕ ਸੰਗ੍ਰਿਹ ਵਿਚੋਂ ਕਈ ਹੱਥ-ਲਿਖਤਾਂ ਵੇਖਣ ਦਾ ਔਸਰ ਦਿੱਤਾ। ਮਿਸ ਅੰਮ੍ਰਿਤ ਵਾਲੀਆ, ਰੀਸਰਚ ਸਕਾਲਰ ਇਤਿਹਾਸ ਵਿਭਾਗ ਨੇ ਇਸ ਪੁਸਤਕ ਦੀ ਨਾਮਾਵਲੀ (ਇੰਡੈਕਸ) ਤਿਆਰ ਕੀਤੀ ਹੈ। ਮੈਂ ਇਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਅਖ਼ੀਰ ਵਿਚ ਸਰਦਾਰ ਹਜ਼ਾਰਾ ਸਿੰਘ, ਪ੍ਰਕਾਸ਼ਨ ਤੇ ਵਿਕਰੀ ਅਫ਼ਸਰ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਛਾਪਣ ਤੇ ਪ੍ਰਕਾਸ਼ਨ ਵਿਚ ਦਿਲਚਸਪੀ ਲਈ ਹੈ।

**ਕਿਰਪਾਲ ਸਿੰਘ**

ਜਨਵਰੀ 12, 1974
C-29, ਪੰਜਾਬੀ ਯੂਨੀਵਰਸਿਟੀ
ਪਟਿਆਲਾ



Digitized by Panjab Digital Library | www.panjabdigilib.org

# ਵਿਸ਼ਾ-ਸੂਚੀ


ਅਧਿਆਇ ਪਹਿਲਾ

ਵਿਰਸਾ ... ... 1

ਅਧਿਆਇ ਦੂਜਾ

ਜੀਵਨ ... ... 16

ਅਧਿਆਇ ਤੀਜਾ

ਰਚਨਾਵਾਂ ... ... 29

ਅਧਿਆਇ ਚੌਥਾ

ਗੁਰਬਾਣੀ ਦਾ ਵਿਆਖਿਆਕਾਰ ... ... 43

ਅਧਿਆਇ ਪੰਜਵਾਂ

ਉਤਰ-ਅਧਿਕਾਰੀ ... ... 55

ਅੰਤਕਾ

ਬੰਸਾਵਲੀ ਨਾਮਾ ... ... 73-74

ਪੁਸਤਕ ਸੂਚੀ ... ... 75

ਨਾਮਾਵਲੀ ... ... 78




Digitized by Panjab Digital Library | www.panjabdigilib.org

ਅਧਿਆਇ 1

# ਵਿਰਸਾ

ਮਨੋਹਰ ਦਾਸ ਮਿਹਰਬਾਨ ਉਸ ਖ਼ਾਨਦਾਨ ਵਿਚ ਜਨਮੇ ਜਿਸ ਦੀ ਪੰਜਾਬੀ ਸਾਹਿਤ ਅਤੇ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਮੁਲੀ ਦੇਣ ਹੈ। ਮਿਹਰਬਾਨ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮ ਦਾਸ ਦੇ ਪੋਤੇ ਸਨ। ਗੁਰੂ ਰਾਮ ਦਾਸ ਦਾ ਜਨਮ 1534 ਈਸਵੀ ਵਿਚ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਹਰਦਾਸ ਸੀ ਅਤੇ ਮਾਤਾ ਦਾ ਨਾਂ ਦਇਆ ਕੌਰ। ਗੁਰੂ ਰਾਮ ਦਾਸ ਜੀ ਦਾ ਬਚਪਣ ਦਾ ਨਾਂ ਜੇਠਾ ਜੀ ਸੀ। ਜੇਠਾ ਜੀ ਦੇ ਮਾਤਾ ਪਿਤਾ ਬਚਪਣ ਵਿਚ ਹੀ ਗੁਜਰ ਗਏ ਤੇ ਆਪ ਦੀ ਨਾਨੀ ਆਪ ਨੂੰ ਪਿੰਡ ਬਾਸਰਕੇ (ਮੌਜੂਦਾ ਜ਼ਿਲਾ ਅੰਮ੍ਰਿਤਸਰ) ਜਿਥੇ ਕਿ ਉਹ ਆਪ ਰਹਿੰਦੀ ਸੀ, ਨਾਲ ਲੈ ਗਈ।[1] ਸੋ ਆਪ ਦਾ ਮੁਢਲਾ ਜੀਵਨ ਬਾਸਰਕੇ ਬਤੀਤ ਹੋਇਆ।

ਪਿੰਡਾਂ ਦੇ ਲੋਕ ਆਮ ਤੌਰ ਤੇ ਸੰਗਠਤ ਜੀਵਨ ਬਤੀਤ ਕਰਦੇ ਸਨ। ਇਕ ਪਿੰਡ ਆਰਥਕ ਅਤੇ ਸਮਾਜਕ ਤੌਰ ਤੇ ਸਵੈਅਧੀਨ ਹੁੰਦਾ ਸੀ। ਪਿੰਡ ਦਾ ਹਰ ਵਸਨੀਕ ਦੂਜੇ ਵਸਨੀਕ ਨੂੰ ਜਾਣਦਾ ਸੀ। ਜਿਸ ਵੇਲੇ ਜੇਠਾ ਜੀ ਬਾਸਰਕੇ ਗਏ, ਉਸ ਵੇਲੇ ਅਮਰਦਾਸ ਜੀ ਗੁਰੂ ਬਨਣ ਤੋਂ ਪਹਿਲਾਂ ਬਾਸਰਕੇ ਰਹਿੰਦੇ ਸਨ। ਇਹ ਜੇਠਾ ਜੀ ਤੋਂ ਵੱਡੇ ਸਨ। ਇਸ ਲਈ ਬੀਬੀ ਭਾਨੀ ਦੇ ਵਿਆਹ ਤੋਂ ਪਹਿਲਾਂ ਗੁਰੂ ਸਾਹਿਬ ਜੇਠਾ ਜੀ ਨੂੰ ਤੇ ਉਨ੍ਹਾਂ ਦੇ ਮਾਤਾ ਜੀ ਨੂੰ ਜਾਣਦੇ ਸਨ। ਇਸ ਲਈ ਇਹ ਰਵਾਇਤ ਠੀਕ ਨਹੀਂ ਜਾਪਦੀ ਕਿ ਗੁਰੂ ਸਾਹਿਬ ਨੇ ਜੇਠਾ ਜੀ ਨੂੰ ਪਹਿਲੀ ਵਾਰੀ ਬਉਲੀ ਸਾਹਿਬ ਦੀ ਸੇਵਾ ਕਰਦੇ ਵੇਖਿਆ ਤੇ ਮਾਤਾ ਜੀ ਦੇ ਕਹਿਣ ਤੇ ਕਿ ਬੀਬੀ ਭਾਨੀ ਲਈ ਰਿਸ਼ਤਾ ਕਰਨਾ ਮੰਨ ਗਏ। ਬਾਸਰਕੇ ਰਹਿੰਦਿਆਂ ਗੁਰੂ ਸਾਹਿਬ ਇਸ ਨੌਜਵਾਨ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਸ ਲਈ ਉਨ੍ਹਾਂ ਆਪਣੀ ਬਚੀ ਭਾਨੀ ਦਾ ਰਿਸ਼ਤਾ ਜੇਠਾ ਜੀ ਨਾਲ ਕਰ ਦਿੱਤਾ।

ਸ਼ਾਦੀ ਤੋਂ ਪਿਛੋਂ ਜੇਠਾ ਜੀ ਗੋਇੰਦਵਾਲ ਹੀ ਰਹੇ ਅਤੇ ਗੁਰੂ ਅਮਰਦਾਸ ਜੀ ਦੇ ਨਾਲ ਧਾਰਮਕ ਕੰਮਾਂ ਵਿਚ ਹਿੱਸਾ ਲੈਂਦੇ ਰਹੇ। ਇਕ ਵਾਰੀ ਗੁਰੂ ਅਮਰਦਾਸ ਜੀ ਧਰਮ ਪਰਚਾਰ ਕਰਨ ਲਈ ਤੀਰਥ ਯਾਤਰਾ ਤੇ ਗਏ। ਉਸ ਸਮੇਂ ਜੇਠਾ ਜੀ ਵੀ ਨਾਲ ਗਏ। ਤੀਰਥ ਯਾਤਰਾ ਦਾ ਹਾਲ ਜੇਠਾ ਜੀ ਨੇ ਗੁਰੂ ਬਨਣ ਪਿਛੋਂ ਇਕ ਸ਼ਬਦ ਵਿਚ ਅੰਕਤ ਕੀਤਾ ਸੀ ਜੋ ਇਸ ਤਰ੍ਹਾਂ ਹੈ :—

> ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ
> ਦੁਰਮਤ ਮੈਲੁ ਹਰੀ ਅਗਿਆਨ ਅੰਧੇਰੁ ਗਇਆ
> ਗੁਰ ਦਰਸ ਪਾਇਆ ਅਗਿਆਨ ਗਵਾਇਆ ਅੰਤਰ ਜੋਤ ਪ੍ਰਗਾਸੀ
> ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭ ਅਬਿਨਾਸੀ

---

1. ਤਵਾਰੀਖ-ਇ-ਗੁਰੂ ਖਾਲਸਾ, ਭਾਸ਼ਾ ਵਿਭਾਗ, 1970, ਪੰਨਾ 340

Digitized by Panjab Digital Library | www.panjabdigilib.org

ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸ ਭਇਆ ।੧।

... ... ...

... ... ...
ਪ੍ਰਥਮ ਆਏ ਕੁਲ ਖੇਤਿ ਗੁਰ ਸਤਿਗੁਰ ਪੁਰਬੁ ਹੋਆ

... ... ...
ਜੋਗੀ ਦਿੱਗਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸ਼ਟਿ ਢੋਆ
ਪ੍ਰਥਮ ਆਏ ਕੁਲ ਖੇਤਿ ਗੁਰੂ ਸਤਿਗੁਰ ਪੁਰਬੁ ਹੋਆ ।੩।
ਦੁਤੀਆ ਜਮਨ ਗਏ ਗੁਰ ਹਰਿ ਹਰਿ ਜਪਨੁ ਕੀਆ
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ

... ... ...
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤ ਭਇਆ
ਸਭ ਮੋਹੀ ਦੇਖ ਦਰਸ਼ਨ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ।
ਆਢੁ ਦਾਮੁ ਕਿਛ ਪਾਇਆ ਨ ਬੋਲਕ ਜਾਗਾਤੀ ਮੋਹਣ ਮੁੰਦਣਿ ਮਈ
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗ ਸਤਿਗੁਰ ਪਿਛੈ ਪਈ ।

.... ... ...
ਮਿਲ ਆਏ ਨਗਰ ਮਹਾਜਨ ਗੁਰ ਸਤਿਗੁਰ ਓਟ ਗਹੀ ।।੬।।

(ਤੁਖਾਰੀ ਮਹਲਾ 4–ਗੁਰੂ ਗ੍ਰੰਥ ਸਾਹਿਬ ਪੰਨਾ 1116–7)

ਗੁਰੂ ਬਨਣ ਤੋਂ ਪਿਛੋਂ ਗੁਰੂ ਅਮਰਦਾਸ ਜੀ ਦਾ ਤੀਰਥਾਂ ਤੇ ਜਾਣ ਦੇ ਮਨੋਰਥ ਨੂੰ ਗੁਰੂ ਰਾਮ ਦਾਸ ਜੀ ਨੇ ਬਹੁਤ ਸਪਸ਼ਟ ਕਰ ਕੇ ਲਿਖਿਆ ਹੈ । "ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥ ' ਭਾਵ ਗੁਰੂ ਜੀ ਨੇ ਤੀਰਥਾਂ ਉਤੇ ਜਾਣ ਦੀ ਖੇਚਲ ਲੋਕਾਂ ਦੇ ਉਧਾਰ ਲਈ ਭਾਵ ਕੇਵਲ ਧਰਮ ਪਰਚਾਰ ਲਈ ਕੀਤੀ । ਮੈਕਾਲਿਫ ਨੇ ਲਿਖਿਆ ਹੈ ਕਿ ਗੁਰੂ ਅਮਰਦਾਸ ਜੀ ਨੇ ਅਕਬਰ ਬਾਦਸ਼ਾਹ ਦੇ ਕਹਿਣ ਤੇ ਹਿੰਦੂਆਂ ਨੂੰ ਪ੍ਰਸੰਨ ਕਰਨ ਲਈ ਤੀਰਥ ਯਾਤਰਾ ਦਾ ਉਦਮ ਕੀਤਾ ।[1] ਗੁਰੂ ਰਾਮ ਦਾਸ ਜੀ ਨੇ ਇਸ ਸ਼ਬਦ ਵਿਚ ਗੁਰੂ ਅਮਰ ਦਾਸ ਜੀ ਦੇ ਮਨੋਰਥ ਨੂੰ ਸਪਸ਼ਟ ਕੀਤਾ ਹੈ ।

ਇਤਿਹਾਸਕ ਤੌਰ ਤੇ ਇਹ ਸ਼ਬਦ ਇਕ ਹੋਰ ਪੱਖ ਨੂੰ ਵੀ ਸਾਡੇ ਸਾਮ੍ਹਣੇ ਲਿਆਉਂਦਾ ਹੈ । ਉਨ੍ਹੀ ਦਿਨੀਂ ਸਰਕਾਰ ਵਲੋਂ ਹਿੰਦੂ ਯਾਤਰੂਆਂ ਪਾਸੋਂ ਯਾਤਰੂ-ਕਰ ਲਿਆ ਜਾਂਦਾ ਸੀ । ਪਰ ਇਸ ਸ਼ਬਦ ਤੋਂ ਇਉਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਯਾਤਰੂ ਟੈਕਸ ਕੋਈ ਨਹੀਂ ਦਿੱਤਾ । ਗੁਰੂ ਸਾਹਿਬ ਤੋਂ ਕੋਈ ਮਸੂਲ ਨ ਲਇਆ ਗਿਆ :— "ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੇ ਆਢੁ ਨਾ ਦਾਮੁ ਲਇਆ ।" ਇਸ ਤੋਂ ਦੋ ਗੱਲਾਂ ਸਪਸ਼ਟ ਹੁੰਦੀਆਂ ਹਨ : ਹੋ ਸਕਦਾ ਹੈ ਕਿ ਗੁਰੂ ਸਾਹਿਬ ਵੇਲੇ ਯਾਤਰਾ ਟੈਕਸ ਨ ਲਿਆ ਜਾਂਦਾ ਹੋਵੇ; ਦੂਸਰਾ

1. ਦੀ ਸਿਖ ਰਿਲਜ਼ਨ, ਐਮ. ਏ. ਮੈਕਾਲਿਫ ਜਿਲਦ ਦੂਜੀ, ਐਸ ਚਾਂਦ ਐਂਡ ਕੰਪਨੀ ਪੰਨਾ 109 ।

Digitized by Panjab Digital Library | www.panjabdigilib.org

ਇਹ ਸ਼ਾਇਦ ਸਰਕਾਰ ਵਲੋਂ ਹਦਾਇਤਾਂ ਹੋਣ ਤੇ ਕਿ ਗੁਰੂ ਸਾਹਿਬ ਤੋਂ ਯਾਤਰਾ ਟੈਕਸ ਨਾ ਲਿਆ ਗਿਆ ਹੋਵੇ ।

ਇਹ ਸ਼ਬਦ ਗੁਰੂ ਅਮਰ ਦਾਸ ਜੀ ਦੇ ਤੀਰਥ ਯਾਤਰਾ ਜਾਣ ਦਾ ਰਸਤਾ ਦਸਦਾ ਹੈ । ਪਹਿਲਾਂ ਆਪ ਕੁਰੁਕਸ਼ੇਤਰ ਗਏ ਤੇ ਫੇਰ ਜਮਨਾ ਪਾਰ ਕੀਤੀ ਅਤੇ ਫੇਰ ਗੰਗਾ ਜੀ ਗਏ । ਭਾਵੇਂ ਹਰਦੁਆਰ ਜਾਂ ਮਾਇਆਪੁਰ ਦਾ ਨਾਂ ਨਹੀਂ ਦਿੱਤਾ ਹੈ ਪਰ ਗੁਰੂ ਅਮਰ ਦਾਸ ਜੀ ਦਾ ਹਰਦੁਆਰ ਜਾਣਾ ਮੰਨਿਆ ਜਾਂਦਾ ਹੈ । ਹਰਦੁਆਰ ਕੰਖਲ ਗੁਰੂ ਅਮਰਦਾਸ ਜੀ ਦਾ ਪ੍ਰਸਿੱਧ ਇਤਿਹਾਸਕ ਗੁਰਦਵਾਰਾ ਹੈ ।

ਗੁਰੂ ਅਮਰਦਾਸ ਜੀ ਦੇ 1574 ਈਸਵੀ ਵਿੱਚ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਗੁਰੂ ਰਾਮ ਦਾਸ ਜੀ ਗੁਰ ਗੱਦੀ ਤੇ ਬੈਠੇ ।

ਕਹਿੰਦੇ ਹਨ ਕਿ ਇਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਇਆ ਤੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤੇ ਲੰਗਰ ਲਈ ਗੁਰੂ ਜੀ ਨੂੰ ਜਾਗੀਰ ਦੇਣੀ ਚਾਹੀ । ਪਰ ਗੁਰੂ ਅਮਰਦਾਸ ਜੀ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਫੇਰ ਉਸ ਨੇ ਬੀਬੀ ਭਾਨੀ ਦੇ ਨਾਮ ਕੁਝ ਪਿੰਡ ਲਵਾ ਦਿੱਤੇ ਤੇ ਜਦੋਂ ਗੁਰੂ ਰਾਮਦਾਸ ਜੀ ਗੁਰੂ ਬਣੇ ਤਾਂ ਉਨ੍ਹਾਂ ਨੇ ਉਨ੍ਹਾਂ ਪਿੰਡਾਂ ਵਿੱਚ ਚੱਕ ਰਾਮਦਾਸ ਭਾਵ ਅੰਮ੍ਰਿਤਸਰ ਆਬਾਦ ਕੀਤਾ । 'ਇੰਪੀਅਰਲ ਗਜ਼ੇਟੀਅਰ ਆਫ਼ ਇੰਡੀਆ' ਵਿੱਚ ਇਹ ਲਿਖਿਆ ਮਿਲਦਾ ਹੈ ਕਿ ਗੁਰੂ ਰਾਮ ਦਾਸ ਨੇ 700 ਰੁਪਿਆ ਅਕਬਰੀ ਤੁੰਗ ਪਿੰਡ ਦੇ ਜਿਮੀਦਾਰਾਂ ਨੂੰ ਦੇ ਕੇ ਜ਼ਮੀਨ ਖਰੀਦੀ ਤੇ ਅੰਮ੍ਰਿਤਸਰ ਆਬਾਦ ਕੀਤਾ । ਗੁਰੂ ਰਾਮਦਾਸ ਜੀ ਨੇ ਤੁੰਗ ਤੇ ਸੁਲਤਾਨਪੁਰ ਪਿੰਡਾਂ ਦੇ ਕੋਲ ਇਕ ਜੰਗਲ ਵਿੱਚ ਇਕ ਛਪੜ ਦੇ ਕੋਲ ਕਰਕੇ ਆਪਣਾ ਘਰ ਬਣਾ ਲਿਆ ਤੇ ਸਿੱਖਾਂ ਨੂੰ ਉਥੇ ਰਹਿਣ ਦੀ ਪਰੇਰਨਾ ਕੀਤੀ । ਜਿਥੇ ਗੁਰੂ ਸਾਹਿਬ ਨੇ ਆਪਣਾ ਘਰ ਬਣਾਇਆ ਸੀ ਉਹ ਅਸਥਾਨ ਗੁਰੂ ਬਾਜ਼ਾਰ ਦੇ ਕੋਲ ਹੈ ਤੇ ਉਥੇ ਅਜ ਕਲ ਗੁਰਦਵਾਰਾ 'ਗੁਰੂ ਕੇ ਮਹਿਲ' ਹੈ । ਹੌਲੀ ਹੌਲੀ ਉਥੇ ਪਿੰਡ ਵੱਸਣਾ ਆਰੰਭ ਹੋ ਗਿਆ । ਗੁਰੂ ਜੀ ਨੇ ਉਸ ਛਪੜ ਦੀ ਥਾਂ ਤੇ ਇਕ ਤਲਾ ਬਨਾਉਣ ਦੀ ਯੋਜਨਾ ਬਣਾਈ । ਮੈਕਾਲਿਫ ਸਾਹਿਬ ਨੇ ਲਿਖਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਕੇਵਲ ਸ਼ਹਿਰ ਦੀ ਨੀਂਹ ਹੀ ਰਖੀ ਤੇ ਸਰੋਵਰ ਦੀ ਖੁਦਾਈ ਆਰੰਭ ਹੀ ਕੀਤੀ ਸੀ ਕਿ ਗੁਰੂ ਰਾਮਦਾਸ ਜੀ ਜੋਤੀ-ਜੋਤ ਸਮਾ ਗਏ ।[1] ਪਰ ਇਹ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਗੁਰੂ ਜੀ ਦੇ ਸਮਕਾਲੀ ਭਾਈ ਗੁਰਦਾਸ ਜੀ ਲਿਖਦੇ ਹਨ :—

ਪੂਰਨ ਤਾਲ ਖੁਦਾਇਆ ਅੰਮ੍ਰਿਤਸਰ ਵਿੱਚ ਜੋਤ ਜਗਾਵੈ

ਜਿਸ ਤੋਂ ਸਪਸ਼ਟ ਹੈ ਕਿ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਸੇਵਾ ਮੁਕੰਮਲ ਕਰ ਲਈ ਸੀ । ਛੇਤੀ ਹੀ ਲੋਕਾਂ ਨੇ ਇਸ ਪਿੰਡ ਨੂੰ ਰਾਮਦਾਸਪੁਰਾ ਕਹਿਣਾ ਆਰੰਭ ਕਰ ਦਿੱਤਾ ।

ਅੰਮ੍ਰਿਤਸਰ ਨੂੰ ਆਬਾਦ ਕਰਨ ਨਾਲ ਗੁਰੂ ਰਾਮਦਾਸ ਨੇ ਸਿੱਖਾਂ ਲਈ ਇਕ ਕੇਂਦਰੀ ਤੀਰਥ ਅਸਥਾਨ ਬਣਾ ਦਿੱਤਾ ਜੋ ਭਵਿਖਤ ਵਿੱਚ ਸਿੱਖਾਂ ਦੀ ਉੱਨਤੀ ਦਾ ਕਾਰਨ ਬਣਿਆ । ਅੰਮ੍ਰਿਤਸਰ ਦੇ ਇਲਾਕੇ ਵਿੱਚ ਸਿੱਖੀ ਪਰਚਾਰ ਲਈ ਇਹ ਚੋਣ ਬੜੀ ਸੁਚੱਜੀ ਤੇ ਆਦਰਸ਼ਕ ਸਾਬਤ ਹੋਈ । ਇਸ ਇਲਾਕੇ ਦੇ ਨੌਜਵਾਨਾਂ ਨੇ ਵਿਸ਼ੇਸ਼ ਕਰਕੇ ਨਾਦਰਸ਼ਾਹ ਵਰਗੇ ਜਾਬਰਾਂ ਨੂੰ ਵੰਗਾਰਿਆ ਤੇ ਸਿੱਖ ਰਾਜ ਦੀ ਸਥਾਪਣਾ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ।

---

1. ਉਕਤ I, ਪੰਨਾ 276

Digitized by Panjab Digital Library | www.panjabdigilib.org

## ਗੁਰੂ ਰਾਮ ਦਾਸ ਜੀ ਦੀ ਸਾਹਿਤਕ ਦੇਣ

ਜਿਥੇ ਗੁਰੂ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਸੇਵਾ ਕੀਤੀ, ਉਥੇ ਆਪ ਨੇ ਸਾਹਿਤਕ ਖੇਤਰ ਵਿੱਚ ਵੀ ਨਰੋਈਆਂ ਲੀਹਾਂ ਪਾਈਆਂ। ਆਪ ਇਕ ਅਦੁਤੀ ਲਿਖਾਰੀ ਸਨ। ਆਪ ਨੇ ਜਪੁਜੀ ਸਾਹਿਬ ਆਪਣੇ ਕੋਲ ਲਿਖ ਕੇ ਰਖਿਆ ਸੀ। ਇਸ ਗੁਟਕੇ ਤੋਂ ਹੀ ਫੇਰ ਗੁਰੂ ਅਰਜਨ ਸਾਹਿਬ ਨੇ ਜਪੁਜੀ ਦਾ ਪਾਠ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤਾ। ਇਸੇ ਕਰਕੇ ਪੁਰਾਣੀਆਂ ਹੱਥ ਲਿਖਤੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿੱਚ "ਜਪੁ ਨੀਸਾਨ ਗੁਰੂ ਰਾਮ ਦਾਸ" ਲਿਖਿਆ ਮਿਲਦਾ ਹੈ।

ਗੁਰੂ ਅੰਗਦ ਸਾਹਿਬ ਜੀ ਦੀ ਰਚੀ ਬਾਣੀ ਦਾ ਟਾਕਰਾ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਨਾਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਰਚਨਾ ਗੁਰੂ ਅੰਗਦ ਸਾਹਿਬ ਕੋਲ ਮੌਜੂਦ ਸੀ। ਗੁਰੂ ਨਾਨਕ ਦੀ ਬਾਣੀ ਗੁਰੂ ਅੰਗਦ ਨੂੰ ਮਿਲਣ ਦੀ ਪੁਸ਼ਟੀ ਆਸਾ ਜੀ ਦੀ ਵਾਰ ਵਿੱਚ ਦਿੱਤੇ ਗੁਰੂ ਅੰਗਦ ਜੀ ਦੇ ਸਲੋਕਾਂ ਤੋਂ ਹੁੰਦੀ ਹੈ। ਪਉੜੀਆਂ ਗੁਰੂ ਨਾਨਕ ਸਾਹਿਬ ਦੀਆਂ ਹਨ ਤੇ ਕਿਧਰੇ ਕਿਧਰੇ ਸਲੋਕ ਗੁਰੂ ਅੰਗਦ ਜੀ ਦੇ ਹਨ ਜੋ ਪਉੜੀਆਂ ਦਾ ਭਾਵ ਹੀ ਦਰਸਾਉਂਦੇ ਹਨ। ਜਿਵੇਂ ਕਿ ਆਸਾ ਦੀ ਵਾਰ ਵਿੱਚ ਬਾਈਵੀਂ ਪਉੜੀ ਤੇ ਸਲੋਕ ਹੈ:—

ਸਲੋਕ ਮਹਲਾ ੨.

ਚਾਕਰ ਲੱਗੇ ਚਾਕਰੀ ਨਾਲੇ ਗਾਰਬੁ ਵਾਦੁ।
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ।
ਆਪ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ।
ਨਾਨਕੁ ਜਿਸ ਨੋ ਲਗਾ ਤਿਸੁ ਮਿਲੇ ਲੱਗਾ ਸੋ ਪਰਵਾਨੁ।

ਇਸੇ ਸਲੋਕ ਦੇ ਨਾਲ ਅਗੇ ਪਉੜੀ ਗੁਰੂ ਨਾਨਕ ਸਾਹਿਬ ਦੀ ਹੈ:—

ਚਾਕਰੁ ਲੱਗੇ ਚਾਕਰੀ ਜੋ ਚਲੇ ਖਸਮੈ ਭਾਇ।
ਹੁਰਮਤਿ ਤਿਸਨੋ ਅਗਲੀ ਉਹ ਵਜਹੁ ਭਿ ਦੂਣਾ ਖਾਇ।
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰ ਪਾਇ।
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ।
ਜਿਸਦਾ ਦਿੱਤਾ ਖਾਵਣਾ ਤਿਸੁ ਕਹੀਐ ਸਾਬਾਸਿ।
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।

ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਨੂੰ ਗੁਰੂ ਅਮਰ ਦਾਸ ਜੀ ਦੀ ਰਚੀ ਬਾਣੀ ਨਾਲ ਵੀਚਾਰੀਏ ਤਾਂ ਪਤਾ ਲੱਗੇਗਾ ਕਿ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਰਾਗਾਂ ਵਿੱਚ ਹੀ ਬਾਣੀ ਰਚੀ ਜਿਨ੍ਹਾਂ ਵਿੱਚ ਕਿ ਗੁਰੂ ਨਾਨਕ ਸਾਹਿਬ ਨੇ ਰਚੀ ਸੀ। ਗੁਰੂ ਅਮਰਦਾਸ ਜੀ ਦੀ ਰਚੀ ਬਾਣੀ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਨਾਲ ਏਨੀ ਮਿਲਦੀ ਹੈ ਕਿ ਪਾਠਕ ਨੂੰ ਨਿਸਚੇ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਗੁਰੂ ਅਮਰਦਾਸ ਕੋਲ ਮੌਜੂਦ ਸੀ। ਬਹੁਤ ਸਾਰੇ ਥਾਵਾਂ ਤੋਂ ਬਾਣੀ ਦੇ ਸਿਰਲੇਖ ਵੀ ਮਿਲਦੇ ਹਨ ਜਿਵੇਂ ਕਿ "ਆਸਾ ਪੱਟੀ ਮਹਲਾ ੧" ਅਤੇ "ਆਸਾ ਪਟੀ ਮਹੱਲਾ ੩" ਅਲਾਹਣੀਆਂ ਮਹਲਾ ੧" "ਅਲਾਹਣੀਆਂ

Digitized by Panjab Digital Library | www.panjabdigilib.org

ਮਹਲਾ ੩'' ਇਸੇ ਇਕੋ ਰਾਗ ਵਿਚ ਗੁਰੂ ਨਾਨਕ ਸਾਹਿਬ ਦੇ ਸ਼ਬਦ (ਚੌਪਦੇ ਅਸ਼ਟਪਦੀਆਂ ਆਦਿ) ਗੁਰੂ ਅਮਰਦਾਸ ਜੀ ਦੇ ਸ਼ਬਦਾਂ ਨਾਲ ਅਗੇ ਅਤੇ ਪਿਛੇ ਆਉਂਦੇ ਹਨ ।

ਉਪਰੋਕਤ ਪੱਖ ਤੋਂ ਵੇਖਿਆਂ ਗੁਰੂ ਰਾਮ ਦਾਸ ਜੀ ਦੀ ਬਾਣੀ ਬਿਲਕੁਲ ਵਖਰੀ ਅਤੇ ਨਿਵੇਕਲੀ ਜਾਪਦੀ ਹੈ । ਗੁਰੂ ਅਮਰਦਾਸ ਜੀ ਤਕ ਕੇਵਲ ਉੱਨੀ ਰਾਗਾਂ ਵਿਚ ਬਾਣੀ ਰਚੀ ਗਈ ਸੀ । ਪਰ ਗੁਰੂ ਰਾਮ ਦਾਸ ਜੀ ਨੇ ਬਾਰਾਂ ਰਾਗ ਨਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਲਿਆਂਦੇ । ਉਹ ਇਹ ਰਾਗ ਸਨ : ਦੇਵ-ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ-ਨਰਾਇਣ, ਮਾਲੀ ਗਉੜ, ਕੇਦਾਰਾ, ਕਾਨੜਾ ਅਤੇ ਕਲਿਆਣ । ਆਪ ਨੇ 30 ਰਾਗਾਂ ਵਿਚ ਰਚਨਾ ਕੀਤੀ ਹੈ । ਲਗਭਗ ਗੁਰੂ ਗ੍ਰੰਥ ਸਾਹਿਬ ਦੇ ਹਰ ਕਾਵਿ ਰੂਪ ਵਿਚ ਰਚਨਾ ਕੀਤੀ ਹੈ । ਆਪ ਨੇ 246 ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚੌਪਦੇ ਅਤੇ ਪੰਜ ਪਦੇ ਵਿਸ਼ੇਸ਼ ਹਨ । ਆਪ ਨੇ 31 ਅਸ਼ਟਪਦੀਆਂ ਲਿਖੀਆਂ, ਲੋਕ ਕਾਵਿ ਰੂਪਾਂ ਵਿਚ ਆਪ ਨੇ ਪਹਿਰੇ, ਵਣਜਾਰਾ, ਕਰਹਲੇ ਅਤੇ ਘੋੜੀਆਂ ਦੇ ਕਾਵਿ ਰੂਪ ਅਪਣਾਏ ਹਨ । ਛੰਤ ਵੀ ਇਕ ਲੋਕ—ਕਾਵਿ ਰੂਪ ਹੈ, ਆਪ ਨੇ 32 ਛੰਤ ਰਚੇ ਹਨ । ਸਲੋਕ ਪੁਰਾਤਨ ਕਾਵਿ ਰੂਪ ਹੈ । ਪਰ ਸਲੋਕ ਦੇ ਕਈ ਰੂਪਾਂ ਵਿਚ ਗੁਰੂ ਰਾਮ ਦਾਸ ਜੀ ਨੇ 138 ਸਲੋਕ ਲਿਖੇ ਹਨ ਪਰ ਪ੍ਰਮੁਖ ਤੌਰ ਤੇ ਆਪ ਵਾਰਾਂ ਦੇ ਕਵੀ ਹਨ, ਗੁਰੂ ਗ੍ਰੰਥ ਸਾਹਿਬ ਵਿਚ ਹੋਰ ਸਾਰੇ ਅਰਸ਼ੀ ਕਵੀਆਂ ਮਿਲ ਕੇ 14 ਵਾਰਾਂ ਲਿਖੀਆਂ ਹਨ । ਅਤੇ ਇਨ੍ਹਾਂ ਵਿਚ ਸਤੇ ਬਲਵੰਡੇ ਦੀ ਵਾਰ ਸ਼ਾਮਲ ਹੈ । ਗੁਰੂ ਰਾਮ ਦਾਸ ਜੀ ਨੇ ਇਕਲਿਆਂ ਅੱਠ ਵਾਰਾਂ ਲਿਖੀਆਂ ਹਨ । ਇਨ੍ਹਾਂ ਅੱਠਾਂ ਵਾਰਾਂ ਵਿਚ 183 ਪਉੜੀਆਂ ਹਨ ।[1]

ਆਪ ਜੀ ਦੀ ਬਾਣੀ ਬਹੁਤ ਬੈਰਾਗ-ਮਈ ਹੈ ਤੇ ਲਾਈਨਾਂ ਲੰਮੇਰੀਆਂ ਹਨ ਜਿਵੇਂ

ਪਿਰ ਰਤਿਅੜੇ ਮੈਂਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ

(ਗੁਰੂ ਗ੍ਰੰਥ ਪੰਨਾ 452)

ਗੁਰੂ ਰਾਮ ਦਾਸ ਜੀ ਦੇ ਤਿੰਨ ਸਾਹਿਬਜਾਦੇ ਸਨ : ਪ੍ਰਿਥੀਚੰਦ, ਮਹਾਂਦੇਵ ਅਤੇ ਗੁਰੂ ਅਰਜਨ । ਮਿਹਰਬਾਨ ਜੀ ਦੇ ਪਿਤਾ ਪ੍ਰਿਥੀ ਚੰਦ ਸਭ ਤੋਂ ਵਡੇ ਸਨ ਪਰ ਆਪ ਦਾ ਸੁਭਾ ਆਪਣੇ ਪਿਤਾ ਦੇ ਸੁਭਾ ਤੋਂ ਬਿਲਕੁਲ ਉਲਟ ਸੀ । ਜਿਥੇ ਪਿਤਾ ਸ਼ਾਂਤੀ ਦੇ ਪੁੰਜ, ਸਬਰ ਅਤੇ ਸੰਤੋਖ ਦੀਆਂ ਅਤੁਟ ਦਾਤਾਂ ਦੇ ਮਾਲਕ ਸਨ ਉਥੇ ਉਨਾਂ ਦੇ ਵਡੇ ਸਾਹਿਬਜਾਦੇ ਕਈ ਵਾਰੀ ਲੋਭ ਅਤੇ ਲਾਲਚ ਵਿਚ ਆ ਕੇ ਆਪਣੇ ਪਿਤਾ ਨਾਲ ਝਗੜਾ ਵੀ ਕਰ ਬੈਠਦੇ ਸਨ । ਗੁਰੂ ਰਾਮ ਦਾਸ ਜੀ ਦਾ ਇਹ ਸ਼ਬਦ ਇਸ ਗਲ ਦੀ ਗਵਾਹੀ ਦੇਂਦਾ ਹੈ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ।
ਜਿਸੁ ਧਨ ਕਾ ਤੁਮ ਗਰਬ ਕਰਤ ਹਉ ਸੋ ਧਨੁ ਕਿਸਹਿ ਨ ਆਪ
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ।

(ਸਾਰੰਗ ਮਹਿਲ ੪ ਗੁਰੂ ਗ੍ਰੰਥ ਪੰਨਾ 1200)

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ: ਤਾਰਨ ਸਿੰਘ, ਅੰਮ੍ਰਿਤਸਰ, 1963, ਪੰਨਾ 363 ।

Digitized by Panjab Digital Library | www.panjabdigilib.org

ਗੁਰੂ ਰਾਮ ਦਾਸ ਜੀ ਦਾ ਦੂਜਾ ਸਾਹਿਬਜ਼ਾਦਾ ਮਹਾਂਦੇਵ ਸੀ, ਜੋ ਸਦਾ ਉਪਰਾਮ ਰਹਿੰਦਾ ਸੀ। ਜਿਥੇ ਪ੍ਰਿਥੀ ਚੰਦ ਦੁਨਿਆਦਾਰੀ ਵਿਚ ਖਚਿਤ ਸਨ ਉਥੇ ਮਹਾਂਦੇਵ ਦੁਨੀਆਂ ਤੋਂ ਉਪਰਾਮ ਸੀ। ਇਹ ਦੋਵੇਂ ਰੁਚੀਆਂ ਗੁਰਮਤ ਦੇ ਅਨੁਕੂਲ ਨਹੀਂ ਸਨ ਕਿਉਂਕਿ ਗੁਰੂ ਘਰ ਦਾ ਆਸ਼ਾ "ਪਰਵਿਰਤੀ ਵਿਚ ਨਿਰਵਿਰਤੀ", "ਜਲ ਵਿਚ ਕੰਵਲ ਨਿਰਾਲਮ" ਦੇ ਆਦਰਸ਼ ਵਾਲਾ ਸੀ।

## ਗੁਰੂ ਅਰਜਨ ਸਾਹਿਬ ਦੀ ਇਤਿਹਾਸਕ ਦੇਣ

ਗੁਰੂ ਰਾਮ ਦਾਸ ਜੀ ਦੇ ਸਭ ਤੋਂ ਛੋਟੇ ਸਾਰਿਬਜ਼ਾਦੇ ਅਰਜਨ ਮਲ ਸਿਖਾਂ ਦੇ ਪੰਜਵੇਂ ਗੁਰੂ ਬਣੇ। ਆਪ ਮਿਹਰਬਾਨ ਜੀ ਦੇ ਚਾਚਾ ਜੀ ਸਨ। ਆਪ ਦਾ ਜਨਮ 1563 ਈਸਵੀ ਵਿਚ ਹੋਇਆ ਅਤੇ 43 ਸਾਲ ਦੀ ਅਵਸਥਾ ਵਿਚ 1606 ਵਿਚ ਜੋਤੀ-ਜੋਤ ਸਮਾਏ। ਆਪ ਦਾ ਸਮਾਂ ਸਿਖ ਇਤਿਹਾਸ ਵਿਚ ਬਹੁਤ ਮਹਾਨਤਾ ਤੇ ਵਿਸ਼ੇਸ਼ਤਾ ਵਾਲਾ ਸਮਾਂ ਹੈ। ਆਪ ਨੇ ਪੰਝੀ ਸਾਲ ਸਿਖਾਂ ਦੀ ਅਗਵਾਈ ਕੀਤੀ ਤੇ ਬਹੁਤ ਮਹਾਨ ਕੰਮ ਕੀਤੇ। ਮਿਹਰਬਾਨ ਜੀ ਦਾ ਆਪ ਦੀਆਂ ਪ੍ਰਾਪਤੀਆਂ ਤੋਂ ਪ੍ਰਭਾਵਤ ਹੋਣਾ ਕੁਦਰਤੀ ਗੱਲ ਸੀ।

ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਵਿਚ ਦਰਬਾਰ ਸਾਹਿਬ ਸਥਾਪਤ ਕੀਤਾ। ਕਹਿੰਦੇ ਹਨ ਕਿ ਦਰਬਾਰ ਸਾਹਿਬ ਦੀ ਨੀਂਹ-ਪੱਥਰ ਰੱਖਣ ਲਈ ਗੁਰੂ ਅਰਜਨ ਸਾਹਿਬ ਨੇ ਹਜ਼ਰਤ ਮੀਆਂ ਮੀਰ ਨੂੰ ਸਦਿਆ ਤੇ ਮੀਆਂ ਮੀਰ ਨੇ ਲਾਹੌਰ ਤੋਂ ਆਕੇ ਸਿਖਾਂ ਦੇ ਸਭ ਤੋਂ ਪਵਿਤਰ ਅਸਥਾਨ ਦਾ ਨੀਂਹ ਪੱਥਰ ਰਖਿਆ। ਗੁਰੂ ਸਾਹਿਬ ਨੇ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਪਾਸੇ ਰਖੇ ਜਿਸ ਦਾ ਭਾਵ ਸੀ ਚਾਰੋ ਵਰਨਾਂ ਦੇ ਲੋਕ ਉਸ ਵਿਚ ਪਰਵੇਸ਼ ਕਰ ਸਕਦੇ ਹਨ। ਹਿੰਦੂ ਮੰਦਰਾਂ ਵਿਚ ਆਮ ਤੌਰ ਤੇ ਉਚ ਵਰਨਾਂ ਦੇ ਲੋਕ ਹੀ ਜਾ ਸਕਦੇ ਹਨ ਤੇ ਮੁਸਲਮਾਨਾਂ ਦੇ ਪਵਿਤਰ ਅਸਥਾਨ ਤੇ ਜਿਵੇਂ ਕਿ ਮੱਕੇ, ਕੇਵਲ ਮੁਸਲਮਾਨ ਹੀ ਜਾ ਸਕਦੇ ਸਨ ਪਰ ਦਰਬਾਰ ਸਾਹਿਬ ਵਿਚ ਹਰ ਮਤ ਦੇ ਤੇ ਹਰ ਵਰਨ ਦੇ ਲੋਕ ਜਾ ਸਕਦੇ ਸਨ। ਸਿੱਖਾਂ ਦੀ ਉਸਰ ਰਹੀ ਸਮਾਜ ਵਿਚ ਜਾਤ-ਪਾਤ ਤੇ ਛੂਤ–ਛਾਤ ਤੇ ਧਰਮ ਦੇ ਭਿੰਨ ਭੇਦ ਮਿਟਾਏ ਜਾ ਰਹੇ ਸਨ ਤਾਂ ਜੋ ਸਿਖ ਸਮਾਜਕ ਤੇ ਧਾਰਮਕ ਕੁਰੀਤੀਆਂ ਤੋਂ ਉਚੇਰੇ ਰਹਿ ਸਕਣ। ਅਠਾਰਵੀਂ ਸਦੀ ਵਿਚ ਸ੍ਰੀ ਦਰਬਾਰ ਨੂੰ ਦੋ ਵਾਰੀ ਢਾਹ ਦਿੱਤਾ ਗਿਆ ਸੀ। ਇਕ ਵਾਰੀ ਖ਼ਾਨ ਜਹਾਨ ਨੇ 1757 ਈਸਵੀ ਵਿਚ ਢਾਹਿਆ। ਉਸ ਵੇਲੇ ਬਾਬਾ ਦੀਪ ਸਿੰਘ ਜੀ ਇਸ ਦੀ ਪਵਿਤਰਤਾ ਕਾਇਮ ਰਖਣ ਲਈ ਸ਼ਹੀਦ ਹੋਏ। ਦੂਜੀ ਵਾਰੀ ਅਹਿਮਦ ਸ਼ਾਹ ਅਬਦਾਲੀ ਨੇ 1762 ਵਿਚ ਸਿਖਾਂ ਨੂੰ ਨਸ਼ਟ ਕਰਨ ਲਈ ਕੁੱਪ (ਜ਼ਿਲਾ ਲੁਧਿਆਣਾ) ਦੀ ਲੜਾਈ ਪਿਛੋਂ ਇਸ ਨੂੰ ਢਾਹਿਆ। ਦੋਵੇਂ ਵਾਰੀ ਸਿਖਾਂ ਨੇ ਦੂਜੀ ਵਾਰੀ ਬਣਾਇਆ। 1823 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ (1799 – 1839) ਨੇ ਇਸ ਤੇ ਸੋਨਾ ਲਵਾਇਆ ਜਿਸ ਕਰਕੇ ਇਸ ਨੂੰ ਸਵਰਨ ਮੰਦਰ ਕਿਹਾ ਜਾਂਦਾ ਹੈ। ਇਸ ਦੇ ਪਿਛਲੇ ਪਾਸੇ ਵਾਲਾ ਬਰਾਂਡਾ ਜਿਥੇ ਹਰਿ ਕੀ ਪਉੜੀ ਹੈ ਤੇ ਉਸ ਤੇ ਛੱਤ ਜਿਥੇ ਹਰ ਵੇਲੇ ਅਖੰਡ ਪਾਠ ਹੁੰਦਾ ਹੈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਬਣਿਆ। ਦਰਬਾਰ ਸਾਹਿਬ ਅੰਦਰ ਮੋਹਰਾ ਕਸ਼ੀ ਆਪਣੇ ਸਮੇਂ ਦੀ ਕਲਾ ਦਾ ਇਕ ਪ੍ਰਸਿੱਧ ਨਮੂਨਾ ਹੈ।

ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸ਼ਹਿਰ ਨੂੰ ਆਬਾਦ ਕਰਨ ਦਾ ਉਪਰਾਲਾ ਕੀਤਾ। ਬਹੁਤ ਸਾਰੇ ਕਲਾਕਾਰਾਂ ਨੂੰ ਤੇ ਵਪਾਰੀਆਂ ਨੂੰ ਉਨ੍ਹਾਂ ਨਵੇਂ ਵਸ ਰਹੇ ਨਗਰ ਵਿਚ

Digitized by Panjab Digital Library | www.panjabdigilib.org

ਆਉਣ ਲਈ ਪਰੇਰਿਆ । ਗੁਰੂ ਬਾਜ਼ਾਰ ਉਨ੍ਹਾਂ ਦਾ ਵਸਾਇਆ ਹੈ । ਸ਼ਹਿਰ ਦੇ ਪਛਮੀ ਪਾਸੇ ਵੱਲ ਭਾਈ ਸਾਲੋ ਨੇ ਆਬਾਦੀ ਵਸਾਉਣ ਲਈ ਉਚੇਰੇ ਯਤਨ ਕੀਤੇ ਤੇ ਆਪਣਾ ਨਿਵਾਸ ਅਸਥਾਨ ਸਭ ਤੋਂ ਪਹਿਲਾਂ ਉਥੇ ਬਣਾਇਆ । ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਪੂਰਾ ਕਰ ਦਿੱਤਾ ਸੀ ਪਰ ਸੰਤੋਖ ਸਰ ਹਾਲੀ ਪੂਰਾ ਨਹੀਂ ਸੀ ਹੋਇਆ ਸੋ ਗੁਰੂ ਅਰਜਨ ਸਾਹਿਬ ਨੇ ਸੰਤੋਖ-ਸਰ ਨੂੰ ਪੂਰਾ ਕੀਤਾ ।

1590 ਈਸਵੀ ਵਿਚ ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਨਗਰ ਵਸਾਇਆ । ਇਥੇ ਇਕ ਬਹੁਤ ਵਡਾ ਸਰੋਵਰ ਬਣਾਇਆ । ਇਸ ਦੇ ਵਸਾਉਣ ਨਾਲ ਸਿਖ ਧਰਮ ਦੇ ਪਰਚਾਰ ਦਾ ਇਕ ਹੋਰ ਕੇਂਦਰ ਬਣ ਗਿਆ । ਇਸ ਨਾਲ ਸਾਰੇ ਮਾਝੇ ਇਲਾਕੇ ਵਿਚ ਸਿਖੀ ਦਾ ਪਰਚਾਰ ਹੋਇਆ । 1594 ਈਸਵੀ ਵਿਚ ਗੁਰੂ ਸਾਹਿਬ ਨੇ ਜ਼ਿਲਾ ਜਾਲੰਧਰ ਵਿਚ ਕਰਤਾਰਪੁਰ ਨੂੰ ਵਸਾਇਆ ਤੇ 1595 ਈਸਵੀ ਵਿਚ ਹਰਿਗੋਬਿੰਦਪੁਰ ਵਸਾਇਆ ਹੈ ।

1595 ਤੋਂ 1598 ਤਕ ਪੰਜਾਬ ਵਿਚ ਸਖਤ ਕਾਲ ਪਿਆ । ਮੀਂਹ ਨਾ ਵਸਿਆ ਤੇ ਲੋਕਾਂ ਵਿਚ ਬਹੁਤ ਅੰਨ ਸੰਕਟ ਸੀ । ਇਨ੍ਹਾਂ ਸਾਲਾਂ ਵਿਚ ਹੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ ਤੇ ਗੁਰੂ ਸਾਹਿਬ ਨੇ ਛੇਹਰਟਾ ਆਬਾਦ ਕੀਤਾ । ਇਸ ਇਲਾਕੇ ਵਿਚ ਫਿਰ ਕੇ ਗੁਰੂ ਜੀ ਨੇ ਕਿਸਾਨਾਂ ਨੂੰ ਇਕ ਖੂਹ ਤੇ ਦੋ ਦੋ, ਤਿੰਨ ਤਿੰਨ, ਚਾਰ ਚਾਰ ਹਰਟ ਲਾਣ ਦੀ ਪਰੇਰਨਾ ਕੀਤੀ ਤਾਂ ਜੋ ਮੀਂਹ ਦੀ ਘਾਟ ਇਨ੍ਹਾਂ ਖੂਹਾਂ ਤੋਂ ਪੂਰੀ ਕੀਤੀ ਜਾ ਸਕੇ । ਇਸੇ ਕਰਕੇ ਇਸ ਇਲਾਕੇ ਵਿਚ ਹੁਣ ਤਕ ਚੋਹਰਟੇ, ਦੋਹਰਟੇ ਬਹੁਤ ਮਿਲਦੇ ਹਨ ।

'ਆਇਨੇ-ਅਕਬਰੀ' ਵਿਚ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਅਕਬਰ ਬਾਦਸ਼ਾਹ ਨੂੰ ਗੋਇੰਦਵਾਲ ਮਿਲੇ ਤੇ ਉਨ੍ਹਾਂ ਨੇ ਬਾਦਸ਼ਾਹ ਨੂੰ ਕਿਹਾ ਕਾਲ ਪੈਣ ਕਰਕੇ ਇਲਾਕੇ ਦੇ ਲੋਕ ਮਾਲੀਆ ਨਹੀਂ ਦੇ ਸਕਦੇ ਤੇ ਉਨ੍ਹਾਂ ਦੇ ਕਹਿਣ ਤੇ ਅਕਬਰ ਬਾਦਸ਼ਾਹ ਨੇ ਉਸ ਸਾਲ ਲਈ ਮਾਲੀਏ ਦਾ ਕੁਝ ਹਿੱਸਾ ਮੁਆਫ ਕਰ ਦਿੱਤਾ । ਗੁਰੂ ਸਾਹਿਬ ਦੇ ਯਤਨਾਂ ਦਾ ਪ੍ਰਭਾਵ ਬਿਆਸ ਤੇ ਰਾਵੀ ਦੇ ਇਲਾਕੇ ਦੇ ਕਿਸਾਨਾਂ ਤੇ ਬਹੁਤ ਚੰਗਾ ਪਿਆ ਤੇ ਉਨ੍ਹਾਂ ਨੇ ਸਿਖੀ ਧਾਰਨ ਕਰ ਲਈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੂਰ ਦੁਰਾਡੇ ਦੇਸ਼ਾਂ ਤਕ ਗਏ ਸਨ ਤੇ ਦੂਰ ਦੀਆਂ ਸੰਗਤਾਂ ਨਾਲ ਸੰਪਰਕ ਰਖਣ ਲਈ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਸਥਾਪਤ ਕੀਤੀਆਂ ਸਨ । ਗੁਰੂ ਰਾਮਦਾਸ ਜੀ ਨੇ ਮਸੰਦ ਨਿਯੁਕਤ ਕੀਤੇ ਜੋ ਦੂਰ ਦੂਰ ਦੀਆਂ ਸੰਗਤਾਂ ਤੋਂ ਕਾਰ ਭੇਟਾ ਲੈ ਕੇ ਗੁਰੂ ਜੀ ਨੂੰ ਪਹੁੰਚਾਂਦੇ ਸਨ । ਗੁਰੂ ਰਾਮਦਾਸ ਜੀ ਦੇ ਸਮੇਂ ਇਨ੍ਹਾਂ ਮਸੰਦਾਂ ਨੂੰ "ਰਾਮਦਾਸ" ਜਾਂ "ਸੰਗਤੀਏ" ਵੀ ਕਹਿੰਦੇ ਸਨ । ਗੁਰੂ ਅਰਜਨ ਸਾਹਿਬ ਨੇ ਮਸੰਦ ਪ੍ਰਥਾ ਨੂੰ ਪਕੇਰਾ ਕਰਕੇ ਨਵੀਆਂ ਲੀਹਾਂ ਤੇ ਤੋਰਿਆ । ਆਪ ਨੇ ਫ਼ੁਰਮਾਇਆ ਕਿ ਹਰ ਸਿਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਕੇ ਲੰਗਰ ਤੇ ਹੋਰ ਸਾਂਝੇ ਖਰਚਾਂ ਲਈ ਦੇਵੇ । ਸੰਗਤਾਂ ਦੇ ਦਸਵੰਦ ਮਸੰਦ ਦੀਵਾਲੀ ਤੇ ਵਿਸਾਖੀ ਨੂੰ ਲੈ ਕੇ ਗੁਰੂ ਕੇ ਦਰਬਾਰ ਹਾਜ਼ਰ ਹੋਇਆ ਕਰਨ । ਕਈਆਂ ਲਿਖਾਰੀਆਂ ਨੇ ਮਸੰਦ ਪ੍ਰਥਾ ਨੂੰ ਇਕ ਰਾਜ-ਪ੍ਰਬੰਧ ਨਾਲ ਤੁਲਨਾ ਦਿੱਤੀ ਹੈ ਤੇ ਲਿਖਿਆ ਹੈ ਕਿ ਗੁਰੂ ਸਚਾ ਪਾਤਸ਼ਾਹ ਸੀ ਤੇ ਉਸ ਦੇ ਮਸੰਦ ਸੂਬੇਦਾਰ ਸਨ ਜੋ ਸਿਖਾਂ ਤੇ ਕਰ ਉਗਰਾਹ ਕੇ ਗੁਰੂ ਨੂੰ ਪਹੁੰਚਾਂਦੇ ਸਨ । ਪਰ ਇਹ ਤੁਲਨਾ ਠੀਕ ਨਹੀਂ ਜਾਪਦੀ ਕਿਉਂਕਿ ਗੁਰੂ ਅਰਜਨ ਸਾਹਿਬ ਦਾ ਭਾਵ ਕੋਈ ਰਾਜ ਸਥਾਪਤ ਕਰਨ ਦਾ ਨਹੀਂ ਸੀ, ਸਗੋਂ ਸੇਵਾ ਸਿਮਰਨ ਤੇ ਸਮਾਜਕ ਸੁਧਾਰਾਂ ਲਈ ਸਮਾਜ ਦਾ ਪੁਨਰ ਸੰਗਠਨ ਕਰਨਾ ਸੀ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਵਿਸ਼ੇਸ਼ ਕਰਕੇ ਜਹਾਂਗੀਰ ਦੇ ਧਾਰਮਕ ਪੱਖਪਾਤ ਦਾ ਸਿੱਟਾ ਸੀ। ਉਹ ਆਪਣੀ ਜੀਵਨੀ ਵਿਚ ਲਿਖਦਾ ਹੈ :—

'ਕਈ ਭੋਲੇ ਭਾਲੇ ਹਿੰਦੂ, ਤੇ ਕਈ ਬੇਸਮਝ ਮੁਸਲਮਾਨ ਵੀ ਉਸ ਦੇ ਪਰਚਾਰ ਵੱਲ ਖਿਚੇ ਗਏ। ਉਸ ਨੂੰ ਦੁਨਿਆਵੀ ਤੇ ਧਾਰਮਕ ਆਗੂ ਮੰਨਣ ਲਗੇ। ਉਸ ਨੂੰ ਉਹ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਬੇਸਮਝਾਂ ਦੀਆਂ ਭੀੜਾਂ ਉਸ ਵੱਲ ਆਉਂਦੀਆਂ ਸਨ ਤੇ ਬਹੁਤ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਸਨ। ਇਹ ਕੰਮ ਤਿੰਨ ਚਾਰ ਪੁਸ਼ਤਾਂ ਤੋਂ ਚਲ ਰਿਹਾ ਸੀ। ਕਈ ਸਾਲਾਂ ਤੋਂ ਮੇਰੇ ਮਨ ਵਿਚ ਇਹ ਖ਼ਿਆਲ ਆਉਂਦਾ ਰਿਹਾ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਉਸ ਨੂੰ ਮੁਸਲਮਾਨ ਬਣਾ ਲਵਾਂ।"

ਜਹਾਂਗੀਰ ਦੇ ਪੁਤਰ ਖੁਸਰੋ ਦੀ ਬਗਾਵਤ ਵੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਇਕ ਕਾਰਣ ਬਣੀ। ਸਭ ਸਿਖ ਲਿਖਾਰੀ ਗੁਰੂ ਸਾਹਿਬ ਦਾ ਖੁਸਰੋ ਨੂੰ ਲੰਗਰ ਛਕਾਉਣਾ ਮੰਨਦੇ ਹਨ। ਮਹਿਮਾ ਪ੍ਰਕਾਸ਼ (ਕ੍ਰਿਤ ਬਾਵਾ ਸਰੂਪ ਦਾਸ ਭੱਲਾ) ਵਿਚ ਲਿਖਿਆ ਹੈ :—

ਸੋ ਬੜਾ ਦੁਖੀ ਤਾਂ ਪਰ ਭਈ ਆਫ਼ਤ
ਦੇਖ ਦਿਆਲ ਗੁਰ ਕਰੀ ਜਿਆਫਤ
ਤਾਕੋ ਖਾਨ ਪਾਨ ਸਭ ਦੀਆ
ਨਿਜ ਕਰ ਗੁਜਰਾਨ ਕੂਚ ਤਿਨ ਕੀਆ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹਾਲਾਤ ਇਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਦੀ ਸ਼ਹੀਦੀ ਖੁਸਰੋ ਨੂੰ ਸਹਾਇਤਾ ਦੇਣ ਕਰਕੇ ਨਹੀਂ, ਸਗੋਂ ਹੋਰਨਾਂ ਕਾਰਣਾਂ ਕਰਕੇ ਹੋਈ ਹੈ। ਬਾਦਸ਼ਾਹ ਖੁਸਰੋ ਦਾ ਪਿਛਾ ਕਰਦਾ ਹੈ। ਖੁਸਰੋ ਗੋਇੰਦਵਾਲ ਤੇ ਹੋਰ ਸਾਰਾ ਬਿਆਸ ਤੇ ਰਾਵੀ ਦੇ ਵਿਚਕਾਰਲਾ ਇਲਾਕਾ ਲੰਘ ਜਾਂਦਾ ਹੈ ਤੇ ਬਾਦਸ਼ਾਹ ਵੀ ਉਸ ਦਾ ਪਿਛਾ ਕਰਦਾ ਏਧਰੋਂ ਲੰਘਦਾ ਹੈ। ਕਿਸੇ ਨੇ ਗੁਰੂ ਸਾਹਿਬ ਦੀ ਸ਼ਕਾਇਤ ਨਹੀਂ ਕੀਤੀ। ਖੁਸਰੋ ਚਨਾਬ ਦਰਿਆ ਤੋਂ ਪਕੜਿਆ ਜਾਂਦਾ ਹੈ ਉਸ ਨੂੰ ਲਾਹੌਰ ਲਿਆ ਕੇ ਉਸ ਦੇ ਸਾਥੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਖਤਮ ਕਰ ਦਿੱਤਾ ਜਾਂਦਾ ਹੈ। ਖੁਸਰੋ ਦੀ ਬਗਾਵਤ ਦਾ ਕਿੱਸਾ ਖ਼ਤਮ ਹੋ ਗਿਆ ਸੀ ਤੇ ਬਾਦਸ਼ਾਹ ਕਸ਼ਮੀਰ ਜਾਣ ਦੀ ਤਿਆਰੀ ਕਰ ਰਿਹਾ ਸੀ ਜਦੋਂ ਕਿ ਕਿਸੇ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਇਮਦਾਦ ਕੀਤੀ ਹੈ। ਬਾਦਸ਼ਾਹ ਕਸ਼ਮੀਰ ਜਾਂਦਾ ਜਾਂਦਾ ਇਹ ਹੁਕਮ ਦੇ ਗਿਆ ਕਿ ਗੁਰੂ ਅਰਜਨ ਨੂੰ ਸਜ਼ਾ ਦੇ ਕੇ ਮਾਰ ਦਿੱਤਾ ਤੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਏ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿਖਾਂ ਦੀ ਪਹਿਲੀ ਸ਼ਹਾਦਤ ਸੀ ਜਿਸ ਨਾਲ ਸਿੱਖਾਂ ਵਿਚ ਇਕ ਨਵਾਂ ਮੋੜ ਆਇਆ।

## ਗੁਰੂ ਅਰਜਨ ਸਾਹਿਬ ਦੀ ਸਾਹਿਤਕ ਦੇਣ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵਿਸ਼ੇਸ਼ ਪ੍ਰਾਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ। ਗੁਰੂ ਸਾਹਿਬਾਨ ਦੇ ਮੁਖ ਤੋਂ ਉਚਾਰੀ ਬਾਣੀ ਦੀ ਮਹਾਨਤਾ ਸਿੱਖਾਂ ਵਿਚ ਸਥਾਪਤ ਹੋ ਚੁਕੀ ਸੀ। ਗੁਰੂ ਅਮਰਦਾਸ ਜੀ ਨੇ ਇਸ ਗਲ ਤੇ ਜ਼ੋਰ ਦਿਤਾ ਕਿ ਜੀਵਨ ਦੇ ਹਰ ਅਵਸਰ ਤੇ ਬਾਣੀ ਦੀ ਟੇਕ ਲੈਣੀ ਚਾਹੀਦੀ ਹੈ। ਉਨ੍ਹਾਂ ਦੇ ਸਮੇਂ ਹੀ ਗੁਰੂ ਸਾਹਿਬਾਨ ਦੇ ਨਾਂ ਤੇ ਵਾਧੂ ਬਾਣੀਆਂ ਦੀ ਹੋਂਦ ਦਾ ਪਤਾ ਲਗਦਾ ਹੈ ਕਿਉਂਕਿ ਉਨ੍ਹਾਂ ਫੁਰਮਾਇਆ ਹੈ :

Digitized by Panjab Digital Library | www.panjabdigilib.org

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ
ਕਹਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਆਪ ਇਕੱਤਰ ਕੀਤਾ । ਉਹ ਆਪਣੀ ਬਾਣੀ ਦੀ ਪੋਥੀ ਸਦਾ ਕੋਲ ਰਖਦੇ ਸਨ । ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

ਆਸਾ ਹੱਥ ਕਿਤਾਬ ਕਛ ਕੂਜਾ ਬਾਂਗ ਮੁਸੱਲਾ ਧਾਰੀ

ਗੁਰਬਾਣੀ ਦੇ ਸ਼ਬਦ ਜੋੜ ਕੇ ਸਿਹਾਰੀ ਬਿਹਾਰੀ ਔਂਕੜ ਦੀ ਵਰਤੋਂ ਦਾ ਅਰਥ ਨਾਲ ਵਿਸ਼ੇਸ਼ ਸੰਬੰਧ ਇਸ ਗੱਲ ਦੀ,ਗਵਾਹੀ ਦੇਂਦਾ ਹੈ ਕਿ ਕਰਤਾ ਤੋਂ ਬਿਨਾਂ ਹੋਰ ਕੋਈ ਵੀ ਇਸ ਨੂੰ ਸੰਭਾਲ ਨਹੀਂ ਸਕਦਾ ਸੀ । ਇਸ ਤੋਂ ਬਿਨਾਂ ਪੁਰਾਤਨ ਲਿਖਤਾਂ ਤੋਂ ਪੁਰਾਤਨ ਜਨਮਸਾਖੀ ਤੋਂ ਇਹ ਗੱਲ ਬਿਲਕੁਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਆਪ ਇਕੱਤਰ ਕੀਤੀ ਤੇ ਗੁਰੂ ਅੰਗਦ ਸਾਹਿਬ ਅਗੇ ਗੁਰਿਆਈ ਦੇਣ ਸਮੇਂ ਭੇਟ ਕੀਤੀ । ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ :

"ਤਿਤੁ ਮਹਲਿ ਜੋ ਸਬਦੁ ਹੋਆ,
ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ ।"

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਕੋਲ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਪ੍ਰਾਪਤ ਹੋਈ । ਸਲੋਕ ਫਰੀਦ ਦੇ ਵਿਚ ਗੁਰੂ ਅਮਰਦਾਸ ਜੀ ਦੇ ਸਲੋਕ ਜੋ ਕਈ ਥਾਵਾਂ ਤੇ ਫਰੀਦ ਦੇ ਸਲੋਕਾਂ ਦੇ ਭਾਵਾਂ ਦੀ ਵਿਆਖਿਆ ਕਰਦੇ ਹਨ, ਇਸ ਗਲ ਦੇ ਸੂਚਕ ਹਨ ਕਿ ਗੁਰੂ ਅਮਰਦਾਸ ਜੀ ਦੇ ਵੇਲੇ ਭਗਤ ਬਾਣੀ ਵੀ ਇਕੱਤਰ ਹੋ ਗਈ ਸੀ ।

ਬਹੁਤ ਸਾਰੀ ਬਾਣੀ ਗੁਰੂ ਅਮਰ ਦਾਸ ਜੀ ਦੇ ਵੱਡੇ ਪੁਤ੍ਰ ਬਾਬਾ ਮੋਹਨ ਕੋਲ ਸੁਰਖਿਅਤ ਸੀ । ਗੁਰੂ ਅਰਜਨ ਸਾਹਿਬ ਨੇ ਉਚੇਚੇ ਯਤਨਾਂ ਨਾਲ ਬਾਬਾ ਮੋਹਨ ਜੀ ਕੋਲੋਂ ਬਾਣੀ ਇਕੱਤਰ ਕੀਤੀ ਤੇ ਉਸ ਅਸਥਾਨ ਤੇ ਜਿਸ ਨੂੰ ਅਜ ਕਲ ਰਾਮਸਰ (ਅੰਮ੍ਰਿਤਸਰ ਵਿਚ) ਕਹਿੰਦੇ ਹਨ ਬੈਠ ਕੇ ਆਦਿ ਗੁਰੂ ਗ੍ਰੰਥ ਦੀ ਬੀੜ ਬੰਨ੍ਹੀ । ਗੁਰੂ ਅਰਜਨ ਸਾਹਿਬ ਦੀ ਆਪਣੀ ਬਾਣੀ ਦਾ ਆਕਾਰ ਅੱਧ ਦੇ ਲਗਭਗ ਹੈ । ਇਸ ਵਿਚ ਸਾਰੀ ਬਾਣੀ ਨੂੰ ਰਾਗਾਂ ਵਿਚ ਵੰਡਿਆ ਹੈ । ਹਰ ਰਾਗ ਦੇ ਆਰੰਭ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਫੇਰ ਦੂਸਰੇ ਗੁਰੂਆਂ ਦੀ ਬਾਣੀ ਕ੍ਰਮਵਾਰ ਹੈ । ਅਖ਼ੀਰ ਤੇ ਭਗਤ ਬਾਣੀ ਹੈ । ਭਗਤਾਂ ਵਿਚ ਕਬੀਰ (ਯੂ.ਪੀ.); ਫਰੀਦ (ਪੰਜਾਬ), ਜੈਦੇਵ (ਬੰਗਾਲ), ਧੰਨਾ (ਰਾਜਸਥਾਨ), ਨਾਮ ਦੇਵ (ਮਹਾਰਾਸ਼ਟਰਾ) ਆਦਿ ਸ਼ਾਮਲ ਹਨ ।

ਗੁਰੂ ਅਰਜਨ ਸਾਹਿਬ ਨੇ ਇਹ ਬੀੜ ਰਚ ਕੇ ਸਿੱਖਾਂ ਨੂੰ ਇਕ ਨਵੀਂ ਧਰਮ-ਪੁਤਸਕ ਦਿੱਤੀ ਜੋ ਹਿੰਦੂਆਂ ਵਿਚ ਵੇਦਾਂ, ਸ਼ਾਸਤਰਾਂ, ਗੀਤਾ ਤੇ ਮੁਸਲਮਾਨਾਂ ਵਿਚ ਕੁਰਾਨ ਦੇ ਤੁੱਲ ਸੀ । ਤਕਰੀਬਨ ਅੱਧਾ ਗੁਰੂ ਗ੍ਰੰਥ ਗੁਰੂ ਅਰਜਨ ਸਾਹਿਬ ਦੀ ਆਪਣੀ ਰਚਨਾ ਹੈ । ਲਗਭਗ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਵਿਚ ਆਪ ਦੀ ਬਾਣੀ ਮੌਜੂਦ ਹੈ । ਆਪ ਦੀਆਂ ਲੰਮੇਰੀਆਂ ਬਾਣੀਆਂ ਵਿਚ ਸੁਖਮਨੀ, ਬਾਵਨ ਅਖਰੀ ਅਤੇ ਬਾਰਾਂ ਮਾਹ ਹਨ । ਆਪ ਸਹਸਕ੍ਰਿਤੀ (ਸੰਸਕ੍ਰਿਤ ਦਾ ਸਰੂਪ), ਫਾਰਸੀ, ਕੁਲ ਭਾਰਤੀ ਬੋਲੀਆਂ—ਬ੍ਰਿਜੀ, ਕੇਂਦਰੀ,

Digitized by Panjab Digital Library | www.panjabdigilib.org

ਪੰਜਾਬੀ ਅਤੇ ਪੰਜਾਬ ਦੀਆਂ ਕਈ ਉਪਭਾਖਾਵਾਂ ਜਿਵੇਂ ਦੁਆਬੀ ਮੁਲਤਾਨੀ ਵਿੱਚ ਬੜੀ ਸਹਿਜ ਅਤੇ ਸਰਲਤਾ ਨਾਲ ਕਵਿ ਰਚਨਾ ਕਰ ਸਕਦੇ ਸਨ ।[1]

ਸਰਲਤਾ ਅਤੇ ਸਪਸ਼ਟਤਾ ਨੂੰ ਮੁਖ ਰਖਦੇ ਹੋਏ ਸੁਖਮਨੀ ਸਾਹਿਬ ਸਿਖਾਂ ਵਿਚ ਬਹੁਤ ਪ੍ਰਚਲਿਤ ਹੈ । ਅਨੇਕਾਂ ਸਿਖ ਹਰ ਰੋਜ਼ ਸੁਖਮਨੀ ਦਾ ਪਾਠ ਕਰਕੇ ਸੁਖ ਅਤੇ ਸ਼ਾਂਤੀ ਪ੍ਰਾਪਤ ਕਰਦੇ ਹਨ । ਸੁਖਮਨੀ ਵਿੱਚ ਆਦਰਸ਼ਕ ਮਨੁਖ ਦਾ ਚਿਤ੍ਰ ਆਪ ਇਸ ਤਰ੍ਹਾਂ ਦਸਦੇ ਹਨ :

ਬ੍ਰਹਮ ਗਿਆਨੀ ਸਦਾ ਨਿਰਲੇਪ
ਜੈਸੇ ਜਲ ਮਹਿ ਕਮਲ ਅਲੇਪ
ਬ੍ਰਹਮ ਗਿਆਨੀ ਸਦਾ ਨਿਰਦੋਖ
ਜੈਸੇ ਸੂਰੁ ਸਰਬ ਕਉ ਸੋਖ
ਬ੍ਰਹਮ ਗਿਆਨੀ ਕੈ ਦ੍ਰਿਸ਼ਟਿ ਸਮਾਨਿ
ਜੈਸੇ ਰਾਜ ਰੰਕ ਕਉ ਲਾਗੇ ਤੁਲਿ ਪਵਾਨ
ਬ੍ਰਹਮ ਗਿਆਨੀ ਕੈ ਧੀਰਜੁ ਏਕ
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ
ਬ੍ਰਹਮ ਗਿਆਨੀ ਕਾ ਇਹੋ ਗੁਨਾਉ
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ।

ਹਰ ਇਕ ਲਾਈਨ ਨਾਲ ਇਕ ਅਲੰਕਾਰ ਹੈ ਜੋ ਦਸੇ ਖਿਆਲ ਨੂੰ ਇਕ ਘਰੋਗੀ ਚਿਤ੍ਰ ਨਾਲ ਰੂਪਮਾਨ ਕਰਦਾ ਹੈ । ਇਸ ਤਰ੍ਹਾਂ ਗੁਰੂ ਸਾਹਿਬ ਦੀ ਲਿਖਣ ਸ਼ੈਲੀ ਵਿੱਚ ਇਹ ਗੱਲ ਮਹਤਤਾਪੂਰਨ ਹੈ ਕਿ ਹਰ ਸੂਖਮ ਖਿਆਲ ਨੂੰ ਅਲੰਕਾਰਾਂ ਨਾਲ ਸਪਸ਼ਟ ਕੀਤਾ ਹੁੰਦਾ ਹਨ । ਕਈ ਥਾਵਾਂ ਤੇ ਇਕੋ ਖਿਆਲ ਦਾ ਕਈ ਅਲੰਕਾਰਾਂ ਨਾਲ ਸਪਸ਼ਟੀਕਰਨ ਕੀਤਾ ਹੈ ਜਿਵੇਂ ਕਿ

ਮਾਈ ਮਾਇਆ ਛਲੁ
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿੰਦ ਭਜਨ ਬਿਨੁ ਹੜ ਕਾ ਜਲ

(ਟੋਡੀ ਮਹੱਲਾ 5 ਪੰਨਾ 717)

ਮਾਇਆ ਦੇ ਪ੍ਰਭਾਵ ਨੂੰ ਉਲੀਕਣ ਲਈ ਇਥੇ ਗੁਰੂ ਸਾਹਿਬ ਨੇ ਭਿੰਨ ਭਿੰਨ ਮਿਸਾਲਾਂ ਦਿੱਤੀਆਂ ਹਨ ਇਕ ਕੱਖਾਂ ਦੀ ਅੱਗ ਨਾਲ, ਦੂਜਾ ਬਦਲਾਂ ਦੀ ਛਾਂ ਨਾਲ ਅਤੇ ਤੀਜਾ ਹੜ੍ਹਾਂ ਦੇ ਪਾਣੀ ਨਾਲ । ਆਮ ਤੌਰ ਤੇ ਆਪ ਦੀ ਲੇਖਣੀ ਦਾ ਇਹ ਵਿਸ਼ੇਸ਼ ਗੁਣ ਹੈ ਕਿ ਘਰੋਗੀ ਤੇ ਸਰਲ ਅਲੰਕਾਰ ਦੇ ਕੇ ਸੂਖ਼ਮ ਤੋਂ ਸੂਖ਼ਮ ਖਿਆਲ ਨੂੰ ਵੀ ਸਰਲ ਬਣਾ ਦੇਂਦੇ ਹਨ ।

ਆਪ ਦੀ ਬਾਣੀ ਵਿੱਚੋਂ ਸੁਖ ਅਤੇ ਸ਼ੁਕਰਾਨੇ ਦਾ ਪਤਾ ਲੱਗਦਾ ਹੈ । ਭਾਵੇਂ ਸੰਸਾਰਕ ਤੌਰ ਤੇ ਆਪ ਨੂੰ ਬਹੁਤ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ ਪਰ ਆਪ ਜੀ ਦੀ ਆਤਮਾ ਅਡੋਲ ਤੇ ਸ਼ਾਂਤ ਰਹੀ ਹੈ । ਇਹ ਹੀ ਮੁਖ ਕਾਰਣ ਹੈ ਕਿ ਆਪ ਦੀ ਬਾਣੀ ਤਪਦੇ ਹਿਰਦਿਆਂ ਨੂੰ ਠਾਰਦੀ ਹੈ ।

1. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ–ਤਾਰਨ ਸਿੰਘ, ਪੰਨਾ 382

Digitized by Panjab Digital Library | www.panjabdigilib.org

## ਭਾਈ ਗੁਰਦਾਸ ਜੀ

ਮਿਹਰਬਾਨ ਜੀ ਦੇ ਵਡਿਕਿਆਂ ਵਿੱਚੋਂ ਭਾਈ ਗੁਰਦਾਸ ਜੀ ਵੀ ਸਨ। ਰਿਸ਼ਤੇ ਵਿੱਚ ਆਪ ਮਿਹਰਬਾਨ ਜੀ ਦੇ ਪਿਤਾ ਪ੍ਰਿਥੀ ਚੰਦ ਦੇ ਮਾਮੇ ਸਨ। ਆਪ ਨੂੰ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲਗਿਆਂ ਲਿਖਾਰੀ ਥਾਪਿਆ ਸੀ ਤੇ ਆਪ ਨੇ ਹੀ ਪਹਿਲੀ ਬੀੜ ਗੁਰੂ ਅਰਜਨ ਸਾਹਿਬ ਦੇ ਲਿਖਵਾਉਣ ਤੇ ਲਿਖੀ ਸੀ। ਸਿਖ ਗੁਰੂਆਂ ਤੋਂ ਪਿਛੋਂ ਆਪ ਸਿਖ ਧਰਮ ਦੇ ਪਹਿਲੇ ਲਿਖਾਰੀ ਹਨ।

ਭਾਈ ਗੁਰਦਾਸ ਬਾਸਰਕੇ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਦਾਤਾਰ ਚੰਦ ਭੱਲੇ ਦੇ ਸਪੁਤ੍ਰ ਸਨ। ਦਾਤਾਰ ਚੰਦ ਗੁਰੂ ਅਮਰਦਾਸ ਤੀਸਰੇ ਗੁਰੂ ਦੇ ਸਕੇ ਭਰਾ ਸਨ। ਇਸ ਤਰ੍ਹਾਂ ਭਾਈ ਗੁਰਦਾਸ ਗੁਰੂ ਸਾਹਿਬ ਦੇ ਭਤੀਜੇ ਅਤੇ ਪ੍ਰਿਥੀ ਚੰਦ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ। ਜਦੋਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾਇਆ ਤਾਂ ਦਾਤਾਰ ਚੰਦ ਦਾ ਸਾਰਾ ਪਰਵਾਰ ਗੋਇੰਦਵਾਲ ਸਾਹਿਬ ਆ ਗਿਆ ਤੇ ਗੋਇੰਦਵਾਲ ਹੀ 1558 ਈਸਵੀ ਵਿੱਚ ਦਾਤਾਰ ਚੰਦ ਅਤੇ ਮਾਤਾ ਜੀਵਣੀ ਦੇ ਘਰ ਭਾਈ ਗੁਰਦਾਸ ਜੀ ਦਾ ਜਨਮ ਹੋਇਆ।[1] ਇਨ੍ਹਾਂ ਨੇ ਵੱਡੇ ਹੋ ਕੇ ਬਹੁਤ ਸਿਖੀ ਪਰਚਾਰ ਕੀਤਾ ਅਤੇ ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਹਰਗੋਬਿੰਦ ਜੀ ਦੇ ਸਮੇਂ ਗੁਰੂ ਘਰ ਦੀ ਬਹੁਤ ਸੇਵਾ ਕੀਤੀ।

ਭਾਈ ਗੁਰਦਾਸ ਜੀ ਉੱਚ ਕੋਟੀ ਦੇ ਲਿਖਾਰੀ ਸਨ। ਆਪ ਜੀ ਦੀਆਂ ਰਚੀਆਂ ਵਾਰਾਂ ਅਤੇ ਕਬਿਤ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਸਮਝੇ ਜਾਂਦੇ ਹਨ। ਇਨ੍ਹਾਂ ਵਿੱਚ ਆਪ ਨੇ ਕਈ ਗੁਰਮਤ ਦੇ ਭੇਦ ਖੋਲੇ ਹਨ। ਗੁਰਮਤ ਦੀ ਪਹਿਲੀ ਪੌੜੀ ਗੁਰੂ ਤੇ ਅਤੁਟ ਸ਼ਰਧਾ ਹੈ। ਆਪ ਨੇ ਇਕ ਆਦਰਸ਼ਕ ਸਿਖ ਦਾ ਜੀਵਨ ਇਸ ਤਰ੍ਹਾਂ ਉਲੀਕਿਆ ਹੈ :—

ਮੁਰਦਾ ਹੋਇਹ ਮੁਰੀਦ ਨ ਗਲੀਂ ਹੋਵਣਾ
ਸਬਰ ਸਿਦਕ ਮੁਰੀਦ; ਭਰਮ ਭਉ ਖੋਵਣਾ
ਗੋਲਾ ਮੁਲ ਖਰੀਦ, ਕਾਰੇ ਜੋਵਣਾ
ਨ ਤਿਸ ਭੁਖ ਨ ਨੀਂਦ, ਨ ਖਾਣਾ ਸੋਵਣਾ
ਪੀਹਣ ਹੋਇ ਜਦੀਦ, ਪਾਣੀ ਢੋਵਣਾ
ਪਖੇ ਦੀ ਤਾਕੀਦ, ਪੱਗ ਮਲ ਧੋਵਣਾ
ਸੇਵਕ ਹੋਇ ਸੰਜੀਦ, ਨਾ ਹਸਣ ਰੋਵਣਾ
ਦਰ ਦਰਵੇਸ਼ ਰਸੀਦ, ਪਿਰਮ ਰਸ ਭੋਵਣਾ
ਚੰਦ ਮੁਮਾਰਖ ਈਦ, ਪੁਗ ਖਲੋਵਣਾ

(ਵਾਰ 3 ਪਉੜੀ 18)

ਆਪ ਦੀਆਂ ਵਾਰਾਂ ਵਿੱਚ ਕਬਿਤਾਂ ਨਾਲੋਂ ਜ਼ਿਆਦਾ ਸਰਲਤਾ ਅਤੇ ਸਾਦਗੀ ਹੈ। ਹੇਠਲੇ ਕਬਿਤ ਵਿੱਚ ਭਾਈ ਗੁਰਦਾਸ ਜੀ ਨੇ ਕਮਾਈ ਤੇ ਜ਼ੋਰ ਦਿੱਤਾ ਹੈ ਤੇ ਦਸਿਆ ਹੈ ਕਿ ਕੇਵਲ ਗੱਲਾਂ ਬਾਤਾਂ ਜਾਂ ਵਾਦ ਵਿਵਾਦ ਨਾਲ ਕੁਝ ਪ੍ਰਾਪਤੀ ਨਹੀਂ ਹੋ ਸਕਦੀ :—

ਪੂਛਤ ਪਥਕ ਤਿਹ ਮਾਰਗ ਨ ਧਾਰੇ ਪੱਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੋ ਜਾਈਐ।

1. ਭਾਈ ਗੁਰਦਾਸ, ਭਾਸ਼ਾ ਵਿਭਾਗ, ਪਟਿਆਲਾ—ਪੰਨਾ 5

Digitized by Panjab Digital Library | www.panjabdigilib.org

ਪੂਛਤ ਹੈ ਵੈਦ ਖਾਤ ਔਖਧਿ ਨ ਸੰਜਮ ਸੈ
ਕੈਸੇ ਮਿਟੇ ਰੋਗ ਸੁਖ ਸਹਿਜ ਸਮਾਈਐ।
ਪੂਛਤ ਸੁਹਾਗਣਿ, ਕਰਮ ਹੈ ਦੁਹਾਗਨ ਕੈ
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ।
ਗਾਇ, ਸੁਣੈ, ਆਖੇ, ਮੀਠੇ ਪਾਈਐ ਨ ਪਰਮ ਪਦ
ਗੁਰ ਉਪਦੇਸ਼ ਗਹਿ ਜੋ ਲੋ ਨਾ ਕਮਾਈਐ।439।

ਇਤਿਹਾਸਕ ਦ੍ਰਿਸ਼ਟੀਕੋਨ ਤੋਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨੇ ਗੁਰੂ ਨਾਨਕ ਜੀ ਦੀਆਂ ਪ੍ਰਚਲਤ ਰਵਾਇਤਾਂ ਨੂੰ ਲਿਖਤੀ ਰੂਪ ਦਿੱਤਾ। ਗੁਰੂ ਨਾਨਕ ਸਾਹਿਬ ਸੰਬੰਧੀ ਕਈ ਇਤਿਹਾਸਕ ਨੁਕਤਿਆਂ ਦਾ ਸੰਕੇਤ ਇਸ ਵਾਰ ਤੋਂ ਮਿਲਦਾ ਹੈ ਜਿਵੇਂ ਕਿ ਆਪ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਬਗਦਾਦ ਜਾਣ ਦਾ ਹਾਲ ਅੰਕਤ ਕੀਤਾ ਹੈ :—

ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ
ਦਿਤੀ ਬਾਂਗ ਨਿਮਾਜ ਕਰ ਸੁੰਨ ਸਮਾਨ ਹੋਆ ਜਹਾਨਾ
ਸੁੰਨ ਮੁੰਨ ਨਗਰੀ ਭਈ ਦੇਖ ਸੁ ਪੀਰ ਭਇਆ ਹੈਰਾਨਾ
ਵੇਖੈ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਦਾ ਘਰਾਨਾ
ਨਾਨਕ ਕਲ ਵਿੱਚ ਆਇਆ ਰਬ ਫਕੀਰ ਇਕ ਪਹਿਚਾਨਾ
ਧਰਤ ਅਕਾਸ਼ ਚਹੂੰ ਦਿਸ ਜਾਨਾ।

(ਵਾਰ 1-ਪਉੜੀ 35)

ਭਾਈ ਗੁਰਦਾਸ ਜੀ ਦੀ ਯਾਰਵੀਂ ਵਾਰ ਵਿੱਚ ਪਰਸਿੱਧ ਗੁਰਸਿੱਖਾਂ ਦੇ ਨਾਵਾਂ ਦਾ ਵੇਰਵਾ ਮਿਲਦਾ ਹੈ। ਉਨ੍ਹਾਂ ਦੇ ਨਾਵਾਂ ਨਾਲ ਥਾਵਾਂ ਦਾ ਵਰਨਣ ਦਸਦਾ ਹੈ ਕਿ ਗੁਰ ਸਿੱਖੀ ਦਾ ਘੇਰਾ ਕਿੰਨਾ ਚੌੜਾ ਹੋ ਚੁਕਿਆ ਸੀ। ਕਿੰਨੀ ਜਾਣਕਾਰੀ ਮਿਲਦੀ ਹੈ ਯਾਰਵੀਂ ਵਾਰ ਵਿੱਚੋਂ ,—

ਲਸ਼ਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਦਾਸ
ਭਾਵਾਧੀਰ ਉਜੈਣ ਵਿੱਚ ਸਾਧ ਸੰਗਤਿ ਗੁਰ ਸ਼ਬਦ ਨਿਵਾਸ
ਮੇਲ ਵੱਡਾ ਬੁਰਹਾਨਪੁਰ ਸਨਮੁਖ ਸਿੱਖ ਸਹਜ ਪਰਗਾਸ
ਭਗਤ ਭਈਆ ਭਗਵਾਨ ਦਾਸ ਨਾਲ ਬੋਲਦਾ ਘਰੇ ਉਦਾਸ
ਮਚਕ ਕਟਾਰੂ ਜਾਣੀਐ ਪਿਰਥੀ ਮੱਲ ਦਰਾਈ ਖਾਸ
ਭਗਤੂ ਛੁਰਾ ਵਖਾਣੀਐ ਡਲੂ ਰਿਹਾਣੈ ਸ਼ਾਬਾਸ
ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸ
ਗੁਜਰਾਤੇ ਵਿੱਚ ਜਾਣੀਐ ਭੇਖਾਰੀ ਭਾਬੜਾ ਸੁਜਾਸ
ਗੁਜਰਾਤੇ ਭਾਉ ਭਗਤਿ ਰਹਿਰਾਸ।

(ਵਾਰ 11, ਪਉੜੀ 30)

ਭਾਈ ਗੁਰਦਾਸ ਪ੍ਰਿਥਵੀ ਚੰਦ ਅਤੇ ਗੁਰੂ ਅਰਜਨ ਦੇਵ ਦੋਹਾਂ ਦੇ ਮਾਮੇ ਲਗਦੇ ਸਨ। ਇਸ ਲਈ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਦੋਵੇਂ ਭਣੇਵੇਂ ਪਿਆਰ ਨਾਲ ਰਹਿਣ। ਪ੍ਰਿਥੀ

Digitized by Panjab Digital Library | www.panjabdigilib.org

ਚੰਦ ਗੁਰੂ ਰਾਮ ਦਾਸ ਜੀ ਦਾ ਸਭ ਤੋਂ ਵੱਡਾ ਪੁਤਰ ਹੋਣ ਕਰਕੇ ਗੁਰਗੱਦੀ ਤੇ ਆਪਣਾ ਹੱਕ ਸਮਝਦਾ ਸੀ। ਇਸ ਲਈ ਉਹ ਗੁਰੂ ਅਰਜਨ ਨਾਲ ਈਰਖਾ ਰਖਦਾ ਸੀ। ਗੁਰੂ ਅਰਜਨ ਇਸ ਦੇ ਉਲਟ ਆਪਣੇ ਵੱਡੇ ਭ੍ਰਾ ਦਾ ਸਦਾ ਸਤਿਕਾਰ ਕਰਦੇ। ਖੁਸ਼ਵਕਤ ਰਾਏ ਰਚਿਤ 'ਤਵਾਰੀਖੇ ਸਿਖਾਂ' (ਫ਼ਾਰਸੀ) ਵਿਚ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਨੇ ਚੌਕ ਪਾਸੀਆਂ ਦੀ ਚੁੰਗੀ ਵਸੂਲਣ ਦਾ ਅਖਤਿਆਰ ਤੇ ਹੋਰ ਬਹੁਤ ਕੁਝ ਪ੍ਰਿਥੀ ਚੰਦ ਨੂੰ ਦੇ ਦਿਤਾ ਤੇ ਆਪ ਕੁਝ ਸਮੇਂ ਲਈ ਗੁਰੂ ਕੀ ਵਡਾਲੀ (ਛੇਹਰਟਾ ਸਾਹਿਬ ਕੋਲ ਇਕ ਨਗਰ) ਚਲੇ ਗਏ। ਫੇਰ ਵੀ ਪ੍ਰਿਥੀ ਚੰਦ ਨਾਰਾਜ਼ ਹੀ ਰਿਹਾ ਅਤੇ ਕੁਝ ਸਮੇਂ ਪਿਛੋਂ ਉਹ ਵੀ ਅੰਮ੍ਰਿਤਸਰ ਛੱਡ ਕੇ ਆਪਣੇ ਸੁਹਰੇ ਪਿੰਡ ਹੇਹਰ (ਜ਼ਿਲਾ ਲਾਹੌਰ) ਚਲਿਆ ਗਿਆ। ਇਹ ਘਟਨਾ 1596 ਈਸਵੀ ਤੋਂ ਪਿਛੋਂ ਵਾਪਰੀ ਹੋਵੇਗੀ ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਦੇ ਜਨਮ ਸਮੇਂ ਤਕ ਪ੍ਰਿਥੀ ਚੰਦ ਅਤੇ ਉਸਦਾ ਪਰਵਾਰ ਅੰਮ੍ਰਿਤਸਰ ਹੀ ਰਿਹਾ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਇਸ ਗੱਲ ਦਾ ਗੁਰੂ ਅਰਜਨ ਸਾਹਿਬ ਤੇ ਭਾਈ ਗੁਰਦਾਸ ਨੂੰ ਬਹੁਤ ਦੁਖ ਹੋਇਆ। ਭਾਈ ਗੁਰਦਾਸ ਜੀ ਪ੍ਰਿਥੀ ਚੰਦ ਨੂੰ ਵਾਪਸ ਲਿਆਉਣ ਲਈ ਹੇਹਰ ਪਿੰਡ ਗਏ। ਪ੍ਰਿਥੀ ਚੰਦ ਨੇ ਇਕ ਨ ਮੰਨੀ ਸਗੋਂ ਭਾਈ ਸਾਹਿਬ ਨੂੰ ਉਲਾਮੇ ਤੇ ਕਰੜੇ ਬਚਨ ਕਹੇ। ਭਾਈ ਗੁਰਦਾਸ ਜੀ ਪ੍ਰਿਥੀ ਚੰਦ ਦੇ ਮਾਮੇ ਦਾ ਰਿਸ਼ਤਾ ਹੋਣ ਦੇ ਨਾਤੇ ਇਨ੍ਹਾਂ ਗੱਲਾਂ ਦੀ ਆਸ ਨਹੀਂ ਸਨ ਰਖਦੇ। ਆਪਣੇ ਸਮੇਂ ਦੇ ਮਹਾਂ ਕਵੀ ਸਨ ਤੇ ਉਨ੍ਹਾਂ ਦੇ ਸੂਖ਼ਮ ਭਾਵਾਂ ਨੂੰ ਸੱਟ ਵੱਜੀ, ਜਿਸ ਕਰ ਕੇ ਉਨ੍ਹਾਂ ਨੇ ਵਿਅੰਗਮਈ ਰਚਨਾ ਕੀਤੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਛੱਤੀਵੀਂ ਵਾਰ ਦੀਆਂ ਪਹਿਲੀਆਂ ਪਉੜੀਆਂ ਭਾਈ ਗੁਰਦਾਸ ਜੀ ਹੇਹਰ ਪਿੰਡ ਤੋਂ ਅੰਮ੍ਰਿਤਸਰ ਆਉਂਦਿਆਂ ਆਉਂਦਿਆਂ ਹੀ ਜੋੜ ਲਈਆਂ ਸਨ :—

ਵਾਰ ਕਰੀ ਪਰਥਾਇ ਤਿਸ, ਹੈ ਜਥਾ ਬਿਕਾਰੀ।
ਤਿਨ ਬਨਾਇ ਕਰਿ ਮਗ ਬਿਖੈ ਆਨੀ ਲਿਖਿ ਸਾਰੀ।
ਸੋ ਸੁਨੀਅਹਿ ਸਭ ਜਾਨੀਅਹਿ ਮੈ ਕਰੋ ਉਚਾਰੀ।
ਸੁਭ ਗੁਣ ਜਿਸ ਮਹਿ ਲੈਸ਼ ਨਹਿ, ਹੰਕਾਰ ਅਫਾਰੀ ॥ ੨੮ ॥

## ਦੋਹਰਾ

ਹੈ ਛੱਤੀਸਵੀਂ ਵਾਰ ਜੋ ਗਿਰਾ ਕਰੀ ਗੁਰਦਾਸ।
ਲਗਯੋ ਸੁਨਾਵਨਿ ਖੋਟ ਤਿਹ ਸ੍ਰੀ ਸਤਿਗੁਰ ਕੇ ਪਾਸ ॥ ੨੯ ॥

## ਨਿਸ਼ਾਨੀ ਛੰਦ

"ਕਾਲੇ ਮੁਖ ਮੀਣਾ" ਭਯੋ ਬਡ ਦੰਭ ਕਮਾਵੈ।
ਬੇਖ ਬਾਕ ਸੁਭ ਮੋਰ ਕੇ ਜੀਵਨਿ ਚੁਨ ਖਾਵੈ।
ਗਯਾਨ ਹੀਨ ਗੁਰ ਬਨਤਿ ਹੈ ਕੋ ਨਮੋ ਨ ਠਾਨੈ।
"ਖੋਟੀ ਸੰਗਤ ਮੀਣਿਆਂ" ਗੁਰ ਨਿੰਦ ਬਖਾਨੈ ॥ ੩੦ ॥
ਦੁਰਮਤਿ ਜੀਵਤਿ ਕਰਤਿ ਹੈ ਜਬ ਗਹਿ ਜਮ ਮਾਰੋ।
ਕੜ ਕੁਪੱਤਾ ਹੋਹਿਗੋ ਦੁਖ ਸਹਹਿ ਕਰਾਰ।

Digitized by Panjab Digital Library | www.panjabdigilib.org

ਇਤਯਾਦਿਕ ਜਿਸ ਮਹਿ ਕਹਯੋ ਸਭਿ ਵਾਰ ਸੁਨਾਈ ।
ਨਹਿ ਮਾਨਹਿ ਸ੍ਰੀ ਗੁਰੂ ਜੀ, ਸੋ ਦੁਸ਼ਟ ਬਡਾਈ[1] ॥ ੩੧ ॥

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਛਤਵੀਂ ਵਾਰ ਜਿਸ ਵਿਚ ਮੀਣਿਆਂ ਦਾ ਕਥਨ ਹੈ ਪ੍ਰਿਥੀ ਚੰਦ ਦੇ ਕੁਬਚਨ, ਕਰੋਧੀ ਸੁਭਾ ਅਤੇ ਭਾਈ ਗੁਰਦਾਸ ਜੀ ਦਾ ਯੋਗ ਸਤਿਕਾਰ ਨ ਕਰਨ ਦਾ ਸਿੱਟਾ ਸੀ । ਵੈਸੇ ਵੀ ਗੁਰੂ ਘਰ ਦੇ ਸਿਦਕੀ ਸਿਖ ਹੋਣ ਦੇ ਨਾਤੇ ਉਹ ਗੁਰੂ ਅਰਜਨ ਦੇਵ ਜੀ ਦੀ ਨਿੰਦਾ ਅਤੇ ਉਨ੍ਹਾਂ ਪਰਥਾਇ ਕੌੜੇ ਬਚਨ ਨਹੀਂ ਸਹਾਰ ਸਕਦੇ ਸਨ । ਸ਼ਾਇਦ ਇਸ ਵਾਰ ਦੇ ਰਚਨ ਦਾ ਇਕ ਮਨੋਰਥ ਗੁਰ-ਸਿਖਾਂ ਨੂੰ ਸੂਚਤ ਕਰਨਾ ਸੀ ਕਿ ਪ੍ਰਿਥੀ ਚੰਦ ਗੁਰਿਆਈ ਦਾ ਮਾਲਕ ਨਹੀਂ ਸਗੋਂ ਗੁਰੂ ਅਰਜਨ ਹੈ । ਪਰ ਟਿਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਭਾਈ ਗੁਰਦਾਸ ਜੀ ਨੇ ਗੁਰੂ ਘਰ ਦੇ ਸਾਰੇ ਵਿਰੋਧੀਆਂ ਦਾ ਕਥਨ ਕੀਤਾ ਹੈ । ਛਤਵੀਂ ਵਾਰ ਦੀ ਤੇਤੀਵੀਂ ਪਉੜੀ ਵਿਚ ਸਭ ਗੁਰੂ ਘਰ ਦੇ ਵਿਰੋਧੀ ਗਿਣੇ ਹਨ । ਬਾਬਾ ਸ੍ਰੀ ਚੰਦ ਤੇ ਉਨ੍ਹਾਂ ਦੇ ਭਰਾ ਲਖਮੀ ਦਾਸ ਜੀ, ਗੁਰੂ ਅੰਗਦ ਜੀ ਦੇ ਪੁਤ੍ਰ ਦਾਸੂ ਅਤੇ ਦਾਤੂ, ਗੁਰੂ ਅਮਰ ਦਾਸ ਦੇ ਸਪੁਤ੍ਰ ਮੋਹਨ ਅਤੇ ਮੋਹਰੀ । ਗੁਰੂ ਰਾਮਦਾਸ ਜੀ ਦੇ ਸਪੁਤਰ ਪ੍ਰਿਥੀ ਚੰਦ ਅਤੇ ਮਹਾਦੇਵ ਦਾ ਵਰਨਣ ਆਉਂਦਾ ਹੈ । ਲਖਮੀ ਦਾਸ ਦੇ ਪੁਤਰ ਧਰਮ ਚੰਦ ਦਾ ਕਥਨ ਆਉਂਦਾ ਹੈ । ਪਰ ਪ੍ਰਿਥੀ ਚੰਦ ਦੇ ਪੁਤਰ ਮਿਹਰਬਾਨ ਦਾ ਨਹੀਂ :—

ਬਾਲ ਜਤੀ ਹੈ ਸਿਰੀ ਚੰਦ ਬਾਬਾਣਾ ਦੇਹਰਾ ਬਣਾਇਆ
ਲਖਮੀ ਦਾਸਹੁ ਧਰਮ ਚੰਦ ਪੋਤਾ ਹੁਇਕੇ ਆਪ ਗਣਾਇਆ
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ
ਮੋਹਨ ਕਮਲਾ ਹੋਇਆ ਚਉਧਾਰਾ ਮੋਹਰੀ ਮਨਾਇਆ
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਢਕ ਬਰਲ ਚਲਾਇਆ ।
ਮਹਾਂ ਦੇਉ ਅੰਹਮੇਉ ਕਰ ਕਰ ਬੇਮੁਖ ਪੁਤਾਂ ਭਉਕਾਯਾ ।
ਚੰਦਨ ਵਾਸ ਨ ਵਾਸ ਬੋਹਾਇਆ ।

(26ਵੀਂ ਵਾਰ-ਪਉੜੀ 33ਵੀਂ)

ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਭਾਈ ਗੁਰਦਾਸ ਜੀ ਨੇ 36ਵੀਂ ਵਾਰ 1595-96 ਤੋਂ ਪਿਛੋਂ ਲਿਖੀ ਜਦੋਂ ਕਿ ਪ੍ਰਿਥੀ ਚੰਦ ਅੰਮ੍ਰਿਤਸਰ ਛੱਡ ਕੇ ਪਿੰਡ ਹੇਹਰ ਜ਼ਿਲਾ

---

1 ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 3 : ਅੱਸੂ 25 ਪੰਨਾ 2010. 2011 । ਛੱਤੀਵੀਂ ਵਾਰ ਦੀਆਂ ਪਹਿਲੀਆ ਅੱਠ ਪਉੜੀਆਂ ਦੀਆਂ ਆਖਰੀ ਤੁਕਾ ਇਹ ਹਨ :

ਸਤਿਗੁਰ ਸਚਾ ਪਾਤਸ਼ਾਹ, ਮੁਹਿ ਕਾਲੈ ਮੀਣਾ ।......
ਤਿਉ ਦਰਗਹ ਮੀਣਾ ਮਾਰੀਐ ਕਰ ਕੂੜੁ ਕੁਪੱਤਾ ।......
ਵਗ ਨ ਹੋਵਨਿ ਕੁਤੀਆਂ ਮੀਣੇ ਮੁਰਦਾਰੀ ।......
ਮੁੰਹਹੁ ਘੁਥਹੁ ਮੀਣਿਆ ਤੁਧ ਜਮ ਪੁਰ ਜਾਣਾ ।......
ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੋ ।......
ਤਿਉ ਨਕਟ ਪੰਥ ਹੈ ਮੀਣਿਆ ਮਿਲ ਨਰਕ ਨਿਬਾਹੈ ।......
ਰਲੈ ਜੋ ਸੰਗਤ ਮੀਣਿਆ ਉਠਿ ਚਲੈ ਨਿਰਾਸਾ ।......
ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੋ ।......

Digitized by Panjab Digital Library | www.panjabdigilib.org

ਲਾਹੌਰ ਵਿੱਚ ਚਲਿਆ ਗਿਆ। ਉਸ ਵੇਲੇ ਮਿਹਰਬਾਨ ਜੀ ਦੀ ਉਮਰ ਕੇਵਲ 15 ਜਾਂ 16 ਸਾਲ ਦੀ ਸੀ। ਹੋ ਸਕਦਾ ਹੈ ਕਿ ਭਾਈ ਗੁਰਦਾਸ ਜੀ ਨੇ ਉਸ ਨੂੰ ਬੱਚਾ ਜਾਣ ਕੇ ਵਾਰ ਵਿੱਚ ਨਾਂ ਨਾ ਲਿਖਿਆ ਹੋਵੇ। ਪਰ ਭਾਈ ਗੁਰਦਾਸ ਦਾ ਦਿਹਾਂਤ ਮਿਹਰਬਾਨ ਨਾਲੋਂ ਚਾਰ ਕੁ ਸਾਲ ਪਹਿਲਾਂ ਹੋਇਆ। ਭਾਈ ਗੁਰਦਾਸ ਜੀ ਮਿਹਰਬਾਨ ਦਾ ਨਾਂ ਇਸ ਵਾਰ ਵਿੱਚ ਪਿਛੋਂ ਵੀ ਲਿਖ ਸਕਦੇ ਸਨ। ਭਾਈ ਗੁਰਦਾਸ ਜੀ ਨੇ ਵਾਰਾਂ ਦਾ ਅੰਤਮ ਰੂਪ 1628 ਈਸਵੀ ਤੋਂ ਪਿਛੋਂ ਦਿਤਾ ਹੈ ਕਿਉਂਕਿ ਪਹਿਲੀ ਵਾਰ ਵਿਚ "ਦਲ ਭੰਜਨ ਗੁਰ ਸੂਰਮਾ ਵਡ ਯੋਧਾ ਬਹੁ ਪਰਉਪਕਾਰੀ" ਦੇ ਸੰਕੇਤ ਤੋਂ ਪਤਾ ਲਗਦਾ ਹੈ ਕਿ ਇਹ ਵਾਰ ਗੁਰੂ ਹਰਗੋਬਿੰਦ ਸਾਹਿਬ ਦੀ ਪਹਿਲੀ ਲੜਾਈ ਪਿਛੋਂ ਸੰਪੂਰਨ ਹੋਈ। ਇਹ ਲੜਾਈ 1628 ਈਸਵੀ ਵਿੱਚ ਹੋਈ।

Digitized by Panjab Digital Library | www.panjabdigilib.org

## ਅਧਿਆਇ 2

# ਜੀਵਨ

### ਜਨਮ ਦਿਨ :

ਮਨੋਹਰਦਾਸ ਮਿਹਰਬਾਨ[1] ਦਾ ਜਨਮ ਗੁਰੂ ਰਾਮ ਦਾਸ ਜੀ ਦੇ ਵੱਡੇ ਪੁਤਰ ਪ੍ਰਿਥੀ ਚੰਦ ਦੇ ਘਰ ਭਗਵਾਨ ਕੌਰ ਦੇ ਉਦਰ ਤੋਂ ਹੋਇਆ। ਆਪ ਦੀ ਜਨਮ ਤਾਰੀਖ ਬਾਰੇ "ਗੋਸ਼ਟੀਆਂ ਮਿਹਰਵਾਨ ਜੀ[2]" ਵਿੱਚ ਲਿਖਿਆ ਹੈ :-"ਸੰਮਤ 1638 ਮਾਘ ਸੁਦੀ ਬਸੰਤ ਪੰਚਮੀ ਕੇ ਦਿਨ ਸਵਾ ਪਹਿਰ ਰਾਤ ਰਹਿਤੀ ਕਉ ਸ੍ਰੀ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਕੇ ਗ੍ਰਿਹ ਸੋਢੀ ਕੇ ਬੰਸ ਸਾਹਿਬਾਣੀ ਭਗਵਾਨੋ[3] ਕੇ ਉਦਰ ਤੋਂ ਸ੍ਰੀ ਗੁਰੂ ਬਾਬੇ ਨਾਨਕ ਜੀ ਕੇ ਪੰਥ ਮਹਿ ਸ੍ਰੀ ਸੁਖ ਦੇਓ ਭਗਤ ਸੰਸਾਰ ਉਧਾਰ ਕਰਨੋ ਕੀ ਨਮਿਤ ਅਉਤਾਰ ਲੀਆ।"[4] ਇਸ ਟੂਕ ਅਨੁਸਾਰ ਮਿਹਰਬਾਨ ਜੀ ਦਾ ਜਨਮ ਐਤਵਾਰ 24 ਜਨਵਰੀ 1582 ਈ: ਬਣਦਾ ਹੈ। ਇਸੇ ਹੱਥ-ਲਿਖਤ ਵਿਚ ਅੱਗੇ ਚੱਲ ਕੇ ਲਿਖਿਆ ਹੈ, ਤਬ ਗੁਰੂ ਮਿਹਰਵਾਨ ਛਿਆਂ ਸੱਤਾਂ ਮਹੀਨਿਆਂ ਕਾ ਹੋਇਆ ਤਬ ਗੁਰੂ ਰਾਮਦਾਸ ਸੰਮਤਿ 1638 ਭਾਦਰਉ ਸੁਦੀ 3 ਕਉ ਸ਼ਬਦ ਕੀ ਥਾਪਨਾ ਗੁਰੂ ਅਰਜਨ ਕੋ ਦੇ ਕਰ ਸੱਚ ਖੰਡ ਕਉ ਸਿਧਾਰੇ"। ਇਹ ਸਤਰਾਂ ਸਪਸ਼ਟ ਤੌਰ ਤੇ ਦੱਸਦੀਆਂ ਹਨ ਕਿ ਮਿਹਰਬਾਨ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀਜੋਤ ਸਮਾਉਣ ਤੋਂ ਸਤ ਮਹੀਨੇ ਪਹਿਲਾਂ ਹੋਇਆ ਸੀ। ਇਸ ਕਥਨ ਨੂੰ ' ਗੁਸ਼ਟੀਆਂ ਮਿਹਰਵਾਨ"

---

1. ਫਾਰਸੀ ਤਾਰੀਖਾਂ ਵਿੱਚ ਵਿਸ਼ੇਸ਼ ਕਰਕੇ 'ਦਬਿਸਤਾਨ' 'ਤਾਰੀਖ-ਇ-ਸਿਖਾਂ' ਖੁਸਵਕਤ ਰਾਏ 'ਚਾਰ ਬਾਗ-ਇ-ਪੰਜਾਬ' ਗਣੇਸ਼ ਦਾਸ ਵਡੇਹਰਾ, 'ਤਾਰੀਖ-ਇ-ਪੰਜਾਬ', ਗੁਲਾਮ ਮੁਹੀਓਦੀਨ ਬੁਟੇਸ਼ਾਹ ਵਿੱਚ ਇਹ ਨਾ ਮਿਹਰਬਾਨ ਲਿਖਿਆ ਹੈ। ਪੰਜਾਬੀ (ਗੁਰਮੁਖੀ) ਪੁਰਾਤਨ ਹੱਥ ਲਿਖਤਾ ਵਿੱਚ ਜਿਵੇ 'ਪੋਥੀ ਸਚਖੰਡ' ਵਿੱਚ ਅਤੇ 'ਗੋਸ਼ਟਾ ਮਿਹਰਵਾਨ' ਵਿੱਚ "ਮਿਹਰਵਾਨ" ਹੈ। ਇਹ ਦੋਵੇਂ ਨਾਂ ਠੀਕ ਹਨ ਕਿਉਂਕਿ 'ਵ' ਅਤੇ 'ਬ' ਕਈ ਥਾਂਈ ਬਦਲ ਜਾਂਦੇ ਹਨ। ਅਸਾਂ ਇਸ ਪੁਸਤਕ ਵਿੱਚ ਇਕਸਾਰਤਾ ਰਖਣ ਲਈ ਮਿਹਰਬਾਨ ਹੀ ਵਰਤਿਆ ਹੈ।

2. ਪੰਜਾਬੀ ਗੁਰਮੁਖੀ ਹਥ-ਲਿਖਤ ਨੰਬਰ 3510 (188) ਸਿੱਖ ਰੈਫਰੈਂਸ ਲਾਇਬਰੇਰੀ, ਦਰਬਾਰ ਸਾਹਿਬ ਅੰਮ੍ਰਿਤਸਰ। ਇਸ ਪੋਥੀ ਦੀ ਅੰਦਰਲੀ ਗਵਾਹੀ ਦੱਸਦੀ ਹੈ ਕਿ ਇਸ ਦਾ ਰਚਣਹਾਰ ਮਿਹਰਵਾਨ ਜੀ ਦਾ ਸਪੁਤ੍ਰ ਹਰਜੀ ਸੀ। ਇਹ ਉਤਾਰਾ ਸੰਮਤ 1836 ਭਾਵ 1779 ਈਸਵੀ ਦਾ ਹੈ

3. ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਬ ਪ੍ਰਿਥੀ ਚੰਦ ਦੀ ਇਸਤ੍ਰੀ ਦਾ ਨਾਉਂ 'ਕਰਮੋ' ਲਿਖਿਆ ਹੈ। ਵੇਖੋ ਰਾਸ 3 ਅੰਸੂ ੧

4. ਗੋਸ਼ਟੀਆਂ ਮਿਹਰਵਾਨ, ਪਤਰਾ, 7, ੳ ਪਬਲਿਕ ਲਾਇਬਰੇਰੀ ਪਟਿਆਲਾ ਹਥਲਿਖਤ ਨੰਬਰ 2527 ਪੰਨਾ 57

Digitized by Panjab Digital Library | www.panjabdigilib.org

ਦੇ ਕਰਤਾ ਨੇ ਕਿੰਨੀ ਵਾਰੀ ਦੁਹਰਾਇਆ ਹੈ; ਪਤਰਾ '348 ਅ' ਤੇ ਲਿਖਿਆ ਹੈ "ਤਬ ਸ੍ਰੀ ਸਤਿਗੁਰੂ ਮੁਸਕਾਇ ਕੇ ਕਹਿਆ ਜਿ ਮੈਂ ਭੀ ਸਾਤਿ ਮਹੀਨੇ ਕਾ ਥਾ ਜਬਿ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਇਆ ਥਾ"। ਸ੍ਰੀ ਗੁਰੂ ਰਾਮਦਾਸ ਜੀ ਦਾ ਮਿਹਰਬਾਨ ਦਾ ਨਾਮ ਰਖਣਾ ਇਹ ਸਪਸ਼ਟ ਕਰਦਾ ਹੈ ਕਿ ਮਿਹਰਬਾਨ ਦਾ ਜਨਮ ਸ੍ਰੀ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੋਇਆ ਸੀ। ਸਭ ਪੁਸਤਕਾਂ ਵਿਚ ਤੇ ਹਥ-ਲਿਖਤਾਂ ਵਿੱਚ, ਜਿਵੇਂ ਕਿ ਇਨ੍ਹਾਂ "ਗੋਸ਼ਟੀਆਂ" ਦੇ ਕਰਤਾ ਨ ਵੀ ਲਿਖਿਆ ਹੈ, ਸੀ ਗੁਰੂ ਰਾਮਦਾਸ ਜੀ ਭਾਦਰੋਂ ਸੁਦੀ 3 ਸੰਮਤ 1638, ਮੁਤਾਬਕ 1 ਸਤੰਬਰ 1581 ਸ਼ੁਕਰਵਾਰ ਜੋਤੀ ਜੋਤ ਸਮਾਏ ਸਨ।[1] ਇਸ ਹਿਸਾਬ ਨਾਲ ਮਿਹਰਬਾਨ ਦੀ ਉਪਰੋਕਤ ਦਸੀ ਜਨਮ ਤਾਰੀਖ-24 ਜਨਵਰੀ 1582 ਗਲਤ ਹੈ, ਕਿਉਂਕਿ ਇਹ ਤਾਰੀਖ਼ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਦੀ ਹੈ। ਅਸਲ ਗਲ ਇਹ ਜਾਪਦੀ ਹੈ ਕਿ ਕਰਤਾ "ਗੋਸ਼ਟੀਆਂ ਮਿਹਰਵਾਨ" ਨੂੰ ਸੰਮਤ ਲਿਖਣ ਵਿੱਚ ਟਪਲਾ ਲਗਾ ਹੈ। ਮਿਹਰਬਾਨ ਦਾ ਜਨਮ ਮਾਘ ਸੁਦੀ ਬਸੰਤ ਪੰਚਮੀ ਸੰਮਤ 1637 ਵਿੱਚ ਹੋਇਆ, 1638 ਵਿੱਚ ਨਹੀਂ। ਇਸ ਹਿਸਾਬ ਨਾਲ ਮਿਹਰਬਾਨ ਦਾ ਜਨਮ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪੂਰੇ ਸਤ ਮਹੀਨੇ ਤੇ ਵੀਹ ਦਿਨ ਪਹਿਲਾਂ ਹੋਇਆ। ਇਸ ਲਈ ਮਿਹਰਬਾਨ ਦਾ ਜਨਮ ਮਾਘ ਸੁਦੀ ਪੰਚਮੀ ਸੰਮਤ 1637 ਮੁਤਾਬਕ 9 ਜਨਵਰੀ 1581 ਈਸਵੀ ਨੂੰ ਹੋਇਆ ਸਹੀ ਹੁੰਦਾ ਹੈ।

## ਨਾਮ ਕਰਨ

ਜਨਮ ਤੋਂ ਪਿੱਛੋਂ ਨਵੇਂ ਜਮੇਂ ਬਾਲਕੇ ਨੂੰ ਬੀਬੀ ਭਾਨੀ ਜੀ ਜੋ ਮਿਹਰਬਾਨ ਦੀ ਦਾਦੀ ਸੀ ਗੁਰੂ ਰਾਮ ਦਾਸ ਜੀ ਕੋਲ ਲੈ ਗਈ ਤੇ ਗੁਰੂ ਸਾਹਿਬ ਦੇ ਨਵੇਂ ਬਾਲਕੇ ਦਾ ਨਾ ਰਖਿਆ ਅਤੇ ਅਸੀਸਾਂ ਦਿੱਤੀਆਂ। "ਗੋਸ਼ਟਾਂ ਮਿਹਰਵਾਨ" ਵਿੱਚ ਇਸ ਤਰ੍ਹਾਂ ਲਿਖਿਆ ਹੈ :

'ਤਬ ਫਿਰ ਜਬ ਨਉ ਦਿਨਿ ਬੀਤੇ ਤਬ ਸਭ ਪਰਵਾਰ ਇਕਠਾ ਹੋਇ ਕਰ ਮਾਤਾ ਭਾਨੀ ਨੂੰ ਲੈ ਕਰਿ ਪੰਜ ਮੋਹਰਾਂ ਨਉ ਰੁਪੈ ਮਾਨ ਸਾਹਿਬਾਣੀ ਦੇ ਹੱਥ ਕਰਿ ਗੁਰੂ ਰਾਮ ਦਾਸ ਜੀ ਕੀ ਪੈਰੀ ਲੈ ਜਾਇ ਪਾਇਆ। ਤਬ ਮਾਤਾ ਭਾਣੀ ਗੁਰੂ ਪਾਸ ਅਰਦਾਸ ਕਰੀ ਜੋ ਜੀ ਪਾਤਸਾਹਿ ਭਗਵਾਨ ਜੀ ਸਾਹਿਬਾਣੀ ਦੇ ਹੱਥੋਂ ਮੇਰਾ ਜੀਓ ਖਰਾ ਖੁਸ਼ੀ ਹੈ ਭਗਵਾਨ ਨੂੰ ਸੁਖ ਦੇਵਣ। ਨੀਗਰ ਜੀਵਣਾ ਕਰਣਾ .. (ਗੁਰੂ ਸਾਹਿਬ ਨੇ ਅਸੀਸਾਂ ਦਿੱਤੀਆਂ)। ਤਬ ਮਾਤਾ ਭਾਨੀ ਅਰਦਾਸ ਕੀਤੀ ਜੀ ਪਾਤਿਸਾਹਿ ਇਸ ਬਾਲਕੇ ਕਾ ਨਾਓ ਰਖੀਐ। ਤਬ ਗੁਰੂ ਰਾਮ ਦਾਸ ਕਹਿਆ ਜਿ ਇਸ ਬਾਲਕੇ ਕਾ ਨਾਮੁ ਮਨੋਹਰ ਦਾਸ ਰਖਹੁ। ਇਹ ਸਭਨ ਕੇ ਮਨੁ ਹਿਰਨ ਹਾਰ ਹੋਇਗਾ। ਜੋ ਇਸ ਕੋ ਦੇਖੇਗਾ ਤਿਸ ਕੇ ਮਨ ਕਉ ਹਿਰ ਲੇਵੈਗਾ।"[2]

ਇਸ ਤਰ੍ਹਾਂ ਬਾਲਕੇ ਦਾ ਨਾਮ ਮਨੋਹਰ ਦਾਸ ਰਖਿਆ। ਮਨੋਹਰ ਦਾਸ ਮਿਹਰਬਾਨ ਕਿਵੇਂ ਬਣਿਆ ਇਸ ਤਰ੍ਹਾਂ ਦਾ ਵਿਸਥਾਰ ਕਿਧਰੇ ਨਹੀਂ ਮਿਲਦਾ। ਇਉਂ ਜਾਪਦਾ ਹੈ ਕਿ ਵੱਡਾ ਹੋ ਕੇ ਇਹ ਬਾਲਕਾ ਗੁਣਾ ਵਾਲਾ ਬਣਿਆ ਅਤੇ ਇਸ ਦਾ ਨਾਂ "ਮਿਹਰਬਾਨ" ਕਰ ਕੇ ਪ੍ਰਸਿੱਧ ਹੋ ਗਿਆ। ਮਿਹਰਬਾਨ ਨਾਮ ਐਨਾ ਪ੍ਰਚਲਿਤ ਹੋਇਆ ਕਿ ਅਸਲ ਨਾਂ ਨੂੰ ਵੀ ਮਾਤ ਕਰ ਗਿਆ।

---

1. ਕਰਮ ਸਿੰਘ—"ਗੁਰਪੁਰਬ ਨਿਰਣਯ", ਪੰਨਾ 83
2. "ਗੋਸ਼ਟੀਆਂ ਮਿਹਰਵਾਨ", ਪਤਰਾ 10, ਖਰੜਾ ਪਬਲਿਕ ਲਾਇਬਰੇਰੀ, ਪਟਿਆਲਾ ਨੰਬਰ 2527—ਪਤ੍ਰਾ 59—60

Digitized by Panjab Digital Library | www.panjabdigilib.org

## ਗੁਰੂ ਅਰਜਨ ਸਾਹਿਬ ਤੋਂ ਵਿਦਿਆ ਪ੍ਰਾਪਤੀ

ਇਉਂ ਜਾਪਦਾ ਹੈ ਕਿ ਮਨੋਹਰ ਬਾਲਕ ਨੂੰ ਗੁਰੂ ਅਰਜਨ ਸਾਹਿਬ ਨੇ ਹੋਣਹਾਰ ਵੇਖਕੇ ਆਪਣੀ ਸਰਪਰਸਤੀ ਹੇਠ ਲੈ ਲਿਆ। ਉਨ੍ਹਾਂ ਸਮਿਆਂ ਵਿੱਚ ਵਿਦਿਆ ਪ੍ਰਣਾਲੀ ਅੱਜ ਕਲ ਵਾਂਗੂ ਨਹੀਂ ਸੀ ਹੁੰਦੀ। ਬਾਲਕ ਆਮ ਕਰਕੇ ਕਿਸੇ ਪਰਤਿਸ਼ਟ ਵਿਅਕਤੀ ਕੋਲ ਪੜ੍ਹਨਾ ਲਿਖਣਾ ਸਿਖਦੇ ਸਨ। ਮੁਸਲਮਾਨ ਮੁਢਲੀ ਵਿਦਿਆ ਮਸਜਦਾਂ ਵਿੱਚੋਂ ਅਤੇ ਹਿੰਦੂ ਕਈ ਵਾਰੀ ਸ਼ਿਵਾਲਿਆਂ ਜਾਂ ਮੰਦਰਾਂ ਵਿੱਚ ਲਿਖਣਾ ਪੜ੍ਹਨਾ ਸਿਖਦੇ ਸਨ। ਬਾਲਕ ਮਨੋਹਰ ਨੇ ਗੁਰੂ ਅਰਜਨ ਸਾਹਿਬ ਕੋਲ ਜਾਣਾ ਆਰੰਭ ਦਿੱਤਾ। ਗੁਰੂ ਸਾਹਿਬ ਇਸ ਬਾਲਕ ਦੇ ਸਰਲ ਸੁਭਾ ਤੋਂ ਬਹੁਤ ਪ੍ਰਭਾਵਤ ਸਨ ਜਿਵੇਂ ਕਿ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ :

ਸਰਲ ਸੁਭਾਉ ਜਾਨ ਕਰਿ ਆਛੇ
ਸਭ ਕੋ ਭਲੋ ਹੋਨ ਉਰ ਬਾਛੇ
ਅਧਿਕ ਸਨੇਹ ਸਨੇ ਤਿਸ ਸਾਥ
ਆਨਹਿ ਨਿਤਿ ਪ੍ਰਤਿ ਢਿਗ ਗੁਰੂ ਨਾਥ ।[1]

ਜਦੋਂ ਮਨੋਹਰ ਜਰਾ ਵੱਡਾ ਹੋਇਆ ਤਾਂ ਗੁਰੂ ਅਰਜਨ ਸਾਹਿਬ ਨਾਲ ਇਸ ਦਾ ਸਨੇਹ ਬਹੁਤ ਵਧਿਆ। ਗੁਰੂ ਸਾਹਿਬ ਵੀ ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਇਸ ਨੂੰ ਆਪਣਾ ਬੱਚਾ ਕਰਕੇ ਹੀ ਜਾਣਦੇ ਸਨ "ਜਿਮ ਨਿਜ ਸੁਤ ਕੋ ਜਾਨਹਿ ਤੈਸੇ"। ਮਨੋਹਰ ਦਾਸ ਨੂੰ ਬਸਤਰ ਆਦਿ ਵੀ ਬਨਵਾ ਦੇਂਦੇ ਸਨ। ਸੂਰਜ ਪ੍ਰਕਾਸ਼ ਵਿੱਚ ਅੰਕਤ ਹੈ :

ਸੰਮਤ ਬੀਤਯੋ ਵਧਯੋ ਸਰੀਰ। ਖੇਲਹਿ ਆਨ ਗੁਰੂ ਕੇ ਤੀਰ।
ਨਿਤ ਸਨੇਹ ਕਰਿ ਬਹੁਤ ਦੁਲਾਰਹਿ। ਗਹੈ ਭੁਜਾ ਨਿਜ ਅੰਕ ਬਿਠਾਰਹਿ।
ਨਿਜ ਢਿਗ ਤੇ ਭੂਖਨ ਘਨਿਵਾਏ। ਸੁੰਦੁਰ ਕੰਚਨ ਕੇ ਪਹਿਰਾਏ।
ਤਥਾ ਬਸਤ੍ਰ ਆਛੇ ਪਹਿਰਾਏ। ਗੋਟਾ ਉਪਰ ਤਿਨਹੁ ਲਗਾਏ [2]।।38।।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਵਿਚ ਮਨੋਹਰ ਦਾਸ ਇਕ ਬੜਾ ਗੰਭੀਰ, ਉਪਰਾਮ ਚਿਤ ਤੇ ਵਿਦਵਾਨ ਨੌਜਵਾਨ ਬਣਿਆ। ਇਸ ਦੀਆਂ ਰੁਚੀਆਂ ਆਪਣੇ ਬਾਹਰ ਮੁਖੀ ਪਿਤਾ ਨਾਲੋਂ ਬਿਲਕੁਲ ਹੀ ਵੱਖਰੀਆਂ ਸਨ। ਜਦੋਂ ਇਸ ਨੇ ਹੋਸ਼ ਸੰਭਾਲੀ ਇਹ ਅੰਮ੍ਰਿਤ ਵੇਲੇ ਉਠਦਾ, ਸਾਧਾਂ ਤੇ ਸੰਤਾਂ ਦੀ ਸੰਗਤ ਕਰਦਾ ਤੇ ਸਾਰਾ ਦਿਨ ਪੜ੍ਹਨ ਲਿਖਣ ਵਿਚ ਬਿਤਾ ਦੇਂਦਾ। ਖੁਸ਼ਵਕਤ ਰਾਏ, ਜਿਹੜਾ ਕਿ ਅੰਮ੍ਰਿਤਸਰ ਰਹਿੰਦਾ ਸੀ ਤੇ ਸਿਖਾਂ ਦੀਆ ਰਵਾਇਤਾਂ ਤੋਂ ਭਲੀ ਪ੍ਰਕਾਰ ਜਾਣੂ ਸੀ, ਨੇ 1811 ਈਸਵੀ ਵਿਚ ਰਚੀ ਤਾਰੀਖ-ਇ-ਸਿਖਾਂ ਵਿਚ ਲਿਖਿਆ ਹੈ :

"ਅਜ਼ ਪ੍ਰਿਥੀ ਮਲ ਮਿਹਰਬਾਨ ਪਿਸਰੈ ਬੂਦ ਵਾ ਊ ਅਜ਼ ਬਦੂ ਸੁਬਹ ਯੋਮ-ਉਲ ਤਮੀਜ਼ਮ ਸੁਹਬਤ-ਇ-ਫੁਕਰਾ-ਇ-ਕਾਮਲ ਵਾ ਮੁਸ਼ਾਗਲ-ਇ-ਇਲਮ ਵਾ ਅਦਬੁ

---

1. ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 2, ਅੰਸੂ 29
2. ਉਕਤ ਪੰਨਾ 1763—64

Digitized by Panjab Digital Library | www.panjabdigilib.org

ਮੇਦਾਸ਼ਤ । ਨਜ਼ਰ ਬਰਾਂ ਗੁਰੂ ਅਰਜਨ ਅਜ ਬਸ ਮਤਵੱਜਾ ਅਹਿਵਾਲ ਮੇਬੂਦ ।[1]

ਭਾਵ —ਪ੍ਰਿਥੀ ਮਲ ਦਾ ਇਕ ਪੁਤ੍ਰ ਮਿਹਰਬਾਨ ਨਾਮ ਦਾ ਸੀ । ਜਦ ਤੋਂ ਉਹ ਨੇ ਹੋਸ਼ ਸੰਭਾਲੀ ਸੀ, ਸਵੇਰ ਸ਼ੁਰੂ ਹੋਣ ਤੋਂ ਹੀ ਉਹ ਪਹੁੰਚੇ ਹੋਏ ਫਕੀਰਾਂ ਦੀ ਸੰਗਤ ਵਿਚ ਤੇ ਪੜ੍ਹਨ ਲਿਖਣ ਵਿਚ ਰੁੱਝਾ ਰਹਿੰਦਾ ਸੀ । ਇਸ ਵਾਸਤੇ ਗੁਰੂ ਅਰਜਨ ਸਾਹਿਬ ਉਸ ਵੱਲ ਜ਼ਿਆਦਾ ਧਿਆਨ ਰਖਦੇ ਸਨ ।

ਇਸੇ ਤਰ੍ਹਾਂ ਤਾਰੀਖੇ-ਇ-ਪੰਜਾਬ ਦਾ ਕਰਤਾ ਬੂਟੇ ਸ਼ਾਹ ਲਿਖਦਾ ਹੈ ਕਿ ਗੁਰੂ ਅਰਜਨ ਸਾਹਿਬ ਮਿਹਰਬਾਨ ਦੇ ਸੁਭਾ ਤੇ ਆਦਤਾਂ ਤੇ ਐਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਇਸ ਨੌਜਵਾਨ ਨੂੰ ਗੁਰਗੱਦੀ ਦੇਣ ਦਾ ਫੈਸਲਾ ਕਰ ਲਿਆ,[2] ਕਿਉਂਕਿ ਉਨ੍ਹਾਂ ਦੇ ਆਪਣੇ ਘਰ ਔਲਾਦ ਕੋਈ ਨਹੀਂ ਸੀ :

''ਦਰ ਖਾਨਾ-ਇ-ਅਰਜਨ ਮਲ ਪਿਸਰੇ ਨਾ ਬੂਦ । ਚੂੰ ਉਮਰਸ਼ ਨਿਸਫੇ ਰਸੀਦ ਮਿਹਰਬਾਨ ਨਾਮੀ ਬਰਾਦਰ ਜ਼ਾਦਾ-ਇ-ਖੁਦ ਬਰ ਮਸਨਦ-ਇ-ਖਲਾਫ਼ਤ ਨਿਸਾਂਦ ।

ਗੁਰੂ ਅਰਜਨ ਸਾਹਿਬ ਦੇ ਘਰ ਔਲਾਦ ਨਹੀਂ ਸੀ, ਜਦੋਂ ਉਨ੍ਹਾਂ ਦੀ ਅੱਧੀ ਕੁ ਉਮਰ ਬੀਤ ਗਈ, ਮਿਹਰਬਾਨ ਨਾਮੀ ਆਪਣੇ ਭਰਾ ਦੇ ਲੜਕੇ ਨੂੰ ਆਪਣੀ ਗਦੀ ਤੇ ਬਿਠਾ ਦਿੱਤਾ ।

ਉਪਰੋਕਤ ਟੂਕਾਂ ਸਪਸ਼ਟ ਕਰਦੀਆਂ ਹਨ ਕਿ ਮਿਹਰਬਾਨ ਗੁਰੂ ਅਰਜਨ ਸਾਹਿਬ ਜੀ ਦੇ ਬਹੁਤ ਹੀ ਨੇੜੇ ਸਨ ਤੇ ਉਨ੍ਹਾਂ ਦੇ ਨਿਕਟ ਵਰਤੀਆਂ ਵਿਚੋਂ ਸਨ । ਇਸ ਲਈ ਗੁਰੂ ਸਾਹਿਬ ਦਾ ਉਸ ਦੀ ਵਿਦਿਆ ਪ੍ਰਾਪਤੀ ਵਿਚ, ਖਿਆਲਾਂ ਦੀ ਉਸਾਰੀ ਵਿੱਚ, ਪੁਰਾਣਕ ਸਾਹਿਤ ਦੇ ਅਧਿਐਨ ਵਿਚ, ਜਿਹੜਾ ਕਿ ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰਗਟ ਹੈ, ਤੇ ਕਵਿਤਾ ਲਿਖਣ ਦੀ ਵਿਧੀ ਵਿਚ ਕਾਫ਼ੀ ਹੱਥ ਸੀ । ਅਸਲ ਗੱਲ ਤਾਂ ਇਹ ਹੈ ਕਿ ਮਿਹਰਬਾਨ ਦੀ ਕਵਿਤਾ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਛਾਪ ਪਰਤੱਖ ਹੈ ਤੇ ਉਸ ਵਿੱਚੋਂ ਗੁਰੂ ਸਾਹਿਬ ਦਾ ਨਿਮਨ ਲਿਖਤ ਰਿਣ ਨਜ਼ਰੀਂ ਆਉਂਦਾ ਹੈ :

(1) ਮਿਹਰਬਾਨ ਜੀ ਦੇ ਸਲੋਕਾਂ ਦਾ ਅਧਿਐਨ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਉਨ੍ਹਾਂ ਦੇ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੀ ਪ੍ਰੇਰਨਾ ਨਾਲ ਲਿਖੇ ਗਏ ਹਨ । ਉਨ੍ਹਾਂ ਵਿੱਚ ਨਾ ਕੇਵਲ ਖਿਆਲਾਂ ਦੀ ਸਾਂਝ ਹੈ ਸਗੋਂ ਅਖਰ ਚੋਣ ਵੀ ਉਹ ਹੀ ਹੈ ਜੋ ਗੁਰੂ ਅਰਜਨ ਸਾਹਿਬ ਦੀ ਬਾਣੀ ਦੀ ਹੈ :

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਲੋਕ ਹੈ :

> ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
> ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥

---

1. ਖੁਸ਼ਵਕਤ ਰਾਏ ਤਾਰੀਖੇ ਸਿਖਾਂ—ਫਾਰਸੀ ਹਥ-ਲਿਖਤ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ ਪੰਨਾ 17 । ਇਸ ਹਥ ਲਿਖਤ ਬਾਰੇ ਹੋਰ ਵਿਸਥਾਰ ਲਈ ਵੇਖੋ ਕਰਤਾ ਦੀ ਲਿਖੀ ਫਾਰਸੀ ਹਥ ਲਿਖਤਾਂ ਦੀ ਸੂਚੀ (ਅੰਗ੍ਰੇਜ਼ੀ) ਪੰਨਾ, ਪੰਨਾ 50 ਤੇ 51 ।
2. ਗੁਲਾਮ ਮੁਹੀਉੱਦੀਨ ਬੂਟੇ ਸ਼ਾਹ—ਤਾਰੀਖੇ-ਇ-ਪੰਜਾਬ ਜਿਲਦ ਪਹਿਲੀ—ਫਾਰਸੀ ਹੱਥ ਲਿਖਤ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਖਾਲਸਾ ਕਾਲਜ, ਅੰਮ੍ਰਿਤਸਰ ਪੰਨਾ 358 । ਇਸ ਹੱਥ ਲਿਖਤ ਬਾਰੇ ਵੇਖੋ ਕਰਤਾ ਦੀ ਲਿਖੀ ਫਾਰਸੀ ਹੱਥ ਲਿਖਤਾਂ ਦੀ ਸੂਚੀ (ਅੰਗ੍ਰੇਜ਼ੀ) ਪੰਨਾ, 48 ਤੇ 50

Digitized by Panjab Digital Library | www.panjabdigilib.org

ਇਕ ਹੋਰ ਥਾਂ :

ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥

(ਸੁਖਮਨੀ ਸਾਹਿਬ 11ਵੀਂ ਅਸ਼ਟਪਦੀ)

ਮਿਹਰਬਾਨ ਜੀ ਦਾ ਸਲੋਕ ਹੈ :

ਕਰਣ ਕਾਰਣ ਪ੍ਰਭ ਏਕੁ ਹੈ ਦੂਸਰੁ ਨਾਹੀ ਕੋਇ ।
ਨਾਨਕ ਦਾਸ ਸੋਈ ਭਲਾ ਜੋ ਕਰਿ ਵੇਖੈ ਸੋਇ ।

(ਜਨਮ ਸਾਖੀ ਪੰਨਾ 63)

ਸ੍ਰੀ ਗੁਰੂ ਅਰਜਨ ਸਾਹਿਬ ਦਾ ਸ਼ਲੋਕ ਹੈ :

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰ ਦੇਵ ॥

(ਸੁਖਮਨੀ ਸਾਹਿਬ ਛੇਵੀਂ ਅਸ਼ਟਪਟੀ)

ਮਿਹਰਬਾਨ ਦਾ ਸਲੋਕ ਹੈ :

ਕਾਮੁ ਕ੍ਰੋਧ ਅਹੰਕਾਰੁ ਮੋਹੁ ਲੋਭੁ ਗੁਰਿ ਦੀਆ ਝਗੜੁ ਚੁਕਾਇ ।
ਬਹੁੜਿ ਨ ਦੁਰਮਤਿ ਉਪਜੈ ਗੁਰੁ ਸੰਜਮੁ ਦੀਆ ਬਤਾਇ ।
ਸੰਤਨ ਕਾ ਉਪਦੇਸ ਸੁਨਿ ਦਾਸ ਨਾਨਕ ਹਰਿ ਗੁਣ ਗਾਇ ।

(ਜਨਮ ਸਾਖੀ ਪੰਨਾ 331)

ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਟੋਡੀ ਵਿੱਚ ਫਰਮਾਉਂਦੇ ਹਨ :

ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ।
ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥

(ਟੋਡੀ ਮਹਲਾ 5-2)

ਮਿਹਰਬਾਨ ਜੀ ਦਾ ਸਲੋਕ ਹੈ :

ਜਿਨਿ ਜਾਨਿਆ ਪ੍ਰਭ ਆਪਣਾ ਸੋਈ ਸਿਮਰੈ ਨਾਮੁ ।
ਨਾਨਕ ਦਾਸ ਤਿਨ ਜਨਹੁ ਕਾ ਸਗਲਾ ਸਵਰੈ ਕਾਮੁ ।

(ਜਨਮ ਸਾਖੀ ਪੰਨਾ 350)

ਇਸੇ ਤਰ੍ਹਾਂ ਹੋਰ ਸਲੋਕ ਦਿੱਤੇ ਜਾ ਸਕਦੇ ਹਨ ।

ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਮਿਹਰਬਾਨ ਜੀ ਨੇ ਆਪਣੀ ਕਾਵ ਛਾਪ "ਨਾਨਕ ਦਾਸ" ਤੇ "ਜਨ ਨਾਨਕ" ਰਖੀ ਹੈ । ਇਹ ਉਸ ਦੇ ਸਲੋਕਾਂ ਵਿੱਚ ਥਾਂ ਥਾਂ ਮਿਲਦੀ ਹੈ । ਕਈਆਂ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬਾਨ ਦੀ ਰੀਸ ਵਿਚ "ਨਾਨਕ" ਕਾਵ ਛਾਪ ਵਰਤਕੇ ਗੁਰਬਾਣੀ ਵਿੱਚ ਰਲਾ ਪਾਉਣ ਦਾ ਯਤਨ ਹੈ । ਗੁਰ ਗਦੀ ਪ੍ਰਾਪਤ ਕਰਨ ਤੋਂ ਬਿਨਾ ਮਿਹਰਬਾਨ ਨੂੰ ਕੋਈ ਹੱਕ ਨਹੀਂ ਸੀ ਕਿ ਇਹ ਸ਼ਬਦ ਵਰਤਦਾ । ਜੇਕਰ "ਨਾਨਕ" ਤੇ "ਜਨ ਨਾਨਕ" ਜਾਂ "ਨਾਨਕ ਦਾਸ" ਨੂੰ ਸਮਾਨੰਤਰ ਭਾਵ ਨਾਲ ਵੇਖੀਐ ਤਾਂ ਮਿਹਰਬਾਨ ਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੱਕ ਨਹੀਂ ਸੀ । ਪਰ ਸਿਖ ਗੁਰੂ ਸਾਹਿਬਾਨ ਦੀ ਕਾਵ-ਛਾਪ "ਨਾਨਕ" ਹੈ ਭਾਵੇਂ ਕਿਧਰੇ ਕਿਧਰੇ ਉਹ "ਜਨ ਨਾਨਕ" ਜਾਂ "ਨਾਨਕ ਦਾਸ"

Digitized by Panjab Digital Library | www.panjabdigilib.org

ਵੀ ਵਰਤ ਜਾਂਦੇ ਹਨ। ਮਿਹਰਬਾਨ ਦੀ ਕਾਵ ਛਾਪ "ਨਾਨਕ" ਨਹੀਂ "ਨਾਨਕ ਦਾਸ" ਜਾਂ "ਜਨ ਨਾਨਕ" ਹੈ ਜਿਵੇਂ ਕਿ ਉਨ੍ਹਾਂ ਦੇ ਸ਼ਲੋਕਾਂ ਤੋਂ ਸਪਸ਼ਟ ਹੈ। ਬਾਕੀ ਰਹੀ ਭਾਵਨਾ ਦੀ ਗੱਲ। ਜੇਕਰ ਨਾਨਕ ਬਾਣੀ ਨਾਲ ਪਿਆਰ ਅਤੇ ਸਰਧਾ ਦਾ ਭਾਵ ਗੁਰ-ਗਦੀ ਪ੍ਰਾਪਤ ਕਰਨ ਦਾ ਉਪਰਾਲਾ ਸਮਝੀਐ ਤਾਂ "ਨਾਨਕ ਦਾਸ" ਛਾਪ ਉਸੇ ਉਪਰਾਲੇ ਦਾ ਇਕ ਅੰਗ ਵੀ ਹੋ ਸਕਦੀ ਹੈ।

ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਹਰ ਇਕ ਅਸ਼ਟਪਦੀ ਦੇ ਆਰੰਭ ਵਿੱਚ ਇਕ ਇਕ ਸ਼ਲੋਕ ਦਿੱਤਾ ਹੈ, ਜਿਸ ਵਿੱਚ ਉਸ ਅਸ਼ਟਪਦੀ ਦਾ ਸਾਰ ਦਸਿਆ ਹੈ, ਇਸੇ ਤਰ੍ਹਾਂ ਮਿਹਰਬਾਨ ਨੇ ਹਰ ਇਕ ਗੋਸ਼ਟੀ ਦੇ ਅੰਤ ਵਿੱਚ ਇਕ ਸ਼ਲੋਕ ਦੇ ਕੇ ਉਸ ਗੋਸ਼ਟੀ ਦਾ ਮੁਖ ਭਾਵ ਦਸਿਆ ਹੈ। ਇਉਂ ਜਾਪਦਾ ਹੈ ਕਿ ਮਿਹਰਬਾਨ ਨੇ ਇਹ ਸ਼ਲੋਕ ਲਿਖਣ ਦੀ ਪ੍ਰੇਰਨਾ ਤੇ ਉਤਸਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਤੋਂ ਹੀ ਪ੍ਰਾਪਤ ਕੀਤਾ। ਇਸੇ ਲਈ ਇਕ ਦੋ ਥਾਵਾਂ ਤੇ ਮਿਹਰਬਾਨ ਨੇ ਗੋਸ਼ਟੀ ਦੇ ਅੰਤ ਵਿੱਚ ਆਪਣਾ ਸਲੋਕ ਦੇਣ ਦੀ ਥਾਂ ਗੁਰੂ ਅਰਜਨ ਸਾਹਿਬ ਦੀਆਂ ਰਚੀਆਂ ਤੁਕਾਂ ਲਿਖੀਆਂ ਹਨ ਜਿਵੇਂ ਕਿ ਪੋਥੀ ਸਚ ਖੰਡ ਦੀ 74ਵੀਂ ਗੋਸ਼ਟੀ ਦੇ ਅੰਤ ਵਿੱਚ ਗੁਰੂ ਅਰਜਨ ਸਾਹਿਬ ਦੀ ਬਾਣੀ ਲਿਖੀ ਹੈ:

ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥

(ਜਨਮ ਸਾਖੀ ਪੰਨਾ 245)

## ਮਿਹਰਬਾਨ ਜੀ ਦੀ ਸ਼ਾਦੀ ਤੇ ਔਲਾਦ

ਚੌਦਾਂ ਸਾਲ ਦੀ ਉਮਰ ਵਿੱਚ ਮਿਹਰਬਾਨ ਜੀ ਦੀ ਸ਼ਾਦੀ ਮਾਤਾ ਸੀਤਾ ਜੀ ਨਾਲ ਹੋਈ। ਆਪ ਦੇ ਘਰ ਤਿੰਨ ਲੜਕੇ ਹੋਏ: ਕਰਨ ਮਲ, ਹਰਜੀ ਤੇ ਚਤਰ ਭੁਜ। ਆਪ ਜੀ ਦੇ ਦਿਹਾਂਤ ਤੋਂ ਕੁਝ ਸਮਾਂ ਪਹਿਲਾਂ ਹਰਜੀ ਦੇ ਘਰ ਕੰਵਲ ਨੈਨ ਲੜਕਾ ਪੈਦਾ ਹੋਇਆ।[1] ਜਿਸ ਨੂੰ ਭਾਈ ਕਾਹਨ ਸਿੰਘ ਜੀ ਨੇ ਕੌਲ ਸਾਹਿਬ ਕਰ ਕੇ ਲਿਖਿਆ ਹੈ। ਇਨ੍ਹਾਂ ਦਾ ਵਿਸਥਾਰਕ ਹਾਲ ਅਧਿਆਇ 'ਉਤਰਾਧਿਕਾਰੀ' ਵਿੱਚ ਹੈ।

## ਪਹਾੜੀ ਰਿਆਸਤਾਂ ਦਾ ਦੌਰਾ

"ਗੋਸ਼ਟੀਆਂ ਮਿਹਰਵਾਨ" ਵਿੱਚ ਲਿਖਿਆ ਹੈ ਕਿ ਅਠੱਤੀ ਸਾਲ ਦੀ ਉਮਰ ਪਿੱਛੋਂ ਭਾਵ 1619 ਈਸਵੀ ਦੇ ਪਿੱਛੋਂ ਮਿਹਰਬਾਨ ਜੀ ਨੇ ਕਾਂਗੜੇ ਦੀਆਂ ਪਹਾੜੀ ਰਿਆਸਤਾਂ ਦਾ ਦੌਰਾ ਕੀਤਾ।[2] ਇਹ ਗੱਲ ਠੀਕ ਜਾਪਦੀ ਹੈ ਕਿਉਂਕਿ 1619 ਤੇ 1620 ਦੋ ਸਾਲ ਕਾਂਗੜੇ ਦੀਆਂ ਰਿਆਸਤਾਂ ਲਈ ਬੜੇ ਭਿਆਨਕ ਸਾਲ ਸਨ। ਜਹਾਂਗੀਰ ਦਾ ਪੁੱਤਰ ਸ਼ਾਹਜ਼ਾਦਾ ਖ਼ੁੱਰਮ (ਸ਼ਹਜਹਾਨ) ਬਹੁਤ ਸਾਰੀਆਂ ਮੁਗਲੀਆ ਫੌਜਾਂ ਲੈ ਕੇ ਕਾਂਗੜੇ ਦੇ ਕਿਲ੍ਹੇ ਨੂੰ ਸਰ ਕਰ ਰਿਹਾ ਸੀ। 1620 ਵਿੱਚ ਮੁਗਲ ਪਹਿਲੀ ਵਾਰੀ ਕਾਂਗੜੇ ਗਏ ਤੇ ਜਹਾਂਗੀਰ ਦੇ ਨਾਂ ਦਾ ਖੁਤਬਾ ਪੜ੍ਹਿਆ ਗਿਆ ਤੇ ਕਾਂਗੜੇ ਦੇ ਕਿਲ੍ਹੇ ਵਿੱਚ ਪਹਿਲੀ ਵਾਰੀ ਗਊ ਹਤਿਆ ਹੋਈ।[3] ਇਕ ਹੋਰ ਟੂਕ ਤੋਂ, ਜੋ "ਗੋਸ਼ਟਾਂ ਮਿਹਰਵਾਨ" ਵਿੱਚ ਅੰਕਿਤ ਹੈ ਪਤਾ ਲੱਗਦਾ ਹੈ ਕਿ ਮਿਹਰਬਾਨ ਜੀ 1628 ਈਸਵੀ ਦੇ ਨੇੜੇ ਕਾਂਗੜੇ ਗਏ। ਰਾਜੇ ਚੰਦਰਭਾਨ

---

1. ਗੋਸ਼ਟੀਆਂ ਮਿਹਰਵਾਨ ਪਤਰਾ, 348 ਅ
2. ਉਕਤ, ਹਥ ਲਿਖਤ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਪਤ੍ਰਾ 21 ਅ
3. ਜੇ: ਹਚੀਸਨ, ਹਿਸਟਰੀ ਆਫ ਦੀ ਪੰਜਾਬ ਹਿਲ ਸਟੇਟਸ, ਜਿਲਦ ਪਹਿਲੀ ਪੰਨਾ, 164

Digitized by Panjab Digital Library | www.panjabdigilib.org

ਕਾਂਗੜੇ ਵਾਲੇ ਦੇ ਮਿਹਰਬਾਨ ਜੀ ਨੂੰ ਮਿਲਣ ਦੇ ਕਥਨ ਤੋਂ ਸਿੱਧਾ ਹੁੰਦਾ ਹੈ ਕਿ ਮਿਹਰਬਾਨ ਜੀ ਨੇ ਪਹਾੜੀ ਰਿਆਸਤਾਂ ਦਾ ਦੌਰਾ 1627 ਈਸਵੀ ਤੋਂ ਪਿਛੋਂ ਕੀਤਾ ਹੋਵੇਗਾ, ਕਿਉਂ ਕਿ ਰਾਜਾ ਚੰਦਰਭਾਨ 1627 ਈਸਵੀ ਵਿੱਚ ਤਖ਼ਤ ਤੇ ਬੈਠਾ ਸੀ। ਅਨੁਮਾਨ ਹੈ ਕਿ ਮਿਹਰਬਾਨ ਜੀ 1628 ਈਸਵੀ ਵਿੱਚ ਪਹਾੜੀ ਇਲਾਕੇ ਨੂੰ ਗਏ ਜਦੋਂ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮੁਗਲ ਸੈਨਾ ਨਾਲ ਪਹਿਲੀ ਲੜਾਈ ਅੰਮ੍ਰਿਤਸਰ ਵਿੱਚ ਹੋਈ। ਅੰਮ੍ਰਿਤਸਰ ਦੀ ਲੜਾਈ ਤੋਂ ਪਿੱਛੋਂ ਗੁਰੂ ਘਰ ਦਾ ਮੁਗਲਾਂ ਨਾਲ ਵਿਰੋਧ ਹੋ ਗਿਆ ਅਤੇ ਮਿਹਰਬਾਨ ਜੀ ਨੇ ਇਸ ਭਿਆਨਕ ਸਮੇਂ ਪਹਾੜੀ ਰਿਆਸਤਾਂ ਦਾ ਦੌਰਾ ਰਖਿਆ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਪੰਜਾਬ ਦੇ ਪਹਾੜੀ ਇਲਾਕੇ ਸਰਕਾਰ ਦੇ ਵਿਰੋਧੀਆਂ ਲਈ ਸਦਾ ਹੀ ਸੁਰਖਿਅਤ ਥਾਂ ਸਮਝੇ ਜਾਂਦੇ ਰਹੇ ਹਨ। ਇਸ ਲਈ ਇਸ ਭਿਆਨਕ ਸਮੇਂ ਮਿਹਰਬਾਨ ਜੀ ਨੇ ਵੀ ਇਨ੍ਹਾਂ ਇਲਾਕਿਆਂ ਵਿੱਚ ਵਿਚਰਨ ਦਾ ਫ਼ੈਸਲਾ ਕੀਤਾ।

ਸਭ ਤੋਂ ਪਹਿਲਾਂ ਮਿਹਰਬਾਨ ਜੀ ਸੁਕੇਤ ਰਿਆਸਤ ਵਿੱਚ ਗਏ।[1] ਉਥੋਂ ਦੇ ਰਾਜੇ ਸਿਆਮ ਸੈਨ (1620-1650) ਨੇ ਬੜੀ ਸੇਵਾ ਕੀਤੀ। ਇਹ ਰਾਜਾ ਸੰਤਾਂ ਸਾਧਾਂ ਦੀ ਸੇਵਾ ਕਰਨ ਵਾਲਾ ਸੀ। ਇਸ ਦਾ ਕਾਰਣ ਇਹ ਸੀ ਕਿ ਇਕ ਯੋਗੀ ਕੋਲੋਂ ਸਰਾਪ ਮਿਲਣ ਕਰਕੇ ਉਹ ਬਹੁਤ ਉਪਰਾਮ ਰਹਿੰਦਾ ਸੀ।[2]

ਸੁਕੇਤ ਤੋਂ ਮਿਹਰਬਾਨ ਕੋਟਲੈਹੜ ਰਿਆਸਤ ਵਿੱਚ ਆਏ। ਇਥੋਂ ਦੇ ਰਾਜੇ ਨੇ ਵੀ ਬਹੁਤ ਸੇਵਾ ਕੀਤੀ। ਸੁਕੇਤ ਤੋਂ ਕਾਂਗੜੇ ਰਾਜੇ ਦੀ ਧਰਤੀ ਤੇ ਆਏ। ਚੰਦਰਭਾਨ ਰਾਜਾ ਮੁਗਲ ਸੈਨਾ ਨੂੰ ਕਾਂਗੜੇ ਵਿੱਚੋਂ ਕਢਣ ਦਾ ਯਤਨ ਕਰ ਰਿਹਾ ਸੀ ਉਹ ਆਪ ਨੂੰ ਮਿਲਣ ਆਇਆ। ਉਸ ਨੇ ਮਿਹਰਬਾਨ ਜੀ ਵਾਸਤੇ ਬਾਗ ਲੁਆ ਦਿੱਤਾ[3] ਤੇ ਇਕ ਡੇਰਾ ਬਣਵਾ ਦਿੱਤਾ। ਕੁਝ ਸਮਾਂ ਕਾਂਗੜੇ ਵਿਚ ਰਹਿਕੇ ਫਿਰ ਆਪ ਮੈਦਾਨੀ ਇਲਾਕੇ ਬੁਤਾਲੇ ਆ ਗਏ ਤੇ ਬੁਤਾਲੇ ਤੋਂ ਗੰਜਲ ਪਿੰਡ ਵਿੱਚ ਕੋਈ ਪੰਜ ਸਾਲ ਟਿਕੇ ਰਹੇ। ਗੰਜਲ ਤੋਂ ਫੇਰ ਸ਼ਹਿਨੇ ਕਾਲੇ ਤੋਂ ਫੀਰੋਜਪੁਰ ਦੇ ਰਸਤੇ ਮੁਹੰਮਦੀਪੁਰ ਆਏ। ਮੁਹੰਮਦੀ ਪੁਰ ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿੱਚ ਸੀ ਤੇ ਇਥੇ ਇਨ੍ਹਾਂ ਦਾ ਆਪਣਾ ਡੇਰਾ ਸੀ ਇਥੇ ਹੀ ਆਪ ਦਾ ਦਿਹਾਂਤ ਹੋਇਆ।

ਮਿਹਰਬਾਨ ਜੀ ਦਾ ਦੇਹਾਂਤ ਸੰਮਤ 1696 ਮਾਘ ਦੀ ਬਸੰਤ ਪੰਚਮੀ ਮੁਤਾਬਕ 18 ਜਨਵਰੀ 1640 ਈ. ਨੂੰ ਹੋਇਆ।[4] ਆਪ ਨੇ ਪੂਰੀ ਉਣਾਠ (59) ਸਾਲ ਉਮਰ ਭੋਗੀ। ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਆਪ ਗੁਰੂ ਨਾਨਕ ਸਾਹਿਬ ਜੀ ਦਾ ਇਹ ਸ਼ਬਦ ਪ੍ਰੇਮ ਨਾਲ ਪੜ੍ਹਦੇ ਤੇ ਸੁਣਿਆ ਕਰਦੇ ਸਨ :

ਸਜਣ ਸੇਈ ਨਾਲਿ ਮੈਂ ਚਲਦਿਆਂ ਨਾਲ ਚਲੰਨਿ

1. ਗੋਸ਼ਟੀਆ ਮਿਹਰਵਾਨ ਕੀਆਂ, ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਪੱਤ੍ਰਾ 300
2. ਜੇ : ਹਚੀਸ਼ਨ, ਹਿਸਟਰੀ ਆਫ ਦੀ ਪੰਜਾਬ ਹਿਲ ਸਟੇਟਸ, ਜਿਲਦ ਪਹਿਲੀ, ਪੰਨਾ 357
3. ਗੋਸ਼ਟੀਆ ਮਿਹਰਵਾਨ ਕੀਆਂ, ਪੱਤ੍ਰਾ 35 ਅ
4. ਉਕਤ ਪੱਤ੍ਰਾ 386 ਅ; ਪ੍ਰੋਫੈਸਰ ਦੀਵਾਨ ਸਿੰਘ (ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ) ਨੇ ਲਿਖਿਆ ਹੈ ਕਿ ਮਿਹਰਬਾਨ ਜੀ ਦਾ ਦਿਹਾਂਤ 1639 ਈਸਵੀ ਵਿੱਚ ਹੋਇਆ, ਜੋ ਗਲਤ ਹੈ। ਵੇਖੋ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਸੰਚੀ ਦੂਜੀ ਅਰੰਭਕਾ ਪੰਨਾ 51

Digitized by Panjab Digital Library | www.panjabdigilib.org

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥

(ਸੂਹੀ ਮਹਲਾ 1,3)

ਇਕ ਹੋਰ ਸ਼ਬਦ ਜੋ ਆਪ ਅਖੀਰਲੇ ਸਮੇਂ ਪੜ੍ਹਦੇ ਸਨ ਉਹ ਸੀ :—

ਆਵਹੁ ਭੈਣੇ ਗੱਲ ਮਿਲੋ ਅੰਕ ਸਹੇਲੜੀਆਂ
ਮਿਲ ਕੇ ਕਰੇ ਕਹਾਣੀਆਂ ਸਮਰਥ ਕੰਤ ਕੀਆਂ

ਆਪ ਦਾ ਆਖ਼ਰੀ ਉਪਦੇਸ਼ ਇਹ ਸੀ :—

"ਬੱਚਾ ਹਰਿ ਜੀ ਤੁਝ ਕਉ ਮੇਰੀ ਇਹ ਆਗਿਆ ਹੈ ਜੋ ਗੁਰੂ ਪਰਮੇਸਰ ਕਉ ਸਾਸਿ ਸਾਸਿ ਸਿਮਰਤੇ ਹੀ ਰਹਿਣਾ ।[1]

## ਮਿਹਰਬਾਨ ਜੀ ਦੀ ਸ਼ਖਸੀਅਤ

ਮਿਹਰਬਾਨ ਜੀ ਬਹੁਤ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ । ਆਪ ਜੀ ਦੀ ਚੌੜੀ ਛਾਤੀ, ਲੰਮੀਆਂ ਭੁਜਾਂ ਤੇ ਉਂਗਲਾਂ ਵੱਡੀਆਂ ਸਨ । ਆਪ ਦੇ ਨੇਤਰਾਂ ਵਿੱਚ ਲਾਲੀ ਤੇ ਹੇਠਲੇ ਕਾਲੇ ਡੋਰੇ ਵੇਖਣ ਵਾਲੇ ਤੇ ਬਹੁਤ ਪ੍ਰਭਾਵ ਪਾਉਂਦੇ ਸਨ । ਆਪ ਜਦੋਂ ਟੁਰਦੇ ਸਨ ਤਾਂ ਆਮ ਤੌਰ ਤੇ ਸੱਜੇ ਖੱਬੇ ਨਹੀਂ ਸਨ ਵੇਖਦੇ ਕੇਵਲ ਆਪਣੇ ਧਿਆਨ ਹੇਠਾਂ ਮੂੰਹ ਕਰਕੇ ਟੁਰੀ ਜਾਂਦੇ ਸਨ ।

ਜਿਥੇ ਮਿਹਰਬਾਨ ਜੀ ਉੱਚ ਕੋਟੀ ਦੇ ਲਿਖਾਰੀ, ਚੰਗੇ ਵਿਦਵਾਨ ਤੇ ਗੁਰਬਾਣੀ ਦੇ ਵਿਆਖਿਆਕਾਰ ਸਨ, ਉਥੇ ਉਹ ਬਹੁਤ ਵਡੇ ਕਲਾਕਾਰ ਵੀ ਸਨ । ਨਾ ਕੇਵਲ ਉਹ ਰਾਗ ਨੂੰ ਸਮਝਦੇ ਸਨ, ਸਗੋਂ ਰਾਗ ਨੂੰ ਗਾਇਨ ਕਰ ਸਕਦੇ ਸਨ । ਅਕਾਲ ਪੁਰਖ ਵਲੋਂ ਆਪ ਨੂੰ ਗੱਲਾ ਬਹੁਤ ਸੁਰੀਲਾ ਮਿਲਿਆ ਸੀ । ਜਿਸ ਵੇਲੇ ਆਪ ਕੀਰਤਨ ਕਰਦੇ ਤਾਂ ਸੰਗਤਾਂ ਬਹੁਤ ਪ੍ਰਭਾਵਿਤ ਹੁੰਦੀਆਂ । ਆਪ ਦੇ ਕੀਰਤਨ ਵਿੱਚ ਐਨੀ ਸ਼ਕਤੀ ਸੀ ਕਿ ਭਾਵੇਂ ਕੀਰਤਨ ਕਰਦਿਆਂ ਰਾਤ ਤੋਂ ਸਵੇਰ ਤੇ ਸਵੇਰ ਤੋਂ ਸ਼ਾਮ ਹੋ ਜਾਵੇ, ਸੰਗਤਾਂ ਬੈਠਕੇ ਸੁਣਦੀਆਂ ਰਹਿੰਦੀਆਂ ਸਨ, ਤੇ ਉਕਤਾਂਦੀਆਂ ਨਹੀਂ ਸਨ । ਮਿਹਰਬਾਨ ਜੀ ਛੇ ਰਾਗ ਤੇ ਛਤੀਸ ਰਾਗਨੀਆਂ ਦਾ ਗਾਇਨ ਕਰ ਸਕਦੇ ਸਨ ।

ਮਿਹਰਬਾਨ ਜੀ ਦਾ ਜੀਵਨ ਵੀ ਬੜਾ ਉੱਚਾ ਤੇ ਸੁੱਚਾ ਸੀ । ਆਪ ਜਿਥੇ ਧਾਰਮਕ ਤੇ ਆਤਮਕ ਮਸਲਿਆਂ ਨੂੰ ਸਮਝਦੇ ਸਨ ਉਸ ਦੇ ਨਾਲ ਹੀ ਅਮਲ ਭੀ ਕਰਦੇ ਸਨ । ਆਪ ਦਾ ਜੀਵਨ ਇਕ ਅਮਲੀ ਜੀਵਨ ਸੀ । ਆਪ ਸਵੇਰੇ ਅੰਮ੍ਰਿਤ ਵੇਲੇ ਉਠਦੇ, ਮਾਲਾ ਫੇਰਦੇ, ਜਪੁਜੀ ਸਾਹਿਬ ਦੇ ਇਕੀ ਪਾਠ ਹਰ ਰੋਜ਼ ਕਰਦੇ ਤੇ ਹਰ ਰੋਜ਼ ਕੁਝ ਨਾ ਕੁਝ ਦਾਨ ਕਰਦੇ ਸਨ । ਆਪਦੇ ਉਚੇ ਤੇ ਸੁੱਚੇ ਜੀਵਨ ਕਰਕੇ ਸੰਗਤਾਂ ਆਪ ਦਾ ਆਦਰ ਤੇ ਸਤਿਕਾਰ ਕਰਦੀਆਂ ਸਨ ।

ਆਪ ਜੀ ਦੀ ਪ੍ਰਸਿੱਧਤਾ ਦਾ ਵੱਡਾ ਕਾਰਣ ਉਸ ਸਮੇਂ ਸਿਖ ਮਤ ਵਿੱਚ ਆਇਆ ਪਰੀਵਰਤਨ ਸੀ । ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ 1606 ਈਸਵੀ ਵਿੱਚ ਜੋਤੀ ਜੋਤ ਸਮਾ ਗਏ ਤਾਂ ਸ੍ਰੀ ਹਰਿਗੋਬਿੰਦ ਜੀ ਨੂੰ ਗੁਰਿਆਈ ਮਿਲੀ ਤਾਂ ਉਨ੍ਹਾਂ ਨੇ ਸਿੱਖ ਰਹੁ-ਰੀਤ ਵਿੱਚ ਪਰੀਵਰਤਨ ਲੈ ਆਂਦਾ । ਆਪ ਨੇ ਦੋ ਤਲਵਾਰਾਂ—ਇਕ ਮੀਰੀ ਦੀ ਤੇ ਦੂਜੀ ਪੀਰੀ

1. ਉਕਤ, ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ, ਪਤ੍ਰਾ 247 ਅ

Digitized by Panjab Digital Library | www.panjabdigilib.org

ਦੀ-ਪਹਿਨੀਆਂ ਤੇ ਸਿੱਖਾਂ ਨੂੰ ਅੰਨ ਬਸਤਰ ਭੇਟਾ ਕਰਨ ਦੀ ਥਾਂ ਸ਼ਸਤਰ ਤੇ ਘੋੜੇ ਭੇਟਾ ਕਰਨ ਵਾਸਤੇ ਤਾਕੀਦ ਕੀਤੀ। ਗੁਰੂ ਹਰਗੋਬਿੰਦ ਜੀ ਦੀ ਉਸ ਵੇਲੇ ਉਮਰ ਕੇਵਲ ਗਿਆਰਾਂ ਸਾਲ ਦੀ ਸੀ। ਉਨ੍ਹਾਂ ਨੇ 1609 ਈਸਵੀ ਵਿੱਚ ਅਕਾਲ ਤਖ਼ਤ ਦੀ ਸਿਰਜਣਾ ਕੀਤੀ। ਸ਼ਿਕਾਰ ਖੇਡਣਾ, ਤੇ ਸ਼ਸਤਰ ਵਿਦਿਆ ਦੇ ਕਰਤੱਵ ਕਰਨੇ ਆਰੰਭ ਦਿੱਤੇ। ਸਿੱਖ ਗੁਰੂ ਸਾਹਿਬਾਂ ਦੀ ਪਰੰਪਰਾ ਵਿੱਚ ਇਹ ਇਕ ਨਵਾਂ ਤਜਰਬਾ ਸੀ।

ਗੁਰੂ ਹਰਿ ਗੋਬਿੰਦ ਜੀ ਦੀ ਇਹ ਨਵੀਂ ਰਹੁ-ਰੀਤੀ ਭਾਵੇਂ ਸਮੇਂ ਅਨੁਸਾਰ ਸੀ, ਪਰ ਇਸ ਨੇ ਕਈ ਸਿੱਖਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਕਰ ਦਿੱਤੇ। ਸਭ ਦੇਸ਼ਾਂ ਵਿੱਚ ਤੇ ਹਰ ਸਮੇਂ ਇਹ ਵੇਖਿਆ ਗਿਆ ਹੈ ਕਿ ਆਮ ਲੋਕਾਂ ਵਿੱਚ ਇੱਕ ਪਿੱਛਾਂ-ਖਿੱਚੂ ਰੁਚੀ ਹੁੰਦੀ ਹੈ, ਜਿਹੜੀ ਕਿ ਹਰ ਨਵੇਂ ਤਜਰਬੇ ਤੇ ਸ਼ੱਕ ਕਰਦੀ ਹੈ। ਪਹਿਲੇ ਸਿੱਖ ਗੁਰੂ ਸਾਹਿਬਾਂ ਦਾ ਨਮੂਨਾ ਜਿਹੜਾ ਕਿ ਆਮ ਸਿੱਖਾਂ ਸਾਹਮਣੇ ਸੀ, ਉਹ ਸੀ "ਨਾਮ ਜਪਣਾ ਤੇ ਜਪਾਉਣਾ', "ਮੰਜੀ ਤੇ ਬੈਠਣਾ ਤੇ ਉਪਦੇਸ਼ ਦੇਣਾ", "ਕੀਰਤਨ ਕਰਨਾ ਤੇ ਕਰਾਉਣਾ", ਸੰਤੋਖ ਦਾ ਉਪਦੇਸ਼ ਦੇਣਾ। ਇਸ ਹਾਲਤ ਵਿੱਚ ਅਕਬਰ ਵਰਗੇ ਬਾਦਸ਼ਾਹ ਵੀ ਸਿੱਖ ਗੁਰੂ ਸਾਹਿਬਾਂ ਕੋਲ ਚੱਲ ਕੇ ਆਉਂਦੇ ਰਹੇ। ਭਾਵੇਂ ਉਹ ਸਮਾਂ ਬਦਲ ਚੁਕਾ ਸੀ। ਪਰ ਆਮ' ਸਿੱਖਾਂ ਨੇ "ਸੰਤ ਸਿਪਾਹੀ" ਵਾਲਾ ਜੀਵਨ ਹਾਲੀ ਗ੍ਰਹਿਣ ਨਹੀਂ ਸੀ ਕੀਤਾ। ਸਿੱਖਾਂ ਦੇ ਸ਼ੰਕਿਆਂ ਦਾ ਭਾਈ ਗੁਰਦਾਸ ਜੀ ਨੇ ਇਕ ਪਉੜੀ ਵਿੱਚ ਬਹੁਤ ਸੁਹਣਾ ਨਿਰੂਪਣ ਕੀਤਾ ਹੈ :

ਧਰਮਸਾਲ ਕਰਿ ਬਹੀਦਾ ਇਕਤ ਥਾਂ ਨ ਟਿਕੈ ਟਿਕਾਇਆ ॥
ਪਾਤਿਸਾਹ ਘਰਿ ਆਂਵਦੇ ਗੜਿ ਚੜਿਆ ਪਾਤਿਸਾਹ ਚੜ੍ਹਾਇਆ ॥
ਉਮਤਿ ਮਹਲੁ ਨਾ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ ॥
ਮੰਜੀ ਬਹਿ ਸੰਤੋਖ ਦਾ ਕੁਤੇ ਰਖਿ ਸਿਕਾਰੁ ਖਿਲਾਇਆ ॥
ਬਾਣੀ ਕਰਿ ਸੁਣਿ ਗਾਂਵਦਾ ਕਥੇ ਨ ਸੁਣੇ ਨਾ ਗਾਵਿ ਸੁਣਾਇਆ।

(ਭਾਈ ਗੁਰਦਾਸ ਵਾਰ 26-24)

ਭਾਵ ਇਹ ਕਿ ਪਿਛਲੇ ਗੁਰੂ ਧਰਮਸਾਲਾ ਬਣਾ ਕੇ ਬਹਿੰਦੇ ਸਨ, ਪਰ ਛੇਵਾਂ ਗੁਰੂ ਇਕ ਜਗ੍ਹਾ ਟਿਕਾਇਆ ਨਹੀਂ ਟਿਕਦਾ। ਪਿਛਲੇ ਸਤਿਗੁਰੂ ਸਾਹਿਬਾਂ ਦੇ ਸਮੇਂ ਬਾਦਸ਼ਾਹ ਘਰ ਚੱਲ ਕੇ ਆਉਂਦੇ ਸਨ, ਪਰ ਛੇਵਾਂ ਗੁਰੂ ਪਾਤਸ਼ਾਹ ਦਾ ਚੜ੍ਹਾਇਆ ਹੋਇਆ ਗਵਾਲੀਅਰ ਦੇ ਕਿਲ੍ਹੇ ਤੇ ਜਾ ਚੜ੍ਹਿਆ ਹੈ। ਸਿੱਖ ਸੰਗਤਾਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦਰਸ਼ਨ ਨਹੀਂ ਪਾ ਸਕਦੀਆਂ, ਕਿਉਂਕਿ ਗੁਰੂ ਨੱਠਾ ਫਿਰਦਾ ਹੈ। ਕਿਸੇ ਦਾ ਡਰਾਇਆ ਡਰਦਾ ਨਹੀਂ। ਪਹਿਲੇ ਗੁਰੂ ਸਾਹਿਬਾਨ ਮੰਜੀ ਤੇ ਬੈਠ ਕੇ ਸੰਤੋਖ ਦਾ ਉਪਦੇਸ਼ ਕਰਦੇ ਸਨ, ਪਰ ਛੇਵੇਂ ਗੁਰੂ ਜੀ ਕੁੱਤੇ ਰੱਖ ਕੇ ਸ਼ਿਕਾਰ ਖੇਡਦੇ ਹਨ। ਪਿਛੇ ਹਰ ਇਕ ਗੁਰੂ ਬਾਣੀ ਨੂੰ ਰਚ ਕੇ ਸੁਣਾਉਂਦੇ ਸਨ ਤੇ ਗਾਉਂਦੇ ਸਨ, ਪਰ ਛੇਵੇਂ ਗੁਰੂ ਨਾ ਹੀ ਬਾਣੀ ਉਚਾਰਨ ਕਰਦੇ ਹਨ, ਨਾ ਸੁਣਦੇ ਸੁਣਾਉਂਦੇ ਹਨ ਆਦਿ। ਪੁਰਾਤਨ ਖਿਆਲਾਂ ਵਾਲੇ ਸਿਖਾਂ ਦੀ ਨਿਰਾਸਤਾ ਦਾ ਸਿਖਰ ਉਸ ਵਕਤ ਆਇਆ ਜਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਇਹ ਸੰਗਤਾਂ ਤੇ ਸੰਕਟ ਦਾ ਸਮਾਂ ਸੀ। ਉਨ੍ਹਾਂ ਦੀ ਸ਼ਰਧਾ ਦਾ ਕਰੜਾ ਇਮਤਿਹਾਨ ਸੀ।

ਗੁਰੂ ਹਰਿ ਗੋਬਿੰਦ ਜੀ ਦੀ ਗੈਰ-ਹਾਜ਼ਰੀ ਵਿੱਚ ਗੁਰੂ ਅੰਸ਼ ਵਿੱਚੋਂ ਕੇਵਲ ਮਿਹਰਬਾਨ ਜੀ ਹੀ ਸਨ, ਜਿਨ੍ਹਾਂ ਦਾ ਜੀਵਨ ਬੜਾ ਉਚਾ ਤੇ ਸੁੱਚਾ ਸੀ। ਆਪ ਅੰਮ੍ਰਿਤ ਵੇਲੇ ਉਠਦੇ,

Digitized by Panjab Digital Library | www.panjabdigilib.org

ਮਾਲਾ ਫੇਰਦੇ ਹਰ ਰੋਜ਼ ਦਾਨ ਕਰਦੇ ਤੇ ਜਪੁਜੀ ਸਾਹਿਬ ਦਾ ਪਾਠ ਕਰਦੇ ਸਨ। ਫੇਰ ਸੰਗਤ ਵਿੱਚ ਕੀਰਤਨ ਕਰਦੇ ਤੇ ਕਥਾ ਵਾਰਤਾ ਸੁਣਾਉਂਦੇ ਸਨ। ਆਪ ਦੀ ਰਸਨਾ ਵਿੱਚ ਬੜੀ ਮਿਠਾਸ ਸੀ ਜਦੋਂ ਆਪ ਗੁਰਬਾਣੀ ਗਾਇਨ ਕਰਦੇ ਜਾਂ ਗੁਰਬਾਣੀ ਦੀ ਵਿਆਖਿਆ ਕਰਦੇ ਤਾਂ ਸੰਗਤਾਂ ਨੂੰ ਬਹੁਤ ਪ੍ਰਭਾਵਿਤ ਕਰ ਲੈਂਦੇ ਸਨ। ਸੋ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿੱਚ ਸਨ ਤਾਂ ਉਸ ਵੇਲੇ ਸੰਗਤ ਦਾ ਝੁਕਾਉ ਮਿਹਰਬਾਨ ਜੀ ਵੱਲ ਵਧਿਆ ਤੇ ਇਹ ਗੱਲ ਆਮ ਪ੍ਰਸਿੱਧ ਹੋ ਗਈ ਕਿ ਮਿਹਰਬਾਨ ਹੀ "ਗੁਰੂ" ਹਨ ਜਿਵੇਂ ਕਿ ਗਣੇਸ਼ ਦਾਸ ਵਡੇਹਰਾ ਚਾਰ ਬਾਗ-ਇ-ਪੰਜਾਬ ਵਿੱਚ ਲਿਖਦਾ ਹੈ :

"ਗੁਰੂ ਅਰਜਨ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਕੈਦ ਹੋਣ ਪਿਛੋਂ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀਆ ਨਾਮੀ ਦਾ ਪੁਤਰ ਜਿਸ ਨੂੰ ਗੁਰੂ ਮਿਹਰਬਾਨ ਕਹਿੰਦੇ ਸਨ, ਗਦੀ ਤੇ ਬੈਠਾ।"

ਇਹ ਗੱਲ ਬਹੁਤ ਮਹਾਨਤਾ ਵਾਲੀ ਹੈ ਕਿ ਮਿਹਰਬਾਨ ਜੀ ਨੇ ਕਿਸੇ ਵੇਲੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ ਤੇ ਕਦੀ ਵੀ ਗੁਰੂ ਹੋਣ ਦਾ ਦਾਹਵਾ ਨਹੀਂ ਕੀਤਾ। ਮਿਹਰਬਾਨ ਦੀ ਸੰਪਰਦਾ ਨੇ ਮਿਹਰਬਾਨ ਦੇ ਚਲਾਣੇ ਪਿਛੋਂ ਆਪਣੀ ਗੱਦੀ ਦੀ ਮਹਾਨਤਾ ਨੂੰ ਪ੍ਰਗਟਾਉਣ ਲਈ "ਗੁਰੂ ਮਿਹਰਬਾਨ" ਕਰਕੇ ਪੁਸਤਕਾਂ ਵਿੱਚ ਲਿਖਿਆ ਹੈ ਪਰ ਮਿਹਰਬਾਨ ਜੀ ਜਿੰਨਾ ਚਿਰ ਜੀਉਂਦੇ ਰਹੇ ਸਦਾ ਆਪਣੇ ਆਪ ਨੂੰ "ਭਗਤ" ਅਖਵਾਉਂਦੇ ਸਨ ਤੇ ਆਪਣੇ ਆਪ ਨੂੰ "ਭਗਤ" ਕਹਿੰਦੇ ਸਨ, ਗੁਰੂ ਨਹੀਂ। ਗਣੇਸ਼ ਦਾਸ ਵਡੇਹਰਾ ਇਸ ਗਲ ਨੂੰ ਸਪਸ਼ਟ ਕਰਦਾ ਹੋਇਆ ਲਿਖਦਾ ਹੈ :

"ਖੁਦ ਰਾ ਭਗਤ ਕਰਾਰ ਦਾਦ"

ਮਿਹਰਬਾਨ ਜੀ ਆਪਣੇ ਆਪ ਨੂੰ ਭਗਤ ਅਖਵਾਉਂਦੇ ਸਨ" ਗੁਰੂ ਨਹੀਂ।

ਇਸ ਸੰਬੰਧ ਵਿੱਚ ਸਭ ਤੋਂ ਵਿਸ਼ੇਸ਼ ਸਾਖ "ਦਬਿਸਤਾਨ-ਇ-ਮਜ਼ਹਬ" ਦੀ ਹੈ। ਇਹ ਪੁਸਤਕ 1645 ਵਿੱਚ, ਮਿਹਰਬਾਨ ਜੀ ਦੇ ਦਿਹਾਂਤ ਦੇ ਪੰਜ ਸਾਲ ਪਿਛੋਂ ਲਿਖੀ ਗਈ ਇਸ ਵਿੱਚ ਵੀ ਇਸੇ ਗੱਲ ਨੂੰ ਸਪਸ਼ਟ ਕੀਤਾ ਤੇ ਲਿਖਿਆ ਹੈ :

ਏਸ਼ਾਂ ਖੁਦ ਰਾ ਭਗਤ ਯੈਹਨੀ ਪਰਸਤਾਰ-ਇ-ਖੁਦਾ ਗੀਰੰਦ

ਭਾਵ ਇਹ ਕਿ ਮਿਹਰਬਾਨ ਜੀ ਤੇ ਹਰਿ ਜੀ ਦੋਵੇਂ ਆਪਣੇ ਆਪ ਨੂੰ ਭਗਤ ਅਥਵਾ ਪਰਮਾਤਮਾ ਦੇ ਸੇਵਕ ਸਮਝਦੇ ਹਨ।

ਮਿਹਰਬਾਨ ਜੀ ਦੇ ਅਚਰਨ ਦੀ ਸਭ ਤੋਂ ਵੱਡੀ ਗੱਲ ਇਹ ਸੀ ਕਿ ਆਪ ਗੁਰਬਾਣੀ ਦਾ ਬਹੁਤ ਸਤਿਕਾਰ ਕਰਦੇ ਸਨ। ਬਚਪਣ ਤੋਂ ਹੀ ਆਪ ਨੇ ਗੁਰਬਾਣੀ ਦਾ ਸਤਿਕਾਰ ਕਰਨਾ ਸਿਖਿਆ ਅਤੇ ਆਖਰੀ ਉਮਰ ਤਕ ਆਪ ਬਾਣੀ ਦਾ ਪਰਚਾਰ ਅਤੇ ਸਤਿਕਾਰ ਕਰਦੇ ਰਹੇ। "ਗੋਸ਼ਟੀਆਂ ਮਿਹਰਵਾਨ" ਵਿੱਚ ਲਿਖਿਆ ਹੈ ਕਿ ਆਪ ਜਪਜੀ ਸਾਹਿਬ ਦਾ ਪਾਠ ਖੜੇ ਹੋ ਕੇ ਕਰਦੇ ਸਨ ਅਤੇ ਭੋਗ ਪੈਣ ਤੇ ਲੰਮੇ ਪੈ ਕੇ ਗੁਰਬਾਣੀ ਦੀ ਪੋਥੀ ਨੂੰ ਡੰਡਉਤ ਕਰਦੇ ਸਨ। ਆਪ ਹਰ ਰੋਜ ਜਪੁਜੀ ਸਾਹਿਬ ਦੇ ਇਕੀ ਪਾਠ ਕਰਦੇ ਅਤੇ ਹਰ ਪਾਠ ਪਿੱਛੋਂ ਡੰਡਉਤ ਕਰਦੇ ਸਨ। ਕਰਤਾ "ਗੋਸ਼ਟੀਆਂ ਮਿਹਰਬਾਨ" ਲਿਖਦਾ ਹੈ :

"ਲੰਬੇ ਆਸਨ ਹੋਇ ਕਰਿ ਡੰਡਉਤ ਕਰਤਾ ਅਰ ਚਾਰ ਪਹਿਰ ਦਿਨ ਅਰ ਰਾਤ ਕੇ

Digitized by Panjab Digital Library | www.panjabdigilib.org

ਵਿਖੇ ਇਕੀਸ ਬਾਰ ਜਪ ਪੜ੍ਹਤਾ ।"[1]

ਗੁਰੂ ਅਰਜਨ ਸਾਹਿਬ ਦੇ ਸਮੇਂ ਜਪੁਜੀ ਸਾਹਿਬ ਦਾ ਪਾਠ ਆਮ ਸੰਗਤਾਂ ਕਰਦੀਆਂ ਸਨ । ਹੋਰ ਸ਼ਬਦ ਵੱਖ ਵੱਖ ਡੇਰਿਆਂ ਜਾਂ ਧਰਮਸਾਲਾਂ ਵਿੱਚ ਅੱਡ ਅੱਡ ਹੀ ਪੜ੍ਹੇ ਜਾਂਦੇ ਸਨ । ਮਿਹਰਬਾਨ ਨੇ ਇਕ ਪੋਥੀ ਤੇਂ ਜਪੁਜੀ ਸਾਹਿਬ ਲਿਖਿਆ ਫੇਰ ਅੱਡ ਡੇਰਿਆਂ ਤੇ ਫਿਰ ਕੇ ਸ਼ਬਦ ਇਕੱਤਰ ਕਰਨੇ ਆਰੰਭ ਦਿਤੇ । ਇਸ ਤਰ੍ਹਾਂ ਇਕਤ੍ਰ ਕੀਤੀ ਬਾਣੀ ਦਾ ਉਹ ਦਿਨ ਰਾਤ ਪਾਠ ਕਰਦੇ ਸਨ । "ਗੋਸ਼ਟਾਂ ਮਿਹਰਵਾਨ" ਵਿੱਚ ਲਿਖਿਆ ਹੈ :

"ਪੋਥੀ ਲਿਖਾਣੀ ਉਤੇ ਜਪੁ ਤੇ ਆਦਿ ਲੈ ਕਰ ਹੋਰ ਬਾਣੀ ਖਣੁ ਲਿਖਾਇਆ ਫੇਰ ਅਗੇ ਖਣੁ ਦੇ ਇਕ ਇਕ ਦੁਇ ਦੁਇ ਛਕੈ ਸਭਨਾ ਗੁਰਾਂ ਮਹਲਿਆਂ ਕੇ ਸ਼ਬਦ ਲਖਾਏ । ਪੋਥੀ ਨਾਲ ਦਿਨ ਰਾਤ ਪ੍ਰੀਤ ਪਿਆਰ ਕਰੇ ।"[2]

ਇਸ ਸੰਬੰਧ ਵਿੱਚ ਇਕ ਭੁਲੇਖਾ ਕੇਸਰ ਸਿੰਘ ਛਿਬਰ ਕਰਤਾ ਬੰਸਾਵਲੀ ਨਾਮਾ ਨੇ ਪਾਇਆ ਹੈ, ਉਹ ਲਿਖਦਾ ਹੈ :

ਮੀਣਿਆਂ ਵੀ ਇਕ ਗ੍ਰੰਥ ਬਨਾਇਆ ।... ...
ਚਹੁੰ ਪਾਤਸਾਹੀਆਂ ਦੇ ਸਬਦ ਬਾਣੀ ਲਿਖ ਵਿੱਚ ਪਾਇਆ ।
ਇਥੇ ਸਬਦ ਕੀਰਤਨ ਕਰਨ ਸਿਖ । ਰਬਾਬੀ ਡੂਮ ਉਨ੍ਹਾਂ ਲਏ ਰਖ ।
ਇਥੇ ਕਿਸੇ ਸਿਖ ਸਬਦ ਮਿਹਰਬਾਨ ਦਾ ਪੜ੍ਹਿਆ ।
ਉਹ ਸਬਦ ਅਵਾਜ਼ ਗੁਰੂ ਅਰਜਨ ਦੇ ਪੜ੍ਹਿਆ ।
ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ ।
ਮੀਣੇ ਪਾਣ ਲੱਗੇ ਨੀ ਰਲ੍ਹਾ ਸੋ ਨਿਆਰੀ ਕਰ ਧਰੀਏ ।
ਸੋ ਸਾਹਿਬ ਅਗੇ ਹੀ ਬਾਣੀ ਉਚਾਰ ਕਰਤ ਸੋ ਭਏ ।
ਸੋ ਭਾਈ ਗੁਰਦਾਸ ਸਭ ਇਕੱਤਰ ਕਰ ਲਏ ।

ਇਸ ਟੂਕ ਤੋਂ ਕੇਸਰ ਸਿੰਘ ਦਾ ਇਹ ਭਾਵ ਹੈ :

1. ਮਿਹਰਬਾਨ ਜੀ ਨੇ ਇਕ ਗਰੰਥ ਰਚਿਆ ਜਿਹੜਾ ਕਿ ਗੁਰੂ ਗਰੰਥ ਸਾਹਿਬ ਵਰਗਾ ਸੀ, ਉਹਦੇ ਵਿੱਚ ਚਾਰ ਗੁਰੂ ਸਾਹਿਬ ਦੇ ਸ਼ਬਦ ਸਨ ਤੇ ਗੁਰੂ ਅਰਜਨ ਦੇਵ ਜੀ ਦੇ ਟਾਕਰੇ ਤੇ ਉਨ੍ਹਾਂ ਨੇ ਆਪਣੇ ਸ਼ਬਦ ਰਚ ਕੇ ਉਸ ਵਿੱਚ ਪਾ ਦਿੱਤੇ ਸਨ ।

2. ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਮਿਹਰਬਾਨ ਜੀ ਗੁਰੂ ਨਹੀਂ ਸਨ ਮੰਨਦੇ, ਇਸ ਲਈ ਉਨ੍ਹਾਂ ਦੀ ਬਾਣੀ ਨੂੰ ਆਪਣੇ ਗਰੰਥ ਵਿੱਚ ਨਾ ਮਿਲਾਇਆ ।

ਇਹ ਦੋਵੇ ਗੱਲਾਂ ਨਿਰਮੂਲ ਹਨ :

1. ਜੇ ਕਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਟਾਕਰੇ ਤੇ ਮਿਹਰਬਾਨ ਜੀ ਨੇ ਕੋਈ ਹੋਰ ਬਾਣੀ ਗਰੰਥ ਰਚਿਆ ਹੁੰਦਾ ਤਾਂ ਭਾਈ ਕਾਹਨ ਸਿੰਘ ਮਿਹਰਬਾਨ ਜੀ ਦੇ ਚੇਲਿਆਂ ਬਾਰੇ ਇਸ ਤਰ੍ਹਾਂ ਨ ਲਿਖਦੇ :

"ਹਰੀਆ ਤੇ ਬਾਲਾ ਜੱਟ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦੇ ਚੇਲੇ ਹੋਏ ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉਪਰ ਮੋਰ ਪੰਖ ਦਾ ਮੁਕਟ ਪਹਿਨਦੇ ਸਨ । ਇਸ ਕਰਕੇ

1. "ਗੋਸ਼ਟੀਆਂ ਮਿਹਰਵਾਨ", ਪਤਰਾ 19
2. ਉਕਤ (ਪਬਲਿਕ ਲਾਇਬਰੇਰੀ ਪਟਿਆਲਾ) ਖਰੜਾ ਪਤਰਾ 61–ਅ

Digitized by Panjab Digital Library | www.panjabdigilib.org

ਉਨ੍ਹਾਂ ਦੀ ਅਤੇ ਉਨ੍ਹਾਂ ਦੇ ਜੋ ਪੰਥ ਚਲਿਆ ਉਸ ਦੀ ਦਿਵਾਨੇ ਸੰਗਿਆ ਹੋਈ।[1] **ਇਨ੍ਹਾਂ ਦਾ ਧਰਮ ਪੁਸਤਕ ਗੁਰੂ ਗਰੰਥ ਸਾਹਿਬ ਹੈ।''**

ਭਾਈ ਸੰਤੋਖ ਸਿੰਘ ਜਾਂ ਕੋਈ ਹੋਰ ਪੁਰਾਤਨ ਲਿਖਤ ਇਸ ਗੱਲ ਦੀ ਪੁਸ਼ਟੀ ਨਹੀਂ ਕਰਦੀ, ਕਿ ਮਿਹਰਬਾਨ ਜੀ ਨੇ ਕੋਈ ਗਰੰਥ ਗੁਰੂ ਗਰੰਥ ਸਾਹਿਬ ਦੇ ਮੁਕਾਬਲੇ ਤੇ ਰਚਿਆ ਹੋਵੇ। ਵਿਆਖਿਆਤਮਕ ਪਦਯ ਰਚ ਕੇ ਮਿਹਰਬਾਨ ਜੀ ਨੇ ਗੁਰਬਾਣੀ ਦੀ ਵਿਆਖਿਆ ਜ਼ਰੂਰ ਕੀਤੀ ਹੈ, ਪਰ ਇਹ ਪਰਮਾਰਥ ਦਰਸਾਉਣ ਦਾ ਮਹਾਂ ਕੰਮ ਗੁਰਬਾਣੀ ਤੇ ਅਤੁਟ-ਸ਼ਰਧਾ ਤੋਂ ਬਗ਼ੈਰ ਨਹੀਂ ਸੀ ਹੋ ਸਕਦਾ। ਇਸ ਲਈ ਇਹ ਕਹਿਣਾ, ਕਿ ਮਿਹਰਬਾਨ ਨੇ ਗੁਰੂ ਅਰਜਨ ਸਾਹਿਬ ਦੇ ਟਾਕਰੇ ਤੇ ਗੁਰਬਾਣੀ ਦਾ ਗਰੰਥ ਬਣਾਇਆ, ਦਰੁਸਤ ਨਹੀਂ ਜਾਪਦਾ।

ਇਹ ਗੱਲ ਵੀ ਬਿਲਕੁਲ ਨਿਰਮੂਲ ਜਾਪਦੀ ਹੈ ਕਿ ਮਿਹਰਬਾਨ ਜੀ ਕੇਵਲ ਚਾਰ ਗੁਰੂ ਸਾਹਿਬਾਂ ਨੂੰ ਹੀ ਗੁਰੂ ਮੰਨਦੇ ਸਨ, ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਹੀਂ ਸਨ ਮੰਨਦੇ। ਮਿਹਰਬਾਨ ਤੇ ਉਸ ਦੀ ਸੰਪਰਦਾ ਵਿੱਚ ਜਿੰਨੀਆਂ ਰਚਨਾਵਾਂ ਹੋਈਆ ਹਨ, ਉਨ੍ਹਾਂ ਸਾਰੀਆਂ ਵਿੱਚ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਮੰਨਿਆ ਹੈ। (1) 'ਗੋਸ਼ਟੀਆਂ ਮਿਹਰਵਾਨ' ਦੇ ਆਰੰਭ ਵਿੱਚ ਹੀ ਪਹਿਲੇ ਗੁਰੂ ਸਾਹਿਬਾਨ ਦੇ ਨਾਲ ਸਤਿਗੁਰੂ ਅਰਜਨ ਦੇਵ ਜੀ ਦਾ ਨਾਮ ਲਿਖਿਆ ਹੈ। (2) ਮਿਹਰਬਾਨ ਜੀ ਨਾ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਮੰਨਦੇ ਸਨ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਥੱਲੇ ਲਿਖੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ, ਜਿਵੇਂ ਕਿ ਪਹਿਲਾਂ ਸਿੱਧ ਕੀਤਾ ਜਾ ਚੁੱਕਾ ਹੈ।

ਮਿਹਰਬਾਨ ਜੀ ਗੁਰਬਾਣੀ ਦਾ ਬਹੁਤ ਹੀ ਸਤਿਕਾਰ ਕਰਦੇ ਸਨ। ਜਦੋਂ ਕੋਈ ਆਪ ਪਾਸ ਪ੍ਰਸ਼ਨ ਕਰਦਾ ਸੀ ਤਾਂ ਉੱਤਰ ਵਿੱਚ ਆਮ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚੋਂ ਬਾਣੀ ਦੀਆਂ ਤੁਕਾਂ ਪੜ੍ਹਕੇ ਉਨ੍ਹਾਂ ਦਾ ਪਰਮਾਰਥ ਵਿਸਤਾਰ ਨਾਲ ਦਸ ਦੇਂਦੇ ਤਾਂ ਜੋ ਉਨ੍ਹਾਂ ਤੁਕਾਂ ਦਾ ਸਾਰ ਭਾਵ ਹਰ ਇਕ ਦੀ ਸਮਝ ਵਿਚ ਆ ਸਕੇ। ਕਈ ਵਾਰੀ ਕਿਸੇ ਪ੍ਰਸ਼ਨ ਕੀਤਾ—''ਉਹ ਜੁ ਕੋਈ ਅਦਿਸ਼ਟ ਅਗੋਚਰ ਪੁਰਖ ਹੈ ਨਿਰੰਜਨ ਦੇਉ ਸ੍ਰੀ ਕ੍ਰਿਸ਼ਨ ਚੰਦ ਸੁਜਿਤ ਮਾਰਗ ਕਰਿ ਕਰਿ ਸੁਖੇਨ ਹੀ ਪ੍ਰਾਪਤ ਹੈ ਹੋਇ ਸੁ ਉਪਦੇਸ਼ ਕ੍ਰਿਪਾ ਕਰਿ ਕਰਿ ਕਹੀਐ ਜੀ।'' ਮਿਹਰਬਾਨ ਜੀ ਨੇ ਉਤਰ ਵਿੱਚ ਰਾਗ ਮਾਰੂ ਨਾਮਦੇਵ ਜੀ ਦਾ ਸਬਦ ਉਚਾਰ ਸੁਣਾਇਆ :

ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥
ਗੁਰ ਉਪਦੇਸ ਸਾਧ ਕੀ ਸੰਗਤਿ ਭਗਤੁ ਭਗਤੁ ਤਾਕੋ ਨਾਮੁ ਪਰਿਓ ॥

(ਮਾਰੂ ਨਾਮ ਦੇਵ ਜੀ—1)

ਇਸ ਤਰ੍ਹਾਂ ਆਪ ਜਿਥੇ ਗੁਰਬਾਣੀ ਦੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਉਥੇ ਗੱਲਾਂ ਬਾਤਾਂ ਵਿੱਚ ਵੀ ਸੂਖਮ ਤੋਂ ਸੂਖਮ ਆਤਮਕ ਮਸਲਿਆਂ ਨੂੰ ਸੌਖੇ ਤਰੀਕੇ ਨਾਲ ਸਮਝਾ ਦੇਂਦੇ ਸਨ। ਆਪ ਨੂੰ ਭਾਰਤੀ ਮਿਥਿਆਸ ਦਾ ਗਿਆਨ ਸੀ ਜਿਸ ਵਿੱਚੋਂ ਆਪ

---

1. ਵੇਖੋ 'ਦਿਵਾਨਿਆਂ ਦਾ ਹਾਲ' ਉਤਰ-ਅਧਿਕਾਰੀ ਅਧਿਆਇ ਵਿਚ

Digitized by Panjab Digital Library | www.panjabdigilib.org

ਮਿਸਾਲਾਂ ਦੇ ਕੇ ਗੁਰਬਾਣੀ ਨੂੰ ਸਮਝਣ ਲਈ ਸੌਖਾ ਕਰ ਦੇਂਦੇ ਸਨ। ਗੋਸ਼ਟਾਂ ਮਿਹਰਵਾਨ ਵਿੱਚ ਲਿਖਿਆ ਹੈ "ਤਬ ਸਿੱਖ ਸੰਗਤੀ ਕਉ ਭਗਤਾਂ ਕੀਆਂ ਸਾਖੀਆਂ ਅਰ ਗੁਰੂ ਕੀਆਂ ਸਾਖੀਆਂ ਅਰ ਅਉਰ ਕਥਾ ਚਰਚਾ ਪਰਮੇਸ਼ਰ ਕੇ ਨਮਿਤ ਨਿਤ ਆਮ ਹੋਇਆ ਕਰਤਾ।"[1]

ਮਿਹਰਬਾਨ ਜੀ ਵਿੱਚ ਆਪਣੇ ਖ਼ਾਨਦਾਨ ਦੀਆਂ ਮਹਾਨ ਵਿਅਕਤੀਆਂ ਦੇ ਬਹੁਤ ਗੁਣ ਮੌਜੂਦ ਸਨ। ਆਪ ਵਿੱਚ ਗੁਰੂ ਰਾਮਦਾਸ ਜੀ ਦੀ ਰਾਗ ਪ੍ਰਬੀਨਤਾ—ਜਿਵੇਂ ਕਿ ਪਹਿਲਾਂ ਦਸਿਆ ਹੈ ਕਿ ਆਪ ਬਾਣੀ ਕਈ ਰਾਗਾਂ ਵਿੱਚ ਗਾਇਨ ਕਰ ਸਕਦੇ ਸਨ—ਭਾਈ ਗੁਰਦਾਸ ਦੀ ਅਧਿਆਤਮਕਤਾ, ਗੁਰੂ ਅਰਜਨ ਸਾਹਿਬ ਦੀ ਗਿਆਨ ਪ੍ਰਬੀਨਤਾ, ਸਰਲਤਾ ਅਤੇ ਸਪਸ਼ਟਤਾ ਦੀ ਆਪ ਦੀ ਰਚਨਾ ਤੇ ਅਮਿਟ ਛਾਪ ਸੀ। ਮਿਹਰਬਾਨ ਆਪਣੇ ਸਮੇਂ ਦੇ ਉਚ ਕੋਟੀ ਦੇ ਵਕਤਾ, ਰਾਗ ਗਾਇਨ ਅਚਾਰੀਆ ਅਤੇ ਲਿਖਾਰੀ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ ਦਾ ਅਧਿਐਨ ਅਸੀਂ ਅਗਲੇ ਪੰਨਿਆਂ ਤੇ ਕਰਾਂਗੇ।

---

1, 'ਗੋਸ਼ਟਾ ਮਿਹਰਵਾਨ' ਪਤਰਾ 66-ਅ

Digitized by Panjab Digital Library | www.panjabdigilib.org

ਅਧਿਆਇ 3

# ਰਚਨਾਵਾਂ

ਮਨੋਹਰ ਦਾਸ ਮਿਹਰਬਾਨ ਨੇ ਬਹੁਤ ਸਾਰੀਆਂ ਰਚਨਾਵਾਂ ਕੀਤੀਆਂ ਹਨ। ਮਿਹਰਬਾਨ ਜੀ ਦਾ ਪੁਤਰ ਹਰਿ ਜੀ "ਗੋਸ਼ਟਾਂ ਮਿਹਰਵਾਨ ਜੀ' ਵਿੱਚ ਕਈ ਰਚਨਾਵਾਂ ਦਾ ਕਥਨ ਕਰਦਾ ਹੈ ਅਤੇ ਲਿਖਦਾ ਹੈ : "ਅਰ ਸਭਨਾ ਗੁਰਾਂ ਕੀਆਂ ਗੋਸਟੀ ਅਰ ਸਭਨਾ ਭਗਤਾਂ ਕੀਆਂ ਗੋਸ਼ਟੀ.. ...ਹੋਈਆਂ। ਕਬੀਰ ਗੁਸਾਈਂ ਕੀਆਂ ਗੋਸ਼ਟਾਂ ਭਈ ਥੀਆਂ ਤਿੱਸੋ ਥੀ ਪੀਛੇ ਅਉਰ ਸਭ ਗੋਸਟਿ ਹੋਈਆਂ।"

ਇਸ ਟੂਕ ਤੋਂ ਪਤਾ ਲੱਗਦਾ ਹੈ ਕਿ ਮਿਹਰਬਾਨ ਜੀ ਨੇ ਗਰੂ ਨਾਨਕ ਸਾਹਿਬ, ਗਰੂ ਅੰਗਦ ਸਾਹਿਬ, ਗਰੂ ਅਮਰਦਾਸ, ਗਰੂ ਰਾਮ ਦਾਸ ਅਤੇ ਗਰੂ ਅਰਜਨ ਸਾਹਿਬ ਦੀਆਂ ਗੋਸ਼ਟਾਂ ਲਿਖੀਆਂ। ਪਰ ਇਨ੍ਹਾਂ ਰਚਨਾਵਾਂ ਤੋਂ ਪਹਿਲਾਂ ਕਬੀਰ ਗੁਸਾਈਂ ਦੀਆਂ ਗੋਸ਼ਟਾਂ ਲਿਖੀਆਂ ਅਤੇ ਫੇਰ ਗੁਰੂ ਸਾਹਿਬਾਨ ਦੀਆਂ। ਇਸ ਲਈ ਗੁਰੂ ਸਾਹਿਬਾਨ ਦੀਆਂ ਗੋਸ਼ਟਾਂ ਤੇ ਵੀਚਾਰ ਕਰਨ ਤੋਂ ਪਹਿਲਾਂ ਅਸੀਂ ਕਬੀਰ ਜੀ ਦੀਆਂ ਗੋਸ਼ਟਾਂ ਤੇ ਵਿਚਾਰ ਕਰਾਂਗੇ।

ਪੰਜਾਬੀ ਗੁਰਮੁਖੀ ਦੀ ਇਕ ਪੁਰਾਤਨ ਹਥ-ਲਿਖਤ ਜਿਸ ਦਾ ਨਾਂ 'ਕਥਾਵਾਂ ਕਬੀਰ' ਸੀ, ਪੰਜਾਬੀ ਯੂਨੀਵਰਸਿਟੀ ਨੇ ਹੁਣੇ ਹੀ ਪ੍ਰਾਪਤ ਕੀਤੀ ਹੈ। ਇਸ ਦਾ ਟਾਕਰਾ ਭਾਈ ਚਤੁਰ ਸਿੰਘ ਜੀਵਨ ਸਿੰਘ ਦੀ ਪ੍ਰਕਾਸ਼ਤ "ਵੱਡੀ ਜਨਮ ਸਾਖੀ ਭਗਤ ਕਬੀਰ"[1] (ਵੇਖੋ ਨੰਬਰ 927 ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ) ਕਰਨ ਤੇ ਪਤਾ ਲਗਦਾ ਹੈ ਕਿ ਛਪੀ ਪੁਸਤਕ ਹੱਥ-ਲਿਖਤ ਖਰੜੇ ਵਿੱਚੋਂ ਪਹਿਲੀਆਂ 82 ਕਥਾਵਾਂ ਜਾਂ ਗੋਸ਼ਟਾਂ ਦਾ ਉਤਾਰਾ ਹੈ। ਇਸ ਹੱਥ-ਲਿਖਤ ਵਿੱਚ ਕੁਲ 134 ਕਥਾਵਾਂ ਹਨ। ਕੁਲ ਪਤਰੇ 384 ਹਨ ਅਤੇ 82 ਗੋਸ਼ਟਾਂ ਦਾ ਅੰਤ 240 ਪਤਰੇ ਤੇ ਹੁੰਦਾ ਹੈ।

ਜਿਵੇਂ ਗੋਸ਼ਟਾਂ ਗਰੂ ਨਾਨਕ ਸਾਹਿਬ ਜਾਂ ਪੋਥੀ ਸੱਚ ਖੰਡ ਜੋ ਜਨਮ ਸਾਖੀ ਗੁਰੂ ਨਾਨਕ ਦੇਵ ਮਿਹਰਬਾਨ ਜੀ ਦੀ ਜਿਲਦ ਪਹਿਲੀ ਦੇ ਸਿਰਲੇਖ ਹੇਠ ਖਾਲਸਾ ਕਾਲਜ ਵਲੋਂ ਛਪੀ ਹੈ, ਦੀ ਪਹਿਲੀ ਗੋਸ਼ਟ ਦਾ ਆਰੰਭ ਗਰੂ ਸਾਹਿਬ ਦੇ ਪੂਰਬਲੇ ਜਨਮ ਤੋਂ ਹੁੰਦਾ ਹੈ ਅਤੇ ਗੋਸ਼ਟ ਰਾਜੇ ਜਨਕ ਦੀ ਆਉਂਦੀ ਹੈ। ਇਸੇ ਤਰ੍ਹਾਂ ਗੋਸ਼ਟਾਂ ਕਬੀਰ ਜੀ ਦਾ ਆਰੰਭ ਕਬੀਰ ਜੀ ਦੇ ਪੂਹਬਲੇ ਜਨਮ ਤੋਂ ਹੁੰਦਾ ਹੈ :

"ੴ ਸਤਿਗੁਰ ਪ੍ਰਸਾਦਿ। ਆਦਿ ਕਥਾ ਕਬੀਰ ਗੁਸਾਈ ਜੀ ਕੀ ਪੂਰਬਲੇ ਜਨਮ ਕੀ। ਸਲੋਕ।

---

1. ਇਹ ਚੌਥੀ ਐਡੀਸ਼ਨ ਹੈ ਤੇ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਛਪਵਾਈ। 'ਖ਼ਾਸ ਬੇਨਤੀ' ਵਿਚ ਲਿਖਿਆ ਕਿ "ਇਹ ਗੋਸ਼ਟਾਂ ਭਾਈ ਹੀਰਾ ਨੰਦ ਕਬੀਰ ਦੇ ਪਰਮ ਪ੍ਰੇਮੀ ਨੇ ਖਾਸ ਮਿਨਤ ਕਰਕੇ ਲਿਖਵਾਈਆਂ। ਅਸਲ ਵਿਚ ਇਹ ਹੀਰਾ ਨੰਦ ਪਹਿਲਾ ਵਿਅਕਤੀ ਸੀ ਜਿਨੇ ਲਾਹੌਰ ਵਿਚ ਗੁਰਮੁਖੀ ਛਾਪਾਖਾਨਾ ਖੋਲ੍ਹਿਆ। ਵੇਖੋ ਮਹਾਂ ਕੋਸ਼ ਭਾਈ ਕਾਨ੍ਹ ਸਿੰਘ "ਹੀਰਾ ਨੰਦ"।

Digitized by Panjab Digital Library | www.panjabdigilib.org

ਆਦਿ ਪੂਰਬ ਜਨਮ ਹਮ ਬ੍ਰਹਮਨ ਹੋਤੇ ਹਾਥ ਕਮੰਡਲ ਲੀਨਾ
ਰਾਘੋ ਰਾਇ ਕੀ ਭਗਤ ਨ ਕੀਨੀ ਤਬ ਪਕਰਿ ਜੁਲਾਹਾ ਕੀਨਾ

ਤਿਸ ਕਾ ਪਰਾਥਮ :—ਕਬੀਰ ਜੀ ਇਸ ਜਨਮ ਜੁਲਾਹਾ ਹੀ ਭਇਆ । ਉਸ ਪਿਛਲੇ ਜਨਮ ਕਬੀਰ ਜੀ ਬ੍ਰਹਮਣ ਥਾ । ਬਹ੍ਰਮਚਾਰੀ ਕੇ ਰੂਪ ਸੇਵਾ ਕਰਤਾ ਥਾ ।। ਕਰਤੇ ਕਰਤੇ ਸਗਲੀ ਤੀਰਥ ਭ੍ਰਮਤ ਭ੍ਰਮਤ ਏਕ ਨਗਰ ਕੇ ਕੂਏ ਪਰ ਆਇ ਠਾਂਢਾ ਭਇਆ । ਜਉ ਦੇਖੈ ਤਉ ਉਸ ਕੂਏ ਪਰ ਪਾਨੀ ਹਾਰੀ ਹੈ ਪਾਨੀ ਭਰਤੀ ਪਏ ਮਹਾਂ ਸਰੂਪ ਕਾਮ ਕੰਦਲਾ ਹੈ । ਉਹਾ ਜਾਇ ਉਹ ਬ੍ਰਹਮਚਾਰੀ ਠਾਢਾ ਭਇਆ । ਅਰੁ ਉਸ ਬਹਮਚਾਰੀ ਕਾ ਰੂਪ ਮਹਾ ਜੋਤੀ ਸਰੂਪ ਜੋਤਿ ਨਿਧਿ ਮਹਿ ਭਰਪੂਰ । ਪਾਨੀ ਕੀ ਨਿਮਿਤਿ ਉਸ ਕੂਏ ਪਰਿ ਜਾਇ ਠਾਢਾ ਭਇਆ । ਆਗੇ ਉਹ ਮਦਨ ਸਰੂਪ । ਆਗੇ ਉਹ ਕਾਮ ਕੰਦਲਾ । ਉਸ ਬ੍ਰਹਮਚਾਰੀ ਕਉ ਉਹ ਲਾਗੀ ਦੇਖਣੇ । ਅਰ ਉਹ ਬ੍ਰਮਹਚਾਰੀ ਉਸੁ ਕੋ ਦੇਖੈ । ਤਬ ਉਸ ਬ੍ਰਹਮਚਾਰੀ ਕਹਿਆ ਏ ਲਛਮੀ ਏਹ ਕਮੰਡਲ ਪਾਨੀ ਕਾ ਹਮ ਕਓ ਭਰਿ ਦੇਹਿ । ਤਬ ਉਸ ਪਾਨੀ ਹਾਰੀ ਕਹਿਆ ਜਿ ਗੁਸਾਈ ਜੀ ਮੈਂ ਜੁਲਾਹੀ ਹਓ । ਹਮਾਰੇ ਹਾਥ ਕਾ ਪਾਨੀ ਤੁਮ ਨਾਹੀ ਛੀਅਨਾ । ਤਬ ਉਸ ਬ੍ਰਹਮਚਾਰੀ ਨੇ ਕਹਾ ਜਿਹਾਂ ਤੂੰ ਜੁਲਾਹੀ ਹੈ । ਕਹਾ ਜੀ ਹਉ ਜੁਲਾਹੀ ਹਉ । ਪਣ ਜੀ ਤੁਮ ਈਹਾ ਬਸਹੁ ਤਉ ਮੈਂ ਤੁਮਹਾਰੀ ਸੇਵਾ ਕਰਉ । ਤਬ ਉਸ ਨਗਰੀ ਮਹਿ ਉਹੁ ਬ੍ਰਹਮਚਾਰੀ ਕਈ ਕੁ ਦਿਨ ਬਸੇ । ਬਸਿ ਫੇਰਿ ਉਠ ਚਲੇ । ਤਬ ਉਹ ਜੁਲਾਹੀ ਜਾਨ ਨ ਦੇਹਿ ਕਹੈ ਗਸਾਈ ਜੀ ਤੁਮ ਈਹਾ ਹੀ ਬਸਹੁ । ਕਹਾਂ ਜਾਤੇ ਹੈ । ਮੈਂ ਤੁਮਾਰੀ ਸੇਵਾ ਕਰਉ ਜੀ । ਤਬ ਉਨ ਬ੍ਰਹਮਚਾਰੀ ਨੇ ਕਹਾ ਜਿ ਨਾਹੀ ਹਮਾਰਾ ਰਹਨ ਈਹਾ ਨਹੀਂ ਬਨਤਾ । ਪਣੁ ਜੋ ਤੇਰੀ ਇਛਾ ਹੈ ਸੋ ਮਾਂਗ ਲਹਿ । ਸੋ ਤਝ ਕਉ ਦੇਓ । ਤਬ ਉਨ ਜੁਲਾਹੀ ਨੇ ਕਹਿਆ । ਜੀ ਮੈਂ ਤਉ ਹੀ ਤੁਝ ਤੇ ਮਾਗਉ ਜੋ ਤੂੰ ਏਕ ਬਚਨ ਦੇਹਿ । ਤਬ ਉਨ ਬ੍ਰਹਮਚਾਰੀ ਨੇ ਕਹਾ ਜੋ ਏਹਿ ਬਚਨ ਹੈ ਜੋ ਤੂੰ ਮਾਂਗਹਿ ਸੋ ਹਮ ਤੁਝ ਕਉ ਦੇਉ । ਤਬ ਉਸ ਜੁਲਾਹੀ ਨੇ ਬਚਨ ਲੇਕਰਿ ਕਹਿਆ ਜਿ ਗੁਸਾਈ ਜੀ ਮੈਂ ਇਹੀ ਮਾਂਗਤੀ ਹੋਂ ਕਿ ਤੂੰ ਮੇਰਾ ਭਰਤਾ ਹੋਹਿ । ਤਬ ਉਨ ਬ੍ਰਹਮਚਾਰੀ ਨੇ ਕਹਿਆ ਰਾਮ ਰਾਮ ਰਾਮ । ਹਾਹਾਰੀ ਤੈ ਏ ਬਾਤ ਨ ਥੀ ਕਹਨੀ । ਮੈਂ ਤੁਝ ਤੇ ਬਚਨ ਲੀਆ । ਅਬ ਹਉ ਬ੍ਰਹਮਚਾਰੀ ਕੇ ਰੂਪ ਬ੍ਰਹਮਨਿ ਹਉ । ਅਰ ਤੂੰ ਜੁਲਾਹੀ ਕੈ ਜਨਮਿ ਹੈ । ਜਿ ਅਬ ਮੈਂ ਤੇਰਾ ਅੰਗੀ ਕਾਰੁ ਕਰਓ । ਇਸ ਜਨਮ ਮਹਿ ਤਬ ਆਗੇ ਹਉ । ਉਸ ਜਨਮ ਜੁਲਾਹੇ ਕੇ ਜਨਮ ਆਵਉ । ਪਣੁ ਜਾਹਿਰੀ ਤੇਰੇ ਬਚਨ ਲੀਏ ਮੈਂ ਸ੍ਰੀ ਠਾਕਰ ਜੀ ਤੇ ਜੁਲਾਹੇ ਕਾ ਜਨਮ ਮਾਂਗ ਹੀ ਲੇਉਗਾ । ਤਬ ਉਸ ਬਜਨ ਕਰਿ ਇਹ ਸੰਜੋਗ ਭਇਆ । ਏਸ ਸੰਜੋਗ ਕਰਿ ਕਰਿ ਸ੍ਰੀ ਕਬੀਰ ਜੀ ਜੁਲਾਹੇ ਕੇ ਜਨਮ ਜਨਮਿਆ ਕੋਲੀ ਕੇ ਬੰਸਿ । ਜੁਲਾਹੇ ਕੇ ਜਨਮਿ ਮੁਕਤੇ ਕੇ ਗ੍ਰਿਹ । ਮੂਰਤਿ ਕੇ ਉਦਰ ਆਇ ਜਨਮਿਆ 1015 ਸੰਮਤ ਇਕ ਹਜ਼ਾਰ ਪੰਦਰਾਂ ਉਤੇ ਗੁਸਾਈ ਕਬੀਰ ਜੀ ਆਇ ਜਨਮੇ । ਵਰਖੇ ਮਾਹਿ ਵੈਸਾਖ ਕੀ ਇਕਾਦਸੀ ਕੇ ਦਿਨ ਸ੍ਰੀ ਠਾਕਰ ਜੀ ਕੀ ਆਗਯਾ ਸਾਥਿ ਕਬੀਰ ਜੀ ਜਨਮੇ । ਬਨਾਰਸੀ ਨਗਰ ਆਇ ਜਨਮ ਲੀਆ । ਬੋਲਹੁ ਰਾਮ ਰਾਮ ਰਾਮ ਗੁਰੂ ਗੁਰੂ ਸਤਿਨਾਮੁ ਕਰਤਾ ਪੁਰਖੁ ਜੀ ।''

ਨ ਕੇਵਲ ਪੂਰਬ ਜਨਮ ਦੀ ਸਾਖੀ ਮਿਲਦੀ ਹੈ ਸਗੋਂ ਕਬੀਰ ਦਾ ਬਚਪਣ ਅਤੇ ਮਾਪਿਆਂ ਦੀਆਂ ਰਸਮਾਂ ਰੀਤਾਂ ਅਤੇ ਜੀਵਨ ਉਸਾਰੀ ਦਾ ਢੰਗ ਵੀ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਨਾਲ ਮਿਲਦਾ ਹੈ :

1. ਵੇਖੋ ਅਵਤਾਰ ਧਾਰਨ ਵਾਲੀ ਗੋਸ਼ਟ ਕਬੀਰ ਦੀਆਂ ਇਹ ਸਤਰਾਂ ਜੋ ਹੂਬਹੂ

Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਵਾਲੀ ਗੋਸ਼ਟ ਦੀਆਂ ਕਈ ਸਤਰਾਂ ਨਾਲ ਮਿਲਦੀਆਂ ਹਨ :

"ਗੁਸਾਈ ਕਬੀਰ ਜੀ ਜਨਮੇ। ਬਾਲਕ ਜਯੋ ਰੋਤੇ ਹੋਏ ਕਹਤੇ ਹੈਂ ਊਆਂ ਊਅ ਤਿਉ ਗਸਾਈ ਜੀ ਕਹੈ ਰਾਮ ਰਾਮ ਰਾਮ। ਫੇਰ ਕਬੀਰ ਜੀ ਕੀ ਮਾਤਾ ਕਹਿਨੇ ਲਾਗੀ ਹੋ ਖੁਦਾਇ ਇਹ ਬਾਲਕ ਦੀ ਭਾਖਾ ਕਿਛੁ ਅਉਰ ਹੈ ਅਰ ਹੋਰਨਾ ਬਾਲਕਾਂ ਕੀ ਭਾਖਾ ਹੋਰ ਹੋਤੀ ਹੈ——ਜੋ ਕਬਹੂ ਆਪਣੇ ਸੁਭਾਉ ਮਾਤਾ ਚੂਚੀ ਦੇਇ ਤਉ ਦੇਇ ਨਾਤਰ ਰੋਇ ਕਰ ਨ ਲੇਇ (ਗੋਸ਼ਟਾਂ ਕਬੀਰ ਜੀ ਵਿੱਚੋਂ)

"ਅਵਰਾਂ ਬਾਲਕਾਂ ਸੁਭਾਉ ਰੋਵਣੇ ਕਾ ਊਆਂ ਊਆਂ ਅਰ ਗੁਰੂ ਬਾਬੇ ਨਾਨਕ ਕਾ ਸੁਭਾਓ ਤੇਰੋ ਨਾਉ ਤੇਰੋ ਨਾਉ।" ਪਣ ਪੈਛਾਨਿ ਕੋਈ ਨਾ ਸਕੈ ਜੋ ਇਹ ਕਿਆ ਕਹਤਾ ਹੈ,... . ਮਾਤਾ ਜਬ ਅਸਥਨ ਦੇਇ ਤਉ ਦੇਇ ਨਾਤਰ ਰੋਇ ਕਰਿ ਨ ਲੇਇ (ਜਨਮ ਸਾਖੀ ਗੁਰੂ ਨਾਨਕ, ਮਿਹਰਬਾਨ, ਪੰਨਾ 9)

ਹਰਿ ਜੀ ਨੇ ਲਿਖਿਆ ਹੈ ਕਿ ਗੋਸਟਾਂ ਕਬੀਰ ਪਹਿਲਾਂ ਲਿਖੀਆਂ ਗਈਆਂ ਸਨ ਅਤੇ ਗੋਸ਼ਟਾਂ ਗੁਰੂ ਨਾਨਕ ਪਿਛੋਂ। ਇਸ ਲਈ ਕਬੀਰ ਦੀਆਂ ਗੋਸ਼ਟਾਂ ਪਹਿਲੀ ਲਿਖਤ ਹੈ। ਗੁਰੂ ਨਾਨਕ ਦੀਆਂ ਗੋਸ਼ਟਾਂ ਵਿਚ ਮਿਹਰਬਾਨ ਜੀ ਨੇ ਬੋਲੀ ਨੂੰ ਸਵਾਰਿਆ ਅਤੇ ਸਿੰਗਾਰਿਆ ਜਾਪਦਾ ਹੈ। ਪਰ ਵਿਓਂਤ ਅਤੇ ਤਰਤੀਬ ਦੋਹਾਂ ਦੀ ਇਕੋ ਜਹੀ ਹੈ। ਇਹ ਗਲ ਜੰਞੂ ਸੰਸਕਾਰ ਵਾਲੀ ਗੋਸ਼ਟ ਅਤੇ ਸੁੰਨਤ ਵਾਲੀ ਗੋਸ਼ਟ ਤੋਂ ਹੋਰ ਸਪਸ਼ਟ ਹੋ ਜਾਂਦੀ ਹੈ। ਜਦੋਂ ਗੁਰੂ ਨਾਨਕ ਸਾਹਿਬ ਦੇ ਨੌ ਵਰਿਆਂ ਦੇ ਹੁੰਦੇ ਹਨ ਤਾਂ ਪੁਰਾਣੇ ਸੰਸਕਾਰਾਂ ਅਨੁਸਾਰ ਜੰਞੂ ਕੀ ਰਸਮ ਕੀ ਤਿਆਰੀ ਹੁੰਦੀ ਹੈ। ਪੰਡਤ ਆ ਜਾਂਦੇ ਹਨ। ਸਾਰਾ ਪਰਵਾਰ ਇਕੱਠਾ ਹੁੰਦਾ ਹੈ। ਉਸ ਵੇਲੇ ਗੁਰੂ ਜੀ ਦੇ ਮੂੰਹ ਤੋਂ ਸਾਖੀਕਾਰ "ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵੱਟ" ਅਤੇ ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚ ਸੂਤ" ਵਾਲੇ ਸਲੋਕਾਂ ਦਾ ਉਚਾਰਨ ਕਰਵਾ ਕੇ ਇਨ੍ਹਾਂ ਦੇ ਪਰਮਾਰਥ ਦਸ ਦੇਂਦਾ ਹੈ (ਵੇਖੋ ਜਨਮ ਸਾਖੀ ਪੰਨਾ 20-22) ਇਸੇ ਤਰ੍ਹਾਂ ਸੁਨੱਤ ਵਾਲੀ ਗੋਸ਼ਟ ਵਿੱਚ ਕਬੀਰ ਜੀ ਅਠਾਂ ਸਾਲਾਂ ਦੇ ਹੁੰਦੇ ਹਨ ਤਾਂ ਮਾਤਾ ਪਿਤਾ ਸੁਨੱਤ ਵਾਸਤੇ ਸਾਮਾਨ ਇਕੱਤਰ ਕਰਦੇ ਹਨ। ਜਦੋਂ ਸੁਨੱਤ ਵਾਸਤੇ ਕਹਿੰਦੇ ਹਨ ਤਾਂ ਉਹ ਇਨਕਾਰ ਕਰ ਦੇਂਦੇ ਹਨ ਤੇ ਫੇਰ ਸਬਦ ਉਚਾਰਦੇ ਹਨ :

ਕਾਜ਼ੀ ਤੈ ਕਵਨ ਕਤੇਬ ਬਖਾਨੀ
ਪੜਤ ਗੁੜਤ ਐਸੇ ਸਭ ਮਾਰੇ ਕਿਨਹੂੰ ਖਬਰ ਨ ਜਾਨੀ।੧।
ਸਕਤਿ ਸਨੇਤ ਕਰਿ ਸੁੰਨਤਿ ਕੀਨੀ ਮੈਂ ਨ ਬਦਉਗਾ ਭਾਈ
ਜਉ ਰੇ ਖੁਦਾਇ ਮੁਹਿ ਤੁਰਕ ਕਰੇਗਾ ਤਉ ਆਪਹਿ ਹੀ ਕਟਿ ਜਾਈ।

ਜਨਮ ਸਾਖੀ ਵਾਂਗੂ ਇਥੇ ਇਸ ਸਾਰੇ ਸ਼ਬਦ ਦੇ ਅਰਥ ਇਕ ਇਕ ਪੰਗਤੀ ਕਰਕੇ ਕੀਤੇ ਹਨ। ਹਰ ਪੰਗਤੀ ਪਿਛੋਂ ਕਾਜ਼ੀ ਨੂੰ ਸੰਬੋਧਨ ਕੀਤਾ ਹੈ।। (ਵੇਖੋ ਗੋਸਟ ਤੀਸਰੀ)

ਇਓਂ ਜਾਪਦਾ ਹੈ ਕਰਤਾ ਦਾ ਮੁੱਖ ਉਦੇਸ਼ ਦੋਹਾਂ ਰਚਨਾਵਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸ਼ਬਦਾਂ ਦੇ ਪਰਮਾਰਥ ਦਸਣਾ ਹੈ। ਜਿਥੋਂ ਤਕ ਵਿਓਂਤ ਦਾ ਸੰਬੰਧ ਹੈ ਫਰਕ ਕੇਵਲ ਸ਼ਬਦਾਂ ਦੀ ਉਥਾਨਕਾ ਦਸਣ ਦਾ ਹੈ। ਕਿਉਂਕਿ ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਕੀਤੀਆਂ ਸਨ ਇਸ ਲਈ ਉਨ੍ਹਾਂ ਦੇ ਸ਼ਬਦਾਂ ਦੀ ਉਥਾਨਕਾ ਲਈ ਮਿਹਰਬਾਨ ਜੀ ਨੇ ਉਨਾਂ

Digitized by Panjab Digital Library | www.panjabdigilib.org

ਸੰਬੰਧੀ ਬਹੁ ਪਰਕਾਰ ਦੀਆਂ ਪਰਚਲਤ ਰਵਾਇਤਾਂ ਤੋਂ ਕੰਮ ਲਿਆ ਹੈ ਕਬੀਰ ਦੀਆਂ ਗੋਸ਼ਟਾਂ ਨਿਮਨ ਲਿਖਤ ਇਕੋ ਹੀ ਤਰੀਕੇ ਨਾਲ ਆਰੰਭ ਹੁੰਦੀਆਂ ਹਨ :

"ਇਕ ਦਿਨ ਕਬੀਰ ਗੁਸਾਈ ਪੂਰਬ ਕੀ ਧਰਤੀ ਨਗਰ ਬਨਾਰਸੀ ਬੈਠਾ ਥਾ ਅਰ ਏਕ ਗੋਬਿੰਦ ਲੋਕ ਆਏ ਤਿਨਹੁ ਆਇ ਕਹਿਆ ਜਿ ਰਾਮ ਰਾਮ ਕਬੀਰ ਗੁਸਾਈ ਰਾਮ ਰਾਮ । ਤਬ ਕਬੀਰ ਗੁਸਾਈ ਕਹਿਆ ਸਤੁ ਰਾਜਾ ਰਾਮ ਬਲਹਾਰ ਜਾਓਂ ਆਈਐ ਜੀ ਬੈਸੀਐ ਜੀ । ਤਬ ਉਹ ਗੋਬਿੰਦੋ ਲੋਕ ਰਾਮ ਰਾਮ ਕਹਿ ਕਰ ਬੈਠ ਗਏ । ਤਬ ਕਬੀਰ ਗੁਸਾਈ ਕਹਿਆ ਭਲੇ ਹੋ ਭਾਈ ਰਾਮ ਜਨਾ ਜੀ ਕਲਿਆਨ ਹੈ ਜੀ । ਤਬ ਓਨਾ ਗੋਬਿੰਦ ਲੋਕਹੁ ਕਹਿਆ ਅਜ ਭਲੇ ਜੀ ਤੇਰੇ ਦਰਸਨ ਦੇਖਿਐ ਕਲਿਆਨ ਹੈ ਜੀ । ਤਬ ਘੜੀ ਏਕ ਸਸਤਾਇ ਕਰਿ ਓਨਹੁ ਗੋਬਿੰਦ ਲੋਕਹੁ ਕਹਿਆ" ਅਗੇ ਪ੍ਰਸ਼ਨ ਫੇਰ ਸ਼ਬਦ ਦੀ ਵਿਆਖਿਆ ਆਰੰਭ ਹੁੰਦੀ ਹੈ ।

ਸੋ ਸਿਟਾ ਇਹ ਨਿਕਲਦਾ ਹੈ ਕਿ ਹੁਣ ਤਕ ਪ੍ਰਾਪਤ ਗਿਆਨ ਅਨੁਸਾਰ ਇਹ ਕਥਾਵਾਂ ਕਬੀਰ ਜੀ ਦੀਆਂ ਮਿਹਰਬਾਨ ਦੀ ਰਚਨਾ ਨਜ਼ਰ ਆਉਂਦੀ ਹੈ । ਇਨ੍ਹਾਂ ਦੀ ਬੋਲੀ, ਲਿਖਣ ਢੰਗ, ਤਰਤੀਬ, ਸ਼ਬਦਾਂ ਦੇ ਪਰਮਾਰਥ ਜੋ ਦੋਹਾਂ ਲਿਖਤਾਂ ਵਿੱਚ ਇਕ ਇਕ ਪੰਗਤੀ ਕਰਕੇ ਦਸੇ ਹਨ ਤੇ ਵਾਰਤਾਲਾਪ ਦੇ ਢੰਗ ਦੇ ਹਨ ਇਸ ਗਲ ਵੱਲ ਸੰਕੇਤ ਕਰਦੇ ਹਨ ਕਿ ਇਨ੍ਹਾਂ ਦੋਹਾਂ ਰਚਨਾਵਾਂ ਦਾ ਕਰਤਾ ਇਕੋ ਹੈ । ਇਸ ਪਾਸੇ ਵਧਰੇ ਖੋਜ ਦੀ ਲੋੜ ਹੈ, ਸ਼ਾਇਦ ਕੋਈ ਹੱਥ-ਲਿਖਤ ਐਸੀ ਮਿਲ ਜਾਏ ਜਿਸ ਤੇ ਮਿਹਰਬਾਨ ਜੀ ਦਾ ਨਾਂ ਵੀ ਅੰਕਿਤ ਹੋਵੇ ।

ਮਿਹਰਬਾਨ ਜੀ ਦੀ ਸਭ ਤੋਂ ਮਹੱਤਾ ਪੂਰਨ ਰਚਨਾ 'ਪੋਥੀ ਸਚਖੰਡ' ਹੈ ਜਿਸ ਨੂੰ 'ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਦੇ ਸਿਰਲੇਖ ਥਲੇ ਛਾਪਿਆ ਗਿਆ ਹੈ । ਇਸ ਪੋਥੀ ਦੇ ਅਰੰਭ ਵਿਚ ਲਿਖਿਆ ਹੈ "ਸਚਖੰਡ ਪੋਥੀ ਲਿਖਣੇ ਕਾ ਅਰੰਭ ਭਇਆ ਸ੍ਰੀ ਸਤਿਗੁਰ ਬਾਬੇ ਨਾਨਕ ਜੀ ਕਾ ਸੇਵਕੁ ਮਿਹਰਵਾਨੁ ਜੀ ਪੋਥੀ ਲਿਖੀ ਲਿਖਾਈ"[1] ਸੋ ਇਹ ਗਲ ਨਿਸਚਿਤ ਹੈ ਕਿ ਪੋਥੀ ਸਚਖੰਡ ਦਾ ਕਰਤਾ ਮਿਹਰਵਾਨ ਜਾਂ ਮਿਹਰਬਾਨ ਹੈ ।

ਪੋਥੀ ਸਚ ਖੰਡ ਦੇ ਰਚਨ ਕਾਲ ਬਾਰੇ ਗੋਸ਼ਟਾਂ ਮਿਹਰਵਾਨ ਵਿੱਚ ਲਿਖਿਆ ਹੈ ਕਿ ਇਹ ਮਿਹਰਬਾਨ ਜੀ ਦੇ ਪਿਤਾ ਜੀ ਪ੍ਰਿਥੀ ਚੰਦ ਦੇ ਅਕਾਲ ਚਲਾਣੇ ਤੋਂ ਪਹਿਲਾਂ ਲਿਖੀਆਂ ਗਈਆਂ ।[2] ਪ੍ਰਿਥੀ ਚੰਦ ਦਾ ਦਿਹਾਂਤ 1676 ਵਿਸਾਖ ਸੁਦੀ ਦੁਆਦਸੀ ਮੁਤਾਬਕ 15 ਅਪਰੈਲ 1619 ਈਸਵੀ ਨੂੰ ਹੋਇਆ । ਇਸ ਅਨੁਸਾਰ ਇਹ ਰਚਨਾ 1619 ਤੋਂ ਪਹਿਲਾਂ ਲਿਖੀ ਗਈ ਜਾਪਦੀ ਹੈ । ਇਸ ਗਲ ਦੀ ਪੁਸ਼ਟੀ ਭਾਈ ਮਨੀ ਸਿੰਘ ਵਿਚ ਦਿਤੀ ਇਸ ਟੂਕ ਤੋਂ ਹੁੰਦੀ ਹੈ :

"ਜਿਸ ਸਮੇਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਕੀਤੀ ਹੈ ਤਿਸ ਸਮੇਂ ਸਿਖਾਂ ਅਰਦਾਸ ਕੀਤੀ ਜੋ ਗੋਸ਼ਟਾਂ ਦੀ ਮਰਯਾਦਾ ਕੋਈ ਨਹੀਂ । ਮਤਿ ਪੰਜਾਂ ਮੇਲ ਵਾਲਿਆਂ ਜਨਮ ਸਾਖੀ ਵਿਚ ਅਜੁਗਤਾਂ ਪਾਇ ਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਨ ਤਾਂ ਭਾਈ ਗੁਰਦਾਸ ਜੀ ਨੂੰ ਬਚਨ ਹੋਇਆ ਕਿ ਤੁਸਾਂ ਜਨਮ ਸਾਖੀ ਦੀ ਇਕ ਵਾਰ ਕਰਨੀ ਜੋ ਗੁਰੂ ਦੇ ਸਿਖ ਉਸ ਵਾਰ ਦੇ ਅਨਸਾਰੀ ਸਾਖੀ ਨੂੰ ਸੁਨਣ ਪੜ੍ਹਨਗੇ । ਤਾਂ ਹੀ

1. ਜਨਮ ਸਾਖੀ ਗੁਰੂ ਨਾਨਕ ਦੇਵ, ਮਿਹਰਬਾਨ, ਖਾਲਸਾ ਕਾਲਜ ਅੰਮ੍ਰਿਤਸਰ, 1962 ਪੰਨਾ ॥
2. ਵਿਸਥਾਰ ਲਈ ਵੇਖੋ ਇਨ੍ਹਾਂ ਸਤਰਾਂ ਦੇ ਲਿਖਾਰੀ ਦੀ ਲਿਖੀ ਭੂਮਕਾ ਜਨਮ ਸਾਖੀ ਗੁਰੂ ਨਾਨਕ–ਮਿਹਰਬਾਨ, ਪੰਨਾ VII

Digitized by Panjab Digital Library | www.panjabdigilib.org

ਤੇ ਭਾਈ ਗੁਰਦਾਸ ਜੀ ਦੀ ਜੋ ਵਾਰ ਹੈ ਗਿਆਨ ਰਤਨਾਵਲੀ ਸੋਈ ਜਨਮ-ਸਾਖੀ ਹੈ।'' ਇਸ ਤੋਂ ਇਲਾਵਾ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਅੰਦਰ ਦੀ ਗਵਾਹੀ ਦਸਦੀ ਹੈ ਕਿ ਇਹ ਵਾਰ 1628 ਈਸਵੀ ਤੋਂ ਪਹਿਲਾਂ ਨਹੀਂ ਲਿਖੀ ਗਈ ਕਿਉਂਕਿ ਇਸ ਵਿੱਚ ਗੁਰੂ ਹਰ ਗੋਬਿੰਦ ਸਾਹਿਬ ਦੀ ਮੁਗਲਾਂ ਨਾਲ ਲੜਾਈ ਵੱਲ ਸੰਕੇਤ ਮਿਲਦੇ ਹਨ ... ''ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ''; ਗੁਰੂ ਹਰਗੋਬਿੰਦ ਜੀ ਦੀ ਪਹਿਲੀ ਲੜਾਈ 1628 ਵਿਚ ਹੋਈ। ਇਸ ਤਰ੍ਹਾਂ ਇਹ ਜਨਮ ਸਾਖੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਤੋਂ ਪਹਿਲਾਂ ਲਿਖੀ ਗਈ ਸਿੱਧ ਹੁੰਦੀ ਹੈ। ਇਕ ਤੀਸ਼ਟੀਕੋਣ ਤੋਂ ਪੋਥੀ ਸਚਖੰਡ ਪੁਰਾਤਨ ਜਨਮ ਸਾਖੀ, ਜਿਸ ਨੂੰ ਵਲਾਇਤ ਵਾਲੀ ਜਨਮ ਸਾਖੀ ਵੀ ਕਿਹਾ ਜਾਂਦਾ ਹੈ, ਤੋਂ ਪਹਿਲਾਂ ਦੀ ਰਚਨਾ ਹੈ। ਕਿਉਂਕਿ ਪੁਰਾਤਨ ਜਨਮ ਸਾਖੀ ਵਿੱਚ ਲਿਖਿਆ ਹੈ ''ਕਲਜੁਗ ਚਾਰ ਹਜ਼ਾਰ ਸਤ ਸੌ ਪੈਂਤੀਸ ਬਰਸ ਵਰਤਿਆ ਹੈ'' ਇਹ ਈਸਵੀ 1634 ਬਣਦਾ ਹੈ। ਸੋ ਇਸ ਤਰ੍ਹਾਂ ਭਾਈ ਗੁਰਦਾਸ ਦੀ ਪਹਿਲੀ ਵਾਰ, ਪੁਰਾਤਨ ਜਨਮ ਸਾਖੀ ਸਮਕਾਲੀ ਲਿਖਤਾਂ ਹਨ। ਮਿਹਰਬਾਨ ਦੀ ਜਨਮ ਸਾਖੀ ਜਾਂ ਪੋਥੀ ਸਚਖੰਡ ਦਾ ਪਹਿਲੀ ਵਾਰ ਭਾਈ ਗੁਰਦਾਸ ਅਤੇ ਪੁਰਾਤਨ ਜਨਮ ਸਾਖੀ ਤੇ ਕਾਫ਼ੀ ਪ੍ਰਭਾਵ ਜਾਪਦਾ ਹੈ। ਕਈ ਸਾਖੀਆਂ ਮਿਲਦੀਆਂ ਹਨ। ਕਈ ਥਾਵਾਂ ਤੇ ਲਿਖਤ ਵੀ ਮਿਲਦੀ ਹੈ, ਵਿਸਥਾਰ ਲਈ ਵੇਖੋ ਕਰਤਾ ਦੀ ਸੰਪਾਦਤ ਜਨਮ ਸਾਖੀ ਗੁਰੂ ਨਾਨਕ ਦੇਵ ਕ੍ਰਿਤ ਮਿਹਰਬਾਨ, ਅਰੰਭਕਾ ਪੰਨਾ 89-96। ਇਉਂ ਜਾਪਦਾ ਹੈ ਕਿ ਮਿਹਰਬਾਨ ਵਾਲੀ ਜਨਮ ਸਾਖੀ, ਪਹਿਲੀ ਵਾਰ ਭਾਈ ਗੁਰਦਾਸ ਅਤੇ ਪੁਰਾਤਨ ਜਨਮ ਸਾਖੀ ਇਕੋ ਹੀ ਪਰੰਪਰਾ ਦੀਆਂ ਸ਼ਾਖਾਵਾਂ ਹਨ। ਇਨ੍ਹਾਂ ਵਿਚ ਇਹ ਤਿੰਨ ਸਾਂਝੀਆਂ ਹਨ :

1) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਸੰਮਤ 1526 ਵਿਸਾਖ ਸੁਦੀ ਤਿੰਨ ਨੂੰ ਦਸਿਆ ਹੈ ਕਤਕ ਦੀ ਪੂਰਨਮਾਸ਼ੀ ਨਹੀਂ।
2) ਇਨ੍ਹਾਂ ਵਿਚ ਕਿਸੇ ਥਾਂ ਤੇ ਵੀ ਭਾਈ ਬਾਲੇ ਦਾ ਨਾਂ ਨਹੀਂ ਆਉਂਦਾ। ਮਰਦਾਨੇ ਨੂੰ ਹੀ ਗੁਰੂ ਨਾਨਕ ਦੇਵ ਜੀ ਦਾ ਸਾਥੀ ਦਸਿਆ ਹੈ।
3) ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰੂ ਨਾਨਕ ਦੀ ਜਨਮ ਸਾਖੀ ਲ਼ਿਖਵਾਉਣ ਦਾ ਕੋਈ ਕਥਨ ਨਹੀਂ।

ਮਹਿਮਾ ਪ੍ਰਕਾਸ਼ ਬਾਬਾ ਸਰੂਪ ਦਾਸ ਭਲਾ ਵੀ ਇਸੇ ਪੁਰਾਤਨ ਪਰੰਪਰਾ ਨਾਲ ਮੇਲ ਖਾਂਦਾ ਹੈ।

ਪੋਥੀ ਸਚਖੰਡ ਇਤਿਹਾਸਕ ਪੱਖ ਤੋਂ ਬਹੁਤ ਮਹਾਨਤਾ ਰਖਦੀ ਹੈ। ਇਹ ਪਹਿਲੀ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਹਾਲ ਜ਼ਿਆਦਾ ਯਥਾਰਥਕ ਢੰਗ ਨਾਲ ਦਿਤਾ ਹੈ। ਹੋਰ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਦੀਆ ਚਾਰ ਉਦਾਸੀਆਂ ਚੌਹਾਂ ਦਿਸ਼ਾਂ ਵਿਚ ਲਿਖੀਆਂ ਹਨ—ਜਿਵੇਂ ਕਿ ਪੂਰਬ, ਦੱਖਣ, ਉਤਰ ਅਤੇ ਪਛਮ। ਇਸ ਜਨਮ ਸਾਖੀ ਵਿਚ ਗਰੂ ਸਾਹਿਬ ਦੇ ਪੂਰਬ ਵਾਲੇ ਪਾਸੇ ਤੋਂ ਹੀ ਦਖਨ ਵੱਲ ਜਾਣਾ ਅੰਕਤ ਕੀਤਾ ਹੈ ਜੋ ਜ਼ਿਆਦਾ ਠੀਕ ਜਾਪਦਾ ਹੈ ਕਿਉਂਕਿ ਦਖਣ ਵੱਲ ਜਾਣ ਵਾਸਤੇ ਜਗਨ ਨਾਥ ਪੁਰੀ ਤੋਂ ਵਾਪਸ ਪੰਜਾਬ ਆਉਣਾ ਜ਼ਰੂਰੀ ਨਹੀਂ ਸੀ; ਵਿਸ਼ੇਸ਼ ਕਰਕੇ ਜਦੋਂ ਸਫਰ ਦੇ ਸਾਧਨ ਬਿਖੜੇ ਹੋਣ। ਇਸ ਤੋਂ ਇਲਾਵਾ ਜਗਨ ਨਾਥ ਪੁਰੀ ਤੋਂ ਦਖਨ ਦੇ ਪ੍ਰਸਿੱਧ ਤੀਰਥ ਅਸਥਾਨਾਂ ਨੂੰ ਰਸਤਾ ਜਾਂਦਾ ਸੀ। ਸੋ ਇਸ ਜਨਮ ਸਾਖੀ ਦੇ ਲਿਖਣ ਅਨੁਸਾਰ ਗਰੂ ਸਾਹਿਬ ਦਾ ਜਗਨ ਨਾਥ ਪੁਰੀ ਤੋਂ ਦਖਣੀ ਭਾਰਤ ਜਾਣਾ ਜ਼ਿਆਦਾ ਠੀਕ ਜਾਪਦਾ ਹੈ।

Digitized by Panjab Digital Library | www.panjabdigilib.org

ਮਿਹਰਵਾਨ ਜੀ ਨੇ ਸੀ ਗੁਰੂ ਨਾਨਕ ਦੇਵ ਜੀ ਦੀਆਂ ਨਿਮਨ ਲਿਖਤ ਤਿੰਨ ਉਦਾਸੀਆਂ ਦਸੀਆਂ ਹਨ :

(1) ਪਹਿਲੀ ਉਦਾਸੀ ਵਿਚ ਪੂਰਬ ਦੀ ਦਿਸ਼ਾ ਰਟਨ ਕਰਦੇ ਕਰਦੇ ਗੁਰੂ ਜੀ ਦਖਨ ਵਾਲੇ ਪਾਸੇ ਹੋ ਗਏ—"ਤਬ ਗੁਰੂ ਬਾਬਾ ਨਾਨਕ ਜੀ ਉਸ ਨਗਰ ਤੇ ਪੂਰਬ ਕੀ ਧਰਤੀ ਦਖਨ ਦਿਸ਼ਾ ਕਉ ਚਲੈ।" ਭਾਵੇਂ ਸਾਖੀਆਂ ਅਗੇ ਪਿਛੇ ਹਨ ਪਰ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਦਾ ਵੇਰਵਾ ਇਉਂ ਬਣਦਾ ਹੈ :—ਸੁਲਤਾਨਪੁਰ, ਦਿਲੀ, ਹਰਦੁਆਰ, ਬਨਾਰਸ, ਹਾਜੀਪੁਰ (ਪਟਨਾ) ਜਗਨ ਨਾਥ ਪੁਰੀ—ਫਿਰ ਦਖਨ ਦੀ ਧਰਤੀ—ਸੇਤ ਬੰਦ ਰਾਮੇਸ਼ਵਰਮ (ਲੰਕਾ) ਫੇਰ ਵਾਪਸੀ ਤੇ ਨਰਬਦਾ ਦਾ ਕੰਢਾ, ਉਜੈਨ, ਸੁਰਾਸ਼ਟਰ (ਗੁਜਰਾਤ-ਕਾਠੀਆਵਾੜ), ਰਾਜਪੂਤਾਨਾ, ਬੀਕਾਨੇਰ, ਸੁਲਤਾਨਪੁਰ।

(2) ਦੂਸਰੀ ਉਦਾਸੀ—"ਏਕ ਬਰਸ ਉਤਰ ਰਹੇ ਫਿਰ ਗੁਰੂ ਬਾਬਾ ਮੁਲਤਾਨ ਕੀ ਧਰਤੀ ਗਇਆ"—ਸੁਲਤਾਨਪੁਰ, ਸੁਮੇਰ ਪਰਬਤ, ਚਰਪਟ ਵਟੀ, ਗੋਰਖ ਹਟੜੀ ਸੁਲਤਾਨਪੁਰ।

(3) ਤੀਜੀ ਉਦਾਸੀ—ਸੁਲਤਾਨਪੁਰ, ਮੁਲਤਾਨ, ਹਿੰਙਲਾਜ, ਮਕਾ, ਟਿਲਾ ਬਾਲ ਗੁਦਾਈ, ਸਈਯਦ ਪੁਰ ਅਤੇ ਤਲਵੰਡੀ।

ਗੁਰੂ ਸਾਹਿਬ ਦੀ ਪੂਰਬ ਅਤੇ ਦਖਨ ਦੀ 'ਉਦਾਸੀ ਦਾ ਕਥਨ ਵਖਰਾ ਵਖਰਾ ਕਰਕੇ ਨਹੀਂ', ਭਾਈ ਗੁਰਦਾਸ ਜੀ ਨੇ ਸਗੋਂ ਪੂਰਬ-ਦਖਨ ਦੀ ਉਦਾਸੀ ਦਾ ਹਾਲ ਇਕੱਠਾ ਤੇ ਮਿਲਵਾਂ ਲਿਖਿਆ ਜਾਪਦਾ ਹੈ :

"ਬਾਬਾ ਆਯਾ ਤੀਰਥੀਂ ਤੀਰਥ ਪੂਰਬ ਸਭੇ ਫਿਰ ਦੇਖੈ"

ਇਉਂ ਜਾਪਦਾ ਹੈ ਕਿ ਮਿਹਰਬਾਨ ਜੀ ਨੇ ਪੋਥੀ ਸਚਖੰਡ ਲਿਖਣ ਲਗਿਆਂ ਸਥਾਨਕ ਸਥਿਤੀ ਨੂੰ ਮੁਖ ਰਖਿਆ ਹੈ, ਇਸ ਜਨਮ ਸਾਖੀ ਵਿਚ ਲਿਖਿਆ ਹੈ ਕਿ ਬੀਬੀ ਨਾਨਕੀ ਦਾ ਪਤੀ ਜੈ ਰਾਮ ਉਪਲ ਖਤਰੀ ਸੀ। ਭਾਈ ਬਾਲੇ 'ਦੀ ਜਨਮ ਸਾਖੀ ਵਿਚ ਜੈਰਾਮ ਨੂੰ ਪਲਤਾ ਖਤਰੀ ਲਿਖਿਆ ਹੈ। ਸੁਲਤਾਨਪੁਰ ਵਿਚ ਅਜ ਕਲ ਵੀ ਉਪਲ ਖਤਰੀਆਂ ਦੇ ਘਰ ਹੈਨ ਪਰ ਪਲਤਿਆਂ ਦੇ ਨਹੀਂ ਅਤੇ ਨ ਹੀ ਕਦੀ ਹੋਣ ਦਾ ਪਤਾ ਲਗਦਾ ਹੈ। ਹੋ ਸਕਦਾ ਹੈ ਕਿ ਸੋਲਵੀਂ ਅਤੇ ਸਤਾਰਵੀਂ ਸ਼ਤਾਬਦੀ ਵਿਚ ਵੀ ਇਥੇ ਉਪਲਾਂ ਦੇ ਘਰ ਹੀ ਹੋਣ ਜਿਸ ਕਰਕੇ ਮਿਹਰਬਾਨ ਨੇ ਜੈ ਰਾਮ ਨੂੰ ਉਪਲ ਲਿਖਿਆ ਹੋਵੇ। ਗੁਰੂ ਨਾਨਕ ਸਾਹਿਬ ਦੇ ਮਥਰਾ ਜਾਣ ਦੇ ਬਿਰਤਾਂਤ ਤੋਂ ਵੀ ਪਤਾ ਲਗਦਾ ਹੈ ਕਿ ਮਥਰਾ ਬਾਰੇ ਜੋ ਵਿਸਥਾਰ ਲਿਖਿਆ ਹੈ। ਠੀਕ ਹੈ ਗੁਰੂ ਜੀ ਦੀ ਮਥਰਾ ਵਾਲੀ ਸਾਖੀ ਵਿਚ ਲਿਖਿਆ ਹੈ "ਤਬ ਦਖਣ ਕੀ ਧਰਤੀ ਤੋਂ ਗੁਰੂ ਬਾਬਾ ਨਾਨਕ ਉਤਰ ਕੀ ਧਰਤੀ ਰਮੇ। ਪੰਜਿ ਬਰਸ ਦਖਣ ਕੀ ਧਰਤੀ ਖੇਲੇ। ਤਬ ਦਖਣ ਕੀ ਧਰਤੀ ਦੇਖਿ ਕਰਿ ਮਥਰਾ ਜਮਨਾ ਆਇ ਉਤਰੇ— ਕੇਸ਼ੋ ਰਾਇ ਕੇ ਦੇਵਾਲੇ ਕਾ ਦਰਸ਼ਨ ਕੀਆ।" (ਪੰਨਾ 360) ਮਥਰਾ ਦੇ ਨਗਰ ਵਿਚ ਕੈਸਵ ਦਾ ਮੰਦਰ ਬਹੁਤ ਪ੍ਰਸਿਧ ਅਸਥਾਨ ਸੀ। ਗੁਰੂ ਨਾਨਕ ਸਾਹਿਬ ਦੇ ਸਮੇਂ ਇਹ ਛੋਟਾ ਜਿਹਾ ਮੰਦਰ ਸੀ। ਜਹਾਂਗੀਰ ਦੇ ਸਮੇਂ ਇਸ ਨੂੰ ਵੱਡਾ ਮੰਦਰ ਬਣਾਇਆ ਗਿਆ, ਜੋ ਜਨਮ ਸਾਖੀ ਦਾ ਕਰਤਾ ਨ ਕੇਵਲ ਮਥਰਾ ਦੀ ਭੂਗੋਲਕ ਸਥਿਤੀ ਤੋਂ ਹੀ ਜਾਣੂ ਹੈ; ਸਗੋਂ ਉਸ ਵਿਚ ਕੈਸਵ ਦੇ ਮੰਦਰ ਤੋਂ ਵੀ। ਇਸੇ ਤਰਾਂ ਉਜੈਨ ਵਿਚ ਭਰਥਰੀ ਦੀ ਗੁਫ਼ਾ ਦੇ ਆਲੇ ਦੁਆਲੇ ਦਾ ਵਿਸਥਾਰ ਠੀਕ ਲਿਖਿਆ ਜਾਪਦਾ ਹੈ, ਕਿਉਂ ਕਿ ਅਜ ਕਲ ਵੀ ਇਹ ਗੁਫ਼ਾ ਨਦੀ ਦੇ ਕੰਢੇ ਤੇ ਹੀ ਹੈ

Digitized by Panjab Digital Library | www.panjabdigilib.org

ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਵੇਖੀ ਹੈ। ਅਜ ਕਲ ਮਸੀਤ ਉਥੇ ਨਹੀਂ ਹੈ। ਜਨਮ ਸਾਖੀ ਵਿਚ ਲਿਖਿਆ ਹੈ, "ਤਬ ਦਖਣ ਕੀ ਧਰਤੀ ਠਗਹੁ ਸਾਥ ਗੋਸ਼ਟ ਕਰਿ ਕਰਿ ਗੁਰੂ ਬਾਬਾ ਨਾਨਕ ਜੀ ਉਜੈਨ ਜਾ ਨਿਕਲਿਆ—ਅਰ ਊਹਾ, ਗੁਸਾਈ ਗੋਰਖ ਭਰਥਰੀ ਕੀ ਗੁਫ਼ਾ ਭੀ ਹੈ। ਊਹਾ ਜੋ ਇਸ਼ਨਾਨ ਕਰਿ ਕਰਿ ਅਨੰਤਾਪੁਰੀ ਅਰ ਭਰਥਰੀ ਕੀ ਗੁਫ਼ਾ ਕੀ ਜਾਤ੍ਰਾ ਕਉ ਆਵੈ, ਊਹਾਂ ਹੀ ਗੁਰੂ ਬਾਬਾ ਨਾਨਕ ਜੀ ਜਾਇ ਨਿਕਲਿਆ—ਗੁਫ਼ਾ ਕੇ ਨਜ਼ਦੀਕ ਮਸੀਤ ਹੈ ਦਰਵਾਜੇ ਤੇ ਵੜਦਿਆਂ ਸਾਮ੍ਹਣੀ ਤਿਸ ਕੇ ਆਗੇ ਚਉਤੜਾ ਹੈ ਉਪਰਿ ਅੰਬਲੀ ਕਾ ਬਿਰਛ ਹੈ, ਅੰਬਲੀ ਤੇ ਦਾਹਨੇ ਗੁਫਾ ਕਾ ਦਰੁ ਹੈ, ਤਿਸ ਤੇ ਅੰਬਲੀ ਕਾ ਬਿਰਛੁ ਹੈ। ਅੰਬਲੀ ਕੇ ਆਗੇ ਮਸੀਤ ਕਾ ਚਉਤੜਾ ਹੈ ਉਹਾਂ ਹੀ ਗੁਰੂ ਬਾਬਾ ਨਾਨਕ ਬੈਠਾ ਹੈ"। ਪੰਨਾ 300

ਇਸ ਤਰ੍ਹਾਂ ਪੋਥੀ ਸਚ ਖੰਡ ਤੋਂ ਗੁਰੂ ਨਾਨਕ ਸਾਹਿਬ ਸੰਬੰਧੀ ਪ੍ਰਚਲਤ ਰਵਾਇਤਾਂ ਦਾ ਪਤਾ ਲਗਦਾ ਹੈ ਅਤੇ ਗੁਰੂ ਸਾਹਿਬ ਦੀ ਜੀਵਨੀ ਲਿਖਣ ਲਈ ਇਤਿਹਾਸਕ ਮਸਾਲਾ ਮਿਲਦਾ ਹੈ।

ਪੋਥੀ ਸਚਖੰਡ ਦੇ ਅੰਤ ਵਿਚ ਇਹ ਟੂਕ ਦਿੱਤੀ ਹੈ : ਸਚਖੰਡ ਪੋਥੀ ਲਿਖੀ ।1। ਸੰਮਤਿ 1885 ਮਿਤੀ ਚੇਤ ਸੁਦੀ ਪੰਚਮੀ ਨੋ ਸ਼ੁਕਰਵਾਰ ਸਚਖੰਡ ਪੋਥੀ ਦਾ ਭੋਗ ਪਇਆ ਸੰਪੂਰਨ ਹੋਈ। ਇਹ ਪੋਥੀ ਸਚਖੰਡ ਇਕ ਸਉ ਤ੍ਰਿਵੰਜਾ ।153। ਗੋਸ਼ਟੀ ਹੈਨਿ। ਇਕ ਸਉ ਸੁਤਾਹਿਟ ਗੋਸ਼ਟੀ ਚੌਦਹ ਗੋਸ਼ਟੀ ਘਾਟੈ ਹੈਨਿ।

ਇਸ ਟੂਕ ਤੋਂ ਨਿਮਨ ਲਿਖਤ ਗੱਲਾਂ ਦਾ ਪਤਾ ਲਗਦਾ ਹੈ :

1. ਇਹ ਪੋਥੀ ਜੋ ਸਾਡੇ ਤਕ ਪ੍ਰਾਪਤ ਹੈ ਇਹ ਉਤਾਰਾ ਸੰਮਤ 1885 ਬਿਕਰਮੀ ਭਾਵ 1828 ਈਸਵੀ ਦਾ ਹੈ। ਇਹ ਉਤਾਰਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੋਇਆ। ਇਸ ਤੋਂ ਪਹਿਲਾਂ ਦਾ ਉਤਾਰਾ ਕੋਈ ਨਹੀਂ ਮਿਲਦਾ। ਇਕ ਦੋ ਹੋਰ ਖਰੜੇ ਪ੍ਰਾਪਤ ਹੋਏ ਹਨ ਪਰ ਉਹ ਅਧੂਰੇ ਹਨ।

2. ਅਸਲ ਵਿਚ ਇਹ ਖਰੜਾ ਵੀ ਅਧੂਰਾ ਹੈ ਕਿਉਂਕਿ ਜਿਵੇਂ ਕਿ ਉਪਰੋਕਤ ਟੂਕ ਤੋਂ ਪਤਾ ਲਗਦਾ ਹੈ ਕਿ ਇਸ ਅਸਲ ਖਰੜੇ ਵਿਚ 167 ਗੋਸ਼ਟਾਂ ਸਨ। ਪਰ ਹੁਣ ਇਸ ਵਿਚ ਕੇਵਲ 153 ਗੋਸ਼ਟਾਂ ਹਨ। ਇਸ ਵਿਚ ਚੋਦਾਂ ਗੋਸ਼ਟਾਂ ਘਟ ਹਨ।

ਪੋਥੀ ਸੱਚ ਖੰਡ ਦੀਆਂ ਗੋਸ਼ਟਾਂ ਵਿਚ ਗੱਲ ਬਾਤੀ ਢੰਗ ਨਾਲ ਵਿਸ਼ਾਵਸਤੂ ਨੂੰ ਸਮਝਾਇਆ ਗਿਆ ਹੈ। ਇਹ ਤਰੀਕਾ ਆਦ ਕਾਲ ਤੋਂ ਮਹਾਂਪੁਰਖ ਵਰਤਦੇ ਆਏ ਹਨ। ਕਿਉਂਕਿ ਗਲ ਬਾਤ ਦੁਆਰਾ ਲੋਕਾਂ ਦੇ ਸ਼ੰਕੇ ਮਿਟਾਉਣ ਅਤੇ ਆਪਣਾ ਦ੍ਰਿਸ਼ਟੀਕੋਣ ਸਮਝਾਉਣ ਲਈ ਇਹ ਤਰੀਕਾ ਹੀ ਵਰਤਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਬਹੁਤ ਥਾਵਾਂ ਤੇ ਪ੍ਰਸ਼ਨ-ਉਤਰ ਦਾ ਢੰਗ ਵਰਤਿਆ ਹੈ। ਸਿੱਧਾਂ ਨਾਲ ਗਲ ਬਾਤ ਦਾ ਨਾਂ ਹੀ ਸਿੱਧ-ਗੋਸ਼ਟ ਰਖਿਆ ਹੈ ਜਿਵੇਂ ਕਿ ਇਸ ਦੇ ਆਰੰਭ ਤੋਂ ਪਤਾ ਲਗਦਾ ਹੈ :

ਸਿਧਿ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ
ਤਿਸ ਆਗੈ ਰਹਰਾਸ ਹਮਾਰੀ ਸਾਚਾ ਅਪਰ ਅਪਾਰੋ
ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗ ਕਉਨੁ ਸੁਆਓ
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ।

Digitized by Panjab Digital Library | www.panjabdigilib.org

'ਜਪੁਜੀ' ਸਾਹਿਬ ਵਿਚ ਵੀ ਇਹ ਹੀ ਢੰਗ ਵਰਤਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ......
ਮੁਹੌ ਕਿ ਬੋਲਣ ਬੋਲੀਐ ਜਿਤੁ ਸੁਣਿ ਧਰੇ ਪਿਆਰ
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ ।

ਗੋਸ਼ਟਾਂ ਵਿਚ ਦੋ ਜਾਂ ਤਿੰਨ ਵਿਅਕਤੀ ਭਾਗ ਲੈਂਦੇ ਹਨ । ਕਈ ਵਾਰੀ ਗੁਰੂ ਨਾਨਕ ਸਾਹਿਬ ਮਨ ਨਾਲ ਗੋਸ਼ਟ ਕਰਦੇ ਹਨ ਤੇ ਕਰਤਾ ਕਿਸੇ ਦਾਰਸ਼ਨਿਕ ਨੁਕਤੇ ਦੀ ਵਿਆਖਿਆ ਕਰਦਾ ਹੈ । ਕਈ ਵਾਰੀ ਪਾਰਬ੍ਰਹਮ ਨਾਲ ਗੋਸ਼ਟੀ ਦਰਸਾਈ ਹੈ । ਇਹੋ ਜਿਹੀਆਂ ਗੋਸ਼ਟਾਂ ਪੋਥੀ ਸਚਖੰਡ ਵਿਚ ਚੌਧਾਂ ਹਨ । ਪਾਰਬ੍ਰਹਮ ਨਾਲ ਗੋਸ਼ਟੀ ਲਿਖਾਰੀ ਉਦੋਂ ਕਰਾਉਂਦਾ ਹੈ ਜਦ ਗੁਰੂ ਨਾਨਕ ਦੇਵ ਜੀ ਮਨ ਵਿਚ ਆਪਣੇ ਆਪ ਜਾਂ ਭਗਤਾਂ, ਜੋਗੀਆਂ ਜਿਵੇਂ ਕਬੀਰ, ਸਜਨ, ਭਰਥਰੀ, ਭਗਤ, ਪੀਰ, ਮਕੇ ਦੇ ਹਾਜੀ, ਆਦਿ ਨਾਲ ਵਿਚਾਰ ਵਟਾਂਦਰਾ ਕਰਕੇ ਰਹੱਸਵਾਦੀ ਵੀਚਾਰ ਧਾਰਾ ਵਿਚ ਕੋਈ ਉਲਝਣ ਪੈ ਜਾਂਦੀ ਹੈ ਜਾਂ ਗੁਰੂ ਜੀ ਆਪਣੇ ਵਿਚਾਰਾਂ ਨਾਲ ਭਗਤਾਂ ਜਾਂ ਹੋਰ ਵਿਅਕਤੀਆਂ ਨੂੰ ਆਪਣੇ ਰੰਗ ਵਿਚ ਰੰਗ ਲੈਂਦੇ ਹਨ ਤੇ ਪਾਰਬ੍ਰਹਮ ਖੁਸ਼ ਹੋ ਕੇ ਇਨ੍ਹਾਂ ਨੂੰ ਆਪਣੀ ਦਰਗਾਹ ਵਿਚ ਸਦ ਲੈਂਦਾ ਹੈ । ਕਈ ਵਾਰੀ ਗੋਸ਼ਟ ਮਨ ਨਾਲ ਕਰਵਾਈ ਹੈ ਅਤੇ ਕਿਸੇ ਰਹਿਸਮਈ ਵਿਸ਼ੇ ਨੂੰ ਵਾਰਤਾਲਾਪ ਨਾਲ ਸਪਸ਼ਟ ਕਰ ਦਿੱਤਾ ਹੈ । ਇਸ ਤੋਂ ਇਲਾਵਾ ਗੁਰੂ ਸਾਹਿਬ ਮਾਤਾ ਪਿਤਾ, ਰਾਇ ਬੁਲਾਰ, ਜੈ ਰਾਮ, ਦੌਲਤ ਖਾਂ ਲੋਧੀ, ਮੁਲਾਂ, ਪੰਡਤਾਂ, ਸਿੱਧਾਂ, ਫ਼ਕੀਰਾਂ, ਠੱਗਾਂ, ਰਾਕਸ਼ਾਂ, ਲੋਕਾਂ, ਗੋਬਿੰਦ ਲੋਕਾਂ, ਵੈਸ਼ਨਵਾਂ, ਰਾਜਿਆਂ, ਜੋਗੀਆਂ, ਕੰਵਲ ਫੁਲਾਂ, ਕਲਜੁਗ, ਕੂੰਜ ਅਤੇ ਬਹੁਤ ਵਾਰੀ ਮਰਦਾਨੇ ਨਾਲ ਗੋਸ਼ਟ ਕਰਦੇ ਦਸੇ ਹਨ ।

ਹਰ ਇਕ ਗੋਸ਼ਟੀ ਵਿਚ ਵਾਰਤਾਲਾਪ ਢੁਕਵਾਂ ਹੈ । ਮੁਸਲਮਾਨ ਫਕੀਰਾਂ ਜੋਗੀਆਂ ਅਤੇ ਹੋਰ ਲੋਕਾਂ ਨਾਲ ਗੋਸ਼ਟ ਕਰਦਿਆਂ ਉਸ ਤਰ੍ਹਾਂ ਭਾਖਾ ਦਾ ਪ੍ਰਯੋਗ ਕੀਤਾ ਹੈ ਜਿਸ ਤਰ੍ਹਾਂ ਦੀ ਸਥਿਤੀ ਹੈ । ਗੁਰੂ ਨਾਨਕ ਸਾਹਿਬ ਮੁਲਤਾਨ ਵਿਚ ਪੀਰ ਬਹਾਓਦੀਨ ਦੇ ਪੋਤਰੇ ਨਾਲ ਇਸ ਤਰ੍ਹਾਂ ਗੱਲ ਬਾਤ ਕਰਦੇ ਹਨ :

"ਤਬ ਗੁਰੂ ਬਾਬਾ ਨਾਨਕ ਜੀ ਮੁਲਤਾਨਿ ਸ਼ਹਿਰ ਮਹਿ ਬੈਠਾ ਥਾ ਅਰ ਪੀਰ ਬਹਾਵਦੀ ਦਾ ਪੋਤਾ ਆਇ ਮਿਲਿਆ । ਸੁਣਿ ਕਰਿ ਗੁਰੂ ਬਾਬੇ ਨਾਨਕ ਜੀ ਕਉ ਤਿਨਿ ਆਇ ਕਰਿ ਕਹਿਆ ਜਿ "ਸਲਾਮਾਲੇਕੰ, ਨਾਨਕ ਫਕੀਰ ਸਾਹਿਬ ਦੇ ਰਸੀਦ ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜੋ "ਅਲੇਕੰ ਸਲਾਮੁ ਸਾਹਿਬ ਦੇ ਪਿਆਰੇ ।" ਗੁਰੂ ਬਾਬੇ ਨਾਨਕ ਉਠਿ ਕਰਿ ਸਲਾਮੁ ਦਿੱਤਾ ਦਸਤ ਪੰਜਾ ਲੈ ਮਿਲੇ । ਮਿਲਿ ਕਰ ਬੈਠ ਗਏ ਲਗੇ ਸਾਹਿਬ ਦੀਆਂ ਬਾਤਾਂ ਕਰਨੇ । ਸਾਹਿਬ ਦੇ ਪਿਆਰਿਆਂ ਨੋ ਸਾਹਿਬ ਦੇ ਪਿਆਰੇ ਮਿਲੇ ਲਗੇ ਸਾਹਿਬ ਦੀਆਂ ਬਾਤਾਂ ਕਰਨੇ ਦਿਲ ਬਦਿਲ ਥੀਂ । ਤਬ ਮੀਰਜਾਦੇ ਕਹਿਆ ਜਿ "ਗੁਰੂ ਬਾਬਾ ਨਾਨਕ ਜੀ ! ਤੂੰ ਵਡਾ ਬਜੁਰਗਵਾਰ ਹੈਂ"[1] । "ਸਲਾਮਾਲੇਕੰ" "ਫਕੀਰ ਸਾਹਿਬ ਰਸੀਦ" "ਦਸਤਪੰਜਾ" "ਦਿਲ ਬਦਿਲ" "ਬਜੁਰਗਵਾਰ" ਅਖਰਾਂ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਫਾਰਸੀ ਦੇ ਅਖਰ ਕਿਸੇ ਮੁਸਲਮਾਨ ਫਕੀਰ ਨਾਲ ਗਲਬਾਤ ਕਰਨ ਲਈ ਵਰਤੇ ਜਾ

---

1. ਜਨਮ ਸਾਖੀ ਮਿਹਰਬਾਨ, ਹਿੱਸਾ ਪਹਿਲਾ ਪੰਨਾ 434-35

Digitized by Panjab Digital Library | www.panjabdigilib.org

ਸਕਦੇ ਹਨ । ਇਹੋ ਜੇਹੀ ਵਿਸ਼ੇਸ਼ ਅਤੇ ਢੁਕਵੀਂ ਸ਼ਬਦਾਬਲੀ ਹਰ ਗੋਸ਼ਟੀ ਵਿੱਚ ਇਕ ਵਿਸ਼ੇਸ਼ ਵਾਤਾਵਰਣ ਪੈਦਾ ਕਰਦੀ ਹੈ । ਸੁਮੇਰ ਪਰਬਤ ਤੇ ਜੋਗੀਆਂ ਨਾਲ ਇਸ ਤਰ੍ਹਾਂ ਗੋਸ਼ਟੀ ਦਾ ਆਰੰਭ ਹੁੰਦਾ ਹੈ :

"ਤਬ ਗੁਰੂ ਬਾਬਾ ਦਵਲਤ ਖਾਨਿ ਸਾਥਿ ਗੋਸ਼ਟਿ ਕਰਿ ਕੈ ਸੁਲਤਾਨਪੁਰ ਤੇ ਉਤਰ ਕੀ ਧਰਤੀ ਸੁਮੇਰ ਕਉ ਚਲਿਆ, ਦੇਖਤਾ ਦੇਖਤਾ ਖੇਲਤਾ ਖੇਲਤਾ ਭਗਵਤੀ ਦੇ ਅਸਥਲ ਕਉ ਦੇਖਿ ਕਰਿ ਸੁਮੇਰਿ ਜਾਇ ਚੜ੍ਹਿਆ । ਸੁਮੇਰ ਕੀ ਘਾਟੀ ਪਾਈ । ਸੁਮੇਰਿ ਕੇ ਉਪਰਿ ਚੜ੍ਹੇ । ਤਬ ਗੁਰੂ ਬਾਬਾ ਨਾਨਕ ਦੇਖੈ ਤਾਂ ਅਗੇ ਸਿਧ ਬੈਠੇ ਹੈਂ । ਸ੍ਰੀ ਗੋਰਖ ਨਾਥ, ਮਛਿੰਦ੍ਰ ਨਾਥ, ਈਸਰ ਨਾਥ, ਚਰਪਟ ਨਾਥ, ਬਰੰਗੀ ਨਾਥ, ਘੋੜਾ, ਚੋਲੀ, ਬਾਲ ਗੁਦਾਈ, ਭਰਥਰੀ, ਗੋਪੀ ਚੰਦ ਸਾਰੇ ਸਿਧ ਬੈਠੇ ਹੈਨ ਤਬ ਗੁਰੂ ਬਾਬਾ ਨਾਨਕ ਉਹਾਂ ਜਾਇ ਪਰਗਟੇ, ਸੁਮੇਰ ਉਪਰਿ ਜਾਇ ਚੜੇ ਸਿਧਾ ਕਉ ਆਦੇਸ ਕੀਆ । ਆਗੇ ਤੇ ਸਿਧਹੁ ਨਮਸਕਾਰ ਕੀਆ । ਜਬ ਉਪਰਿ ਜਾਇ ਚੜੇ ਤਬ ਸਿਧਾਂ ਸਾਥ ਗੋਸ਼ਟਿ ਕੀਨੀ । ਤਬ ਸ੍ਰੀ ਗੋਰਖ ਨਾਥ ਕਹਿਆ ਜਿ, ਇਹ ਕਵਣੁ ਜਿਨਿ ਇਹ ਮਾਰਗ ਪਾਇਆ ਸੁਮੇਰ ਕੀ ਘਾਟੀ ਚੜਣੇ ਕਾ ਜਿ ਇਹ ਕਉਣ ਹੈ ———ਤਬ ਸ੍ਰੀ ਗੋਰਖ ਨਾਥ ਜਿ ਬੋਲਿਆ ਤੂੰ ਕਹਾਂ ਤੇ ਆਇਆ ਹੈਂ ?" ਤਬ ਸ੍ਰੀ ਗੋਰਖ ਨਾਥ ਜੀ ਕਹਿਆ ਜਿ ਆਸ ਅੰਦੇਸੇ ਮਹਿ ਤੂੰ ਕਿਉਂ ਕਰਿ ਰਹਤਾ ਹੈਂ ? ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ "ਜੀ ਆਸ ਅੰਦੇਸੇ ਮਹਿ ਇਉਂ ਰਹਤਾ ਹਉਂ, ਜਿਓ ਜਲ ਉਪਰ ਮੁਰਗਾਈ ਬੈਠਤੀ ਹੈ "। ਤਬ ਸ੍ਰੀ ਗੋਰਖ ਨਾਥ ਕਹਿਆ ਜਿ, ਜਲ ਉਪਰਿ ਮੁਰਗਾਈ ਜਿ ਰਹਤੀ ਹੈ ਸਿ ਤਿਸ ਕਉ ਸਭ ਸੋਝੀ ਦਰੀਆਵ ਕੀ ਹੋਤੀ ਹੈ ਤੂੰ ਇਸ ਕਲਜੁਗ ਕੀ ਸੋਝੀ ਹਮਾਰੇ ਤਾਈ ਦੇਹਿ ਜਿ ਕਲਜੋਗ ਕੈਸਾ ਹੈ । ਤਬ ਗੁਰੂ ਬਾਬਾ ਨਾਨਕ ਜੀ ਜੁਗ ਕੀ ਪ੍ਰਕਿਰਤੀ ਕਹਣੇ ਲਾਗਾ ਸ੍ਰੀ ਗੋਰਖ ਨਾਥ ਮਹਿ ।"

(ਜਨਮ ਸਾਖੀ ਹਿੱਸਾ ਪਹਿਲਾ–ਪੰਨਾ 284-85)

ਮਾਂ ਦੀ ਮਮਤਾ ਅਤੇ ਪੁਤਰ ਤੋਂ ਵਿਛੋੜੇ ਦੇ ਸੱਲ ਦੀ ਕਿੰਨੀ ਸੋਹਣੀ ਤਸਵੀਰ ਖਿਚੀ ਹੈ । ਹਰ ਇਕ ਅੱਖਰ ਵਿੱਚੋਂ ਮਾਂ ਦਾ ਪਿਆਰ ਡੁਲ ਡੁਲ ਪੈਂਦਾ ਹੈ :

"ਬੇਟਾ ! ਹਓਂ ਵਾਰੀ ! ਬੇਟਾ ਹਓ ਘੁਮਾਈ ਤੁਧ ਵਿਟਹੁ, ਹਉ ਵਾਰੀ ਹਓ ਬਲਹਾਰੀ, ਬਲਿਹਾਰ ਬਲਿਹਾਰ ਕੀਤੀ ਉਸ ਰਾਹਿ ਵਿਟਹੁ ਜਿਤ ਰਾਹ ਆਇਆ ਹੈਂ ! ਉਸ ਰਾਹ ਵਿਟਹੁ ਭੀ ਵਾਰੀ ! ਬੇਟਾ ਉਸ ਧਰਤੀ ਵਿਟਹੁ ਵਾਰੀ ਜਿਥੈ ਤੂ ਫਿਰਦਾ ਸਹਿ । ਬੇਟਾ ਹਉ ਏਨਾ ਤੇਰੀਆਂ ਜਟਾਂ ਵਿਟਹੁ ਵਾਰੀ ! ਬੇਟਾ ਤੇਰੇ ਇਸ ਖਿਲਕੇ ਵਿਟਹੁ ਵਾਰੀ ਬੇਟਾ ! ਹਉ ਤੇਰਿਆਂ ਪੈਰੀਆਂ ਉਪਰਹੁ ਵਾਰੀ ਬੇਟਾ ਹਉ ਤੁਧ ਨਿਹਾਲ ਕੀਤੀ, ਮੇਰਾ ਨਾਨਕ ਤੁਧ ਮੈਨੋ ਆਪਣਾ ਮੁਖ ਵਿਖਾਲਿਆ, ਬੇਟਾ ਹਓ ਜੀਵੀ, ਬੇਟਾ ਅੱਜ ਨਿਹਾਲ ਹੋਈ ਜਿ ਤੂੰ ਡਿਠੋਹਿ ।"

(ਜਨਮ ਸਾਖੀ ਪੰਨਾ 471)

ਗੋਸ਼ਟੀ ਕਰਤਾ ਮਨੋਭਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਤੇ ਸਾਖੀ ਦੇ ਜਦੋਂ ਸਿਖਰ ਤੇ ਪੁਜਦਾ ਹੈ ਤਾਂ ਮਨੋਵਿਗਿਆਨਕ ਢੰਗ ਨਾਲ ਪਹਿਲਾਂ ਉਕਸਾਹਟ ਪੈਦਾ ਕਰਦਾ ਹੈ ਫਿਰ ਗੁਰੂ ਸਾਹਿਬ ਦਾ ਉਪਦੇਸ਼ ਦਸਦਾ ਹੈ : ਵੇਖੋ ਹਰਦੁਆਰ ਦੀ ਸਾਖੀ ਵਿੱਚ ਗੁਰੂ ਸਾਹਿਬ ਦੀ ਸਿਖਿਆ ਕਿਸ ਨਾਟਕੀ ਢੰਗ ਨਾਲ ਦਿੱਤੀ ਹੈ :

"ਲੋਕ ਦੇਤੇ ਸੂਰਜ ਕੀ ਕੂੰਟ ਕੀ ਤਰਫ ਪਾਣੀ, ਗੁਰੂ ਬਾਬਾ ਲਾਗਾ ਪਛਮ ਕੀ ਤਰਫ ਪਾਣੀ

Digitized by Panjab Digital Library | www.panjabdigilib.org

ਦੇਣੇ । ਤਬ ਉਨਾ ਲੋਕਾ ਕਹਿਆ, "ਜਿ ਏ ਰਾਮ ਏਹਿ ਪਛਮ ਕੀ ਤਰਫ ਪਾਣੀ ਦੇਤਾ ਹੈ ਸਿ ਕਵਣ ਹੈ ? ਕਿਹਨੂੰ ਕਹਿਆ ਜਿ ਕੋਈ ਦਿਵਾਨਾ ਹੈ ਅਕੈ ਕੋਈ ਤੁਰਕ ਹੈ । ਤਬ ਉਨ੍ਹਾ ਕਹਿਆ "ਦਿਖ ਪੁਛੀਐ ਜਿ ਤੂ ਕਉਣ ਹੈ ?" ਤਬ ਉਨਾ ਲੋਕਾ ਕਹਿਆ, "ਹੈ ਭਾਈ ਬੀਰ ਰਾਮ ਕੇ ! ਤੂੰ ਇਸ ਕਉ ਪੂਛ ਕਿ ਤੇਰੀ ਮਤਿ ਕਿਆ ਹੈ ਜਿ ਤੂੰ ਪਛਮ ਕੀ ਤਰਫ ਕਿਸ ਕਉ ਪਾਣੀ ਦੇਤਾ ਹੈ ?"........ਕਹੈ ਦਯ ਕੇ ਸਵਾਰੇ ਕਿਥਾਊ ਲਾਹੌਰ ਕੀ ਧਰਤੀ ਭੀ ਈਹਾ "ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਉਣਵੰਜਾ ਕਰੋੜੀ ਦੇਵ ਲੋਕ ਜਾਇਗਾ ਅਰ ਕਾ ਪਾਣੀ ਜਾਤਾ ਹੈ ਲਾਹੌਰ ਕੀ ਧਰਤੀ ਨ ਜਾਇਗਾ ।"

ਹਰ ਇਕ ਗੋਸ਼ਟੀ ਦਾ ਆਰੰਭ ਗੁਰੂ ਨਾਨਕ ਸਾਹਿਬ ਦੀ ਕਿਸੇ ਜੀਵਨ ਘਟਨਾ ਜਾਂ ਕਲਪਤ ਘਟਨਾ ਨਾਲ ਹੁੰਦਾ ਹੈ ਤੇ ਉਸ ਵਿੱਚ ਗੁਰੂ ਨਾਨਕ ਸਾਹਿਬ ਦਾ ਸ਼ਬਦ ਉਚਰਨਾ ਅਤੇ ਫੇਰ ਉਸ ਦਾ ਅਰਥ ਦਸਿਆ ਜਾਂਦਾ ਹੈ । ਹਰ ਗੋਸ਼ਟ ਦੇ ਅੰਤ ਵਿੱਚ ਮਿਹਰਬਾਨ ਦਾ ਇਕ ਸਲੋਕ ਦਿਤਾ ਹੁੰਦਾ ਹੈ ਜੋ ਗੋਸ਼ਟ ਦੇ ਸਮੁਚੇ ਭਾਵ ਨੂੰ ਦਰਸਾਉਂਦਾ ਹੈ । ਇਸ ਤਰ੍ਹਾਂ ਹਰ ਗੋਸ਼ਟ ਆਪਣੇ ਆਪ ਵਿੱਚ ਇਕ ਵਖਰਾ ਨਿਬੰਧ ਹੈ ਜਿਸ ਵਿੱਚ ਵਿਸ਼ੇਸ਼ ਕਰਕੇ ਗੁਰੂ ਸਾਹਿਬ ਦਾ ਇਤਿਹਾਸ—ਜਿਸ ਨੂੰ ਸ਼ਬਦ ਦਾ ਉਥਾਨਕਾ, ਫੇਰ ਸ਼ਬਦ ਦੇ ਪਰਮਾਰਥ ਗਦ ਵਿੱਚ ਅਤੇ ਅੰਤ ਵਿੱਚ ਕਾਵ ਰੂਪ ਵਿੱਚ ਸਮੁਚਾ ਭਾਵ ਦੇ ਕੇ ਪਾਠਕ ਨੂੰ ਕਰਤਾ ਨੇ ਬਹੁਪੱਖੀ ਸਾਹਿਤਕ ਰਸ ਮਾਨਣ ਦਾ ਔਸਰ ਦਿੱਤਾ ਹੈ ।

ਗੋਸ਼ਟੀ ਦੇ ਅੰਤ ਵਿੱਚ ਦਿੱਤਾ ਸਲੋਕ ਬਹੁਤ ਢੁਕਵਾਂ ਹੁੰਦਾ ਹੈ ਜੋ ਗੋਸ਼ਟ ਦਾ ਤੱਤ ਦੇਂਦਾ ਹੈ । ਇਸ ਵਿੱਚ ਕੋਈ ਨ ਕੋਈ ਸਿਖਿਆ ਜਾਂ ਆਤਮਕ ਡੂੰਘਾਈ ਦੀ ਗੱਲ ਹੁੰਦੀ ਹੈ । ਪਾਕਪਟਣ ਦੀ ਗੋਸ਼ਟੀ ਜਿਸ ਵਿੱਚ ਰੱਬ ਦੀ ਸਿਫਤ ਸਾਲਾਹ ਵਿੱਚ ਆਸਾ ਦੀ ਵਾਰ ਦੀਆਂ ਪਉੜੀਆਂ ਉਚਾਰੀਆਂ ਹਨ ਅਤੇ 'ਗੁਣਵੰਤੀ ਸਹੁ ਰਾਵਿਆ' ਵਾਲੇ ਸ਼ਬਦ ਦੇ ਅਰਥ ਦਸੇ ਹਨ, ਦੇ ਮਿਹਰਬਾਨ ਜੀ ਸਾਰੀ ਵਾਰਤਾ ਦਾ ਨਿਚੋੜ ਇਸ ਸਲੋਕ ਵਿੱਚ ਦਿੱਤਾ ਹੈ :

ਕੰਤੁ ਲੀਆ ਸੋਹਾਗਣੀ ਖਿਜਮਤਿ ਗੁਣੀ ਰੀਝਾਇ
ਗੁਣ ਥੋੜੇ ਅਵਗੁਣ ਘਣੇ ਕੰਤ ਨ ਪਾਇਆ ਜਾਇ
ਪੂਰਾ ਸਤਿਗੁਰ ਜੇ ਮਿਲੈ ਤਾਂ ਸਹਿਜੇ ਲਏ ਮਿਲਾਇ
ਨਾਨਕ ਦਾਸ ਕੀ ਬੇਨਤੀ ਸਾਹਿਬ ਆਪਣੀ ਸਿਫਤ ਕਰਾਇ ।

ਮੁੱਲਾਂ ਪਾਸ ਪੜ੍ਹਨ ਵਾਲੀ ਗੋਸ਼ਟੀ ਵਿੱਚ ਗੁਰੂ ਸਾਹਿਬ ਨੇ ਫਾਰਸੀ ਦਾ ਸ਼ਬਦ "ਯਕ ਅਰਜ਼ ਗੁਫਤਮ" ਮੁਲਾਂ ਨੂੰ ਸੁਣਾਇਆ । ਇਸ ਗੋਸ਼ਟੀ ਦਾ ਵਾਤਾਵਰਣ ਫਾਰਸੀ ਕਵਿਤਾ ਵਾਲਾ ਸੀ ਇਸ ਲਈ ਮਿਹਰਬਾਨ ਜੀ ਨੇ ਫਾਰਸੀ ਦਾ ਸਲੋਕ ਹੀ ਅੰਤ ਵਿੱਚ ਦਿੱਤਾ ਹੈ ਜਿਸ ਤੋਂ ਮਿਹਰਬਾਨ ਜੀ ਦੇ ਫਾਰਸੀ ਦੇ ਗਿਆਨ ਦਾ ਪਤਾ ਲਗਦਾ ਹੈ :

ਰਾਸਿ ਬਿਗੋਯਦ ਰਾਸਿ ਕਰਿ ਕਾਰ ਕੁਨਿੰਦ ਬੰਦੇ ਪਾਕ ਅਲਾਹ
ਕਾਰ ਕੁਫਰ ਦਰੋਗੁ ਦਿਲਿ ਦਰਿ ਨਾਨਕ ਰੂਈ ਸਿਆਹ ।

ਗੰਗਾ ਅਸਨਾਨ ਵਾਲੀ ਸਾਖੀ ਦਾ ਨਿਚੋੜ ਇਸ ਤਰ੍ਹਾਂ ਸਲੋਕ ਵਿੱਚ ਦਿਤਾ ਹੈ :

ਨਾਨਕ ਦਾਸ ਨਾਵਣੁ ਭਲਾ ਜੇ ਗੁਰੂ ਮਿਲਿ ਜਪਅ ਰਾਮ
ਸਾਸਿ ਸਾਸਿ ਹਰਿ ਸਮਿਰਐ ਤਾਂ ਜਮ ਸਿਉ ਨਾਹੀ ਕਾਮ ।

ਬਨਾਰਸ ਦੇ ਮਾਨ ਮਤੇ ਅਤੇ ਕਰਮੀ ਧਰਮੀ ਪੰਡਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਦਾ

Digitized by Panjab Digital Library | www.panjabdigilib.org

ਸਾਰ ਇਕ ਸਲੋਕ ਵਿਚ ਇਸ ਤਰ੍ਹਾਂ ਅੰਕਤ ਕੀਤਾ ਹੈ :

ਸਿੰਮਰਤਿ ਸਾਸਤ੍ਰ ਵੇਦ ਚਾਰਿ ਦੇਵਹਿ ਕਰਮ ਬਤਾਇ
ਜੋ ਬੀਜੈ ਸੋ ਉਗਵੈ ਜੋ ਦੇਵੇ ਸੋ ਖਾਇ ।
ਸਬਦ ਵੀਚਾਰੈ ਤਾਂ ਹਰਿ ਰਸੁ ਪਾਏ ਦਾਸ ਨਾਨਕ ਹਉਮੈ ਜਾਇ ।

ਅਜੁਧਿਆ' ਜੋ ਰਾਮ ਚੰਦਰ ਜੀ ਦਾ ਜਨਮ ਨਗਰ ਸੀ, ਦੀ ਧਰਤੀ ਦੇ ਲੋਕਾਂ ਨੂੰ ਉਪਦੇਸ ਇਸ ਤਰ੍ਹਾਂ ਦਸਿਆ ਹੈ :

ਰਾਮ ਨਾਮ ਰਸੁ ਜਿਨਿ ਪੀਆ ਤਿਨ ਜਮ ਕੀ ਚੂਕੀ ਕਾਣਿ
ਗੁਰ ਪਰਸਾਦੀ ਸਦਾ ਸੁਖੀ ਦਾਸ ਨਾਨਕ ਹਰਿ ਰੰਗ ਮਾਣਿ ।

ਨਰਬਦਾ ਦੇ ਕੰਢੇ ਤੇ ਠਗਾਂ ਦਾ ਨਿਸਤਾਰਾ ਵਾਲੀ ਗੋਸ਼ਟ ਦੇ ਅਖੀਰ ਤੇ ਇਹ ਸਲੋਕ ਦਿੱਤਾ ਹੈ :

ਚੋਰਾਂ ਤੇ ਸਾਧ ਕਰੇ ਸਾਧਿ ਵਡਿਆਈ ਆਪਿ
ਨਾਨਕ ਦਾਸ ਬਡੋ ਧਨੀ ਕਰਿ ਦੇਖੈ ਥਾਪਿ ਉਥਾਪਿ ।

ਇਹ ਸਲੋਕ ਸੁਤੰਤਰ ਤੌਰ ਤੇ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈ ਬਾਣੀ ਦੀ ਵਿਆਖਿਆ ਕਰਦੇ ਹਨ । ਇਨ੍ਹਾਂ ਸਲੋਕਾਂ ਦਾ ਵਿਸ਼ਾ ਨਾਮ ਸਿਮਰਨ ਤੇ ਜ਼ੋਰ ਦੇਣਾ, ਗੁਰੂ ਦੀ ਮਹਾਨਤਾ ਅਤੇ ਪ੍ਰਭੂ ਭਗਤੀ ਵੱਲ ਪਰੇਰਨਾ ਹੈ । ਇਸ ਤਰ੍ਹਾਂ ਮਿਹਰਬਾਨ ਜੀ ਇਕ ਸੰਤ ਕਵੀ ਦੇ ਰੂਪ ਵਿੱਚ ਸਾਡੇ ਸਾਮ੍ਹਣੇ ਆਉਂਦੇ ਹਨ ਅਤੇ ਇਨ੍ਹਾਂ ਦੀ ਪਰੇਰਨਾ ਮਨੁੱਖ ਨੂੰ ਸਦਾ ਪਰਮਾਰਥ ਵਾਲੇ ਪਾਸੇ ਲੈ ਜਾਂਦੀ ਹੈ ।

ਈਸ਼ਵਰ ਦੀ ਬਖਸ਼ਸ਼, ਅਤੇ ਨਜ਼ਰ ਨਾਲ ਨਾਮ ਪ੍ਰਾਪਤ ਹੁੰਦਾ ਹੈ ਅਤੇ ਕਾਇਆ ਕਲਪ ਹੁੰਦੀ ਹੈ ਜਿਵੇਂ ਮਿਹਰਬਾਨ ਜੀ ਦਸਦੇ ਹਨ :

ਗਰੀਬ ਨਿਵਾਜ ਗੁਸਾਈਆਂ, ਕਰਹੁ ਦਇਆ ਨਾਮ ਦੇਹੁ
ਧਨੁ ਜੋਬਨ ਅਰ ਰਾਜ ਪਾਟ ਕਾਮਿ ਨ ਮੇਰੇ ਇਹੁ ।

(ਜਨਮ ਸਾਖੀ ਪੰਨਾ 106)

ਨਜਰਿ ਕਰੈ ਜਿਸ ਆਪਣੀ ਤਾਂਕੀ ਗਤ ਲਖੀ ਨ ਜਾਇ
ਨਾਨਕ ਦਾਸ ਅਰਾਧੀਐ ਮਨ ਬਾਂਛਤ ਫਲ ਪਾਇ ।

(ਜਨਮ ਸਾਖੀ ਪੰਨਾ 11)

ਜੋ ਬਖਸੇ ਪ੍ਰਭ ਦਇਆ ਕਰਿ ਤਿਨ ਕੀ ਪੂਰੀ ਪਾਇ
ਨਾਨਕ ਦਾਸ ਕਉ ਦੈਆ ਕਰਿ ਤਿਨ ਕੈ ਸੰਗਿ ਮਿਲਾਇ ।

(ਜਨਮ ਸਾਖੀ ਪੰਨਾ 271)

ਮਿਹਰਬਾਨ ਜੀ ਨੇ ਨਾਮ ਸਿਮਰਨ ਅਤੇ ਪ੍ਰਭੂ ਭਗਤੀ ਤੇ ਜ਼ੋਰ ਦਿੱਤਾ ਹੈ ਅਤੇ ਇਸ ਨੂੰ ਹੀ ਮੁਕਤੀ ਦਾ ਸਾਧਨ ਦਸਿਆ ਹੈ । ਭਗਤੀ ਤੋਂ ਬਿਨਾਂ ਹਠ, ਤਪ, ਸੰਜਮ, ਕਰਮ ਅਤੇ ਕਾਂਡ ਸਭ ਬਿਅਰਥ ਹਨ । ਆਸਾ, ਤ੍ਰਿਸ਼ਨਾ ਅਤੇ ਹੋਰ ਵਿਸ਼ੇ-ਵਿਕਾਰਾਂ ਵਿੱਚ ਗ੍ਰਸਤ ਮਨ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ :

ਤਿਸ ਕੀ ਹੋਵੇ ਪਰਮ ਗਤਿ ਜੋ ਜਪਹਿ ਹਰਿ ਨਾਮ
ਨਾਨਕ ਦਾਸ ਕੀ ਬੇਨਤੀ ਦੇਹਿ ਸੰਤਨ ਕਾ ਧਾਮ ।

(ਜਨਮ ਸਾਖੀ ਪੰਨਾ 3)

Digitized by Panjab Digital Library | www.panjabdigilib.org

ਜਿਨਾ ਹਰਿ ਹਰਿ ਅੰਮ੍ਰਿਤ ਚਾਖਿਆ ਦਰਗਹ ਤੇ ਪਰਵਾਣ
ਤਿਨ ਕੀ ਮਹਿਮਾ ਕਿਆ ਗਣੀ ਜਨ ਨਾਨਕ ਦਰ ਨੀਸਾਣੁ
(ਜਨਮ ਸਾਖੀ ਪੰਨਾ 260)

ਚਾਤ੍ਰਿਕ ਪਿਆਸਾ ਬੂੰਦ ਕਾ ਸੇਵਕ ਨਾਮ ਪਿਆਸ
ਆਪਨ ਦਰਸਨ ਦੇਹੁ ਪ੍ਰਭੁ ਦਾਸ ਨਾਨਕ ਪੂਰਹੁ ਆਸ
(ਜਨਮ ਸਾਖੀ ਪੰਨਾ 60)

ਕਰਮ ਕਾਂਡ ਵਿਅਰਥ ਹਨ :

ਹਠ ਤਪੁ ਸੰਜਮ ਨਿਗ੍ਰਹੁ ਕਰੇ, ਪੁਰਬਿ ਕਰੈ ਦਾਨ
ਪੂਜਾ ਅਰਚਾ ਹੋਮ ਜਗੁ ਕੋਟ ਤੀਰਥ ਇਸਨਾਨੁ
ਸੁਨਹੁ ਸੰਤਹੁ ਤੁਮ ਚੀਤ ਲਾਇ ਹਰਿ ਭਗਤਿ ਭਾਵੈ ਭਗਵਾਨ ।
(ਜਨਮ ਸਾਖੀ ਪੰਨਾ 123)

ਚਿਟੇ ਜਿਨ ਕੇ ਕਪੜੇ ਦਿਸਨਿ ਖਰੇ ਸਪੇਦੁ
ਅੰਦਰ ਤਿਨ ਕੇ ਖੋਟੁ ਹੈ ਜਿਨ ਸਹ ਸੇਤੀ ਭੇਦ
ਦਾਸ ਨਾਨਕ ਸਿਮਰਨੁ ਸਰਸੁ ਹੈ ਕਰਦੇ ਸੰਤ ਸੁਬੇਦ
(ਜਨਮ ਸਾਖੀ ਪੰਨਾ 138)

ਜਨਮ ਮਰਨ ਦੁਖ ਕਟੀਐ ਪਾਈਐ ਸਾਧੂ ਸੰਗੁ
ਨਾਨਕ ਦਾਸ ਨਿਹਾਲ ਹੋਇ ਲਾਹੋ ਹਰਿ ਸਿਉ ਰੰਗੁ
(ਜਨਮ ਸਾਖੀ ਪੰਨਾ 184)

ਸਿਮਰਨ ਦੀ ਮਹਿਮਾ ਦਸੀ ਹੈ :

ਸਿਮਰਨ ਐਸਾ ਜਾਨਿ ਕੈ ਸੰਤਾਂ ਪਕੜੀ ਟੇਕ
ਦਾਸ ਨਾਨਕ ਸਿਮਰਨ ਸਾਰ ਹੈ, ਬਿਸਰੇ ਘੜੀ ਨ ਏਕ ।
(ਜਨਮ ਸਾਖੀ ਪੰਨਾ 6)

ਤਿਨ ਸੰਤਨ ਕਾ ਸੰਗ ਕੇਹਿ ਜਹਾ ਹਰਿ ਹਰਿ ਨਾਮ ਜਪਾਹਿ
ਦਾਸ ਨਾਨਕ ਦੁਖਿ ਸੁਖਿ ਏਕ ਸੇ ਤੇ ਬਿਰਲੇ ਜਗ ਮਾਹਿ ।
(ਜਨਮ ਸਾਖੀ ਪੰਨਾ 85)

ਮਿਹਰਬਾਨ ਜੀ ਦੀ ਕਵਿਤਾ ਦੀ ਪਰਖ ਕਰਨ ਲਗਿਆਂ ਸਾਨੂੰ ਇਹ ਗਲ ਚੇਤੇ ਰਖਣੀ ਚਾਹੀਦੀ ਹੈ ਕਿ ਮਿਹਰਬਾਨ ਜੀ ਦੇ ਉਪਰੋਕਤ ਵਿਚਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਿਤੇ ਪ੍ਰਮਾਣਾ ਤੇ ਆਧਾਰਤ ਹਨ । ਇਨ੍ਹਾਂ ਨੂੰ ਨਵੇਂ ਨਹੀਂ ਕਿਹਾ ਜਾ ਸਕਦਾ ਇਹ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵਿੱਚ ਹੀ ਲਿਖੇ ਗਏ ਜਾਪਦੇ ਹਨ ਜਾਂ ਇਨ੍ਹਾਂ ਦੀ ਵਿਸ਼ੇਸ਼ ਪਰੇਰਨਾ ਗੁਰਬਾਣੀ ਹੀ ਹੈ ।

ਮਿਹਰਬਾਨ ਜੀ ਦੀ ਕਵਿਤਾ ਦਾ ਵਿਸ਼ੇਸ਼ ਸਾਹਿਤਕ ਗੁਣ ਸਰਲਤਾ ਹੈ । ਉਨ੍ਹਾਂ ਆਪਣੇ ਭਾਵਾਂ ਨੂੰ ਸਰਲ ਅਤੇ ਸੁਖੈਨ ਭਾਸ਼ਾ ਵਰਤ ਕੇ ਕਵਿਤਾ ਦਾ ਰੂਪ ਦਿੱਤਾ ਹੈ । ਆਪ ਦੀ ਕਵਿਤਾ ਵਿੱਚ ਅਕਾਸ਼ ਉਡਾਰੀ ਨਹੀਂ ਸਗੋਂ ਯਥਾਰਥਵਾਦ ਹੈ ਆਪ ਦਿਸਦੇ ਬ੍ਰਹਿਮੰਡ ਨੂੰ ਸਵਾਰਨਾ ਅਤੇ ਚੰਗੇਰਾ ਬਨਾਉਣਾ ਚਾਹੁੰਦੇ ਹਨ, ਨੇਕੀ ਦੀਆਂ ਤਾਕਤਾਂ ਨੂੰ ਬਲਵਾਨ

Digitized by Panjab Digital Library | www.panjabdigilib.org

ਕਰਨ ਨਾਲ ਅਤੇ ਵਿਸ਼ੇ-ਵਿਕਾਰਾਂ ਨੂੰ ਮਾਰਨ ਨਾਲ । ਆਪ ਦੀ ਕਵਿਤਾ ਮੰਤਵ ਰਹਿਤ ਨਹੀਂ ਸਗੋਂ ਵਿਸ਼ੇਸ਼ ਆਦਰਸ਼ ਨਾਲ ਲਿਖੀ ਹੈ । ਆਦਰਸ਼ ਹੈ ਮਨੁੱਖੀ ਕਲਿਆਨ ਕਰਨਾ । ਨਾਮ ਸਿਮਰਨ ਦੁਆਰਾ ਮੁਕਤੀ ਦਾ ਰਾਹ ਦਸਣਾ । ਡੂੰਘੀ ਮਾਨਵ ਹਮਦਰਦੀ ਮਨੁੱਖਤਾ ਨਾਲ ਹਿਤ ਇਸ ਕਵਿਤਾ ਦੀ ਵਿਸ਼ੇਸ਼ ਪਰੇਰਨਾ ਹੈ ।

ਮਿਹਰਬਾਨ ਜੀ ਉਨ੍ਹਾਂ ਲਿਖਾਰੀਆਂ ਵਿੱਚੋਂ ਨਹੀਂ "ਅਵਰ ਉਪਦੇਸੇ ਆਪ ਨਾ ਕਰੇ" ਵਾਲੀ ਸਰੇਣੀ ਵਿੱਚੋਂ ਹਨ । ਆਪ ਸਚੇ ਦਿਲੋਂ ਨਾਮ ਸਿਮਰਨ ਤੇ ਜੋਰ ਦੇਂਦੇ ਸਨ ਅਤੇ ਆਪ ਪਹਿਲਾਂ ਸਿਮਰਨ ਕਰਦੇ ਸਨ । ਆਪ ਲਫਾਜ਼ੀ ਜਾਦੂਗਰੀ ਜਾਂ ਹਉਮੈ ਦੀ ਤ੍ਰਿਪਤੀ ਲਈ ਨਹੀਂ ਸਨ ਲਿਖਦੇ, ਸਗੋਂ ਜੋ ਆਪ ਅਨੁਭਵ ਕਰਦੇ ਸਨ ਅਤੇ ਨਾਮ ਦੀ ਮਹਿਮਾ ਜੋ ਉਹ ਆਪਣੇ ਜਾਤੀ ਤਜਰਬੇ ਤੋਂ ਸਮਝਦੇ ਸਨ, ਉਸ ਤੇ ਜੋਰ ਦੇਂਦੇ ਸਨ ।

ਪੋਥੀ ਸੱਚਖੰਡ ਵਿੱਚ ਦਿੱਤੇ ਸਲੋਕਾਂ ਦਾ ਮੁਲਾਂਕਣ ਇਸ ਤਰ੍ਹਾਂ ਕੀਤਾ ਗਿਆ ਹੈ ਜੋ ਬਹੁਤ ਹੱਦ ਤਕ ਠੀਕ ਹੀ ਹੈ :—"ਇਨ੍ਹਾਂ ਸਲੋਕਾਂ ਦਾ ਵਿਚਾਰਾਤਮਕ ਅਤੇ ਕਲਾਤਮਕ ਪੱਧਰ ਕਬੀਰ ਜੀ ਦੇ ਗੁਰੂ ਗ੍ਰੰਥ ਵਿੱਚ ਦਿੱਤੇ ਸਲੋਕਾਂ ਦੇ ਨੇੜੇ ਆ ਜਾਂਦਾ ਹੈ, ਫਰੀਦ ਵਾਲੀ ਬਿੰਬਾਵਲੀ, ਚਿਤ੍ਰਨ ਯੁਕਤੀ ਅਤੇ ਰਸਆਤਮਕ ਮਿਹਰਬਾਨ ਜੀ ਦੇ ਸਲੋਕਾਂ ਵਿਚ ਨਹੀ ਅਤੇ ਨ ਹੀ ਇਨ੍ਹਾ ਵਿੱਚ ਗੁਰੂ ਨਾਨਕ ਸਾਹਿਬ ਦੇ ਸਲੋਕਾਂ ਵਾਲਾ ਬਲ ਸ਼ਕਤੀ, ਵੇਰਵਾ ਵਿਸਥਾਰ ਤੇ ਵਹਿਣ ਹੈ । ਸੋਹਜਵਾਦ ਨਾਲੋਂ ਸਿਖਿਆਤਮਕਤਾ ਵੱਧ ਹੈ; ਮਿਹਰਬਾਨ ਜੀ ਦੇ ਸਲੋਕਾਂ ਵਿੱਚ । ਇਹ ਸਲੋਕ ਗੋਸ਼ਟੀਆਂ ਦੇ ਅੰਤ ਤੇ ਜੁੜੇ ਹੋਣ ਕਰ ਕੇ ਉਹ ਪ੍ਰਭਾਵ ਉਤਪੰਨ ਕਰਦੇ ਹਨ ਜੋ ਪੰਜ ਤੰਤਰ ਵਿੱਚ ਦਿਤੇ ਸਲੋਕ ਕਰਦੇ ਹਨ ।"[1]

ਪੋਥੀ ਸਚਖੰਡ ਵਿੱਚ ਦਿੱਤੇ ਸਲੋਕਾਂ ਤੋਂ ਇਲਾਵਾ ਮਿਹਰਬਾਨ ਜੀ ਦੀ ਕਾਵਿ-ਰਚਨਾ ਕਈ ਪੁਰਾਤਨ-ਹੱਥ ਲਿਖਤਾਂ ਵਿਚ ਮਹਲਾ ਸਤਵਾਂ ਦੇ ਸਿਰਲੇਖ ਹੇਠ ਮਿਲਦੀ ਹੈ । ਇਹ ਸ਼ਬਦ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਿਤੇ ਸ਼ਬਦ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਮਿਹਰਬਾਨ ਜੀ ਨੇ ਸ਼ਬਦ ਵੀ ਰਚੇ ਹਨ । ਪਰ ਇਹੋ ਜਿਹੇ ਸ਼ਬਦਾਂ ਦਾ ਕੋਈ ਸੰਗ੍ਰਹ ਹਾਲੀ ਤਕ ਨਹੀਂ ਛਪਿਆ । ਇਨ੍ਹਾਂ ਦਾ ਵਿਸ਼ਾ ਵਸਤੂ ਸਲੋਕਾਂ ਦੇ ਵਿਸ਼ਾ ਵਸਤੂ ਤੋਂ ਵਖਰਾ ਨਹੀਂ ਹੈ ਅਤ ਨ ਹੀ ਲਿਖਣ ਢੰਗ ਸਲੋਕ ਤੋਂ ਭਿੰਨ ਹੈ ।

ਮਿਹਰਬਾਨ ਜੀ ਦਾ ਗੁਰੂ ਨਾਨਕ ਦੇਵ ਸੰਬੰਧੀ ਡੂੰਘਾ ਪਿਆਰ ਅਤੇ ਪੂਰਨ ਸ਼ਰਧਾ ਨਜ਼ਰ ਆਉਂਦੀ ਹੈ । ਜਿਵੇਂ ਕਿ ਇਨ੍ਹਾਂ ਸਲੋਕਾਂ ਤੋਂ ਪਰਤੱਖ ਹੈ :

ਗੁਰੂ ਬਾਬਾ ਨਾਨਕ ਕਰਣਹਾਰ ਸਚਾ ਪਰਵਰਦਗਾਰੁ
ਕਰਿ ਕਰਿ ਕੁਦਰਤਿ ਵੇਖਦਾ ਅੰਤੁ ਨ ਪਾਰਾਵਾਰੁ
ਖਾਨ ਪੀਨ ਤੇ ਬਾਹਰਾ ਦਾਸ ਨਾਨਕ ਨਾਮ ਅਹਾਰ

(ਜਨਮ ਸਾਖੀ ਪੰਨਾ 516)

ਗੁਰੂ ਨਾਨਕ ਦਰਗਾਹ ਤੇ ਪਾਈ ਬਕਸ ਸਲਾਹਿ
ਜੈਸਾ ਮੈ ਤੈਸਾ ਤੁਹੀ ਕਹਿ ਆਵੇ ਪਰਵਾਹਿ
ਰਵਿ ਸੁਤ ਤਿਆਗ ਨ ਵਿਆਪਈ ਜੋ ਗੁਰ ਨਾਨਕ ਸਰਨੀ ਪਾਹਿ

(ਜਨਮ ਸਾਖੀ ਪੰਨਾ 445)

1. ਅਰੰਭਕਾ ਜਨਮ ਸਾਖੀ ਗੁਰੂ ਨਾਨਕ ਜਿਲਦ ਪਹਿਲੀ ਖ਼ਾਲਸਾ ਕਾਲਜ ਅੰਮ੍ਰਿਤਸਰ, ਪੰਨਾ 68

Digitized by Panjab Digital Library | www.panjabdigilib.org

ਬੋਲੀ ਦੇ ਪੱਖ ਤੋਂ ਮਿਹਰਬਾਨ ਜੀ ਦੀ ਰਚਨਾ ਵਧੇਰੇ ਪ੍ਰਭਾਵਸ਼ਾਲੀ ਨਜ਼ਰ ਆਉਂਦੀ ਹੈ। ਪੋਥੀ ਸਚ ਖੰਡ ਵਿੱਚ ਪੰਜਾਬੀ ਬੋਲੀ ਦਾ ਉਹ ਸਰੂਪ ਅੰਕਿਤ ਹੋਇਆ ਮਿਲਦਾ ਹੈ ਜਿਹੜਾ ਇਕ ਪਾਸੇ ਅਜੇ ਸਨਾਤਨੀ ਸਾਧ-ਬੋਲੀ ਦੀ ਪਰੰਪਰਾ ਨੂੰ ਚੰਬੜਿਆ ਹੋਇਆ ਹੈ ਅਤੇ ਜਿਥੇ ਦੂਜੇ ਪਾਸੇ ਬੋਲੀ ਦਾ ਵਿਕਾਸ ਮਾਨ ਸਰੂਪ ਮਲੋਜੋਰੀ ਨਿਖਾਰ ਪਕੜ ਰਿਹਾ ਹੈ। ਇਹ ਇਕ ਸੰਗਮ ਹੈ ਜਿਥੇ ਪੰਜਾਬੀ ਦੇ ਪ੍ਰਾਚੀਨ ਪ੍ਰਾਚੀਨਤਮ ਅਤੇ ਨਵੀਨ ਨਵੀਨਤਮ ਬੋਲੀ ਦੇ ਵਿਭਿੰਨ ਰੂਪ ਦ੍ਰਿਸ਼ਟਮਾਨ ਹੋ ਰਹੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਥੇ ਸਾਧ ਭਾਖਾ ਦੀ ਤਾਂ ਨੀਂਹ ਹੈ, ਖੜੀ ਬੋਲੀ ਦਾ ਵਾਯੂ ਮੰਡਲ, ਮੁਲਤਾਨੀ ਝਾਂਗੀ ਦੀ ਉਸਾਰੀ ਹੈ ਅਪਭ੍ਰੰਸ਼ ਦੀ ਚਿਤ੍ਰਕਾਰੀ ਹੈ ਤਦਭਵੀ ਫਾਰਸੀ ਦੀ ਯਥਾਯੋਗ ਰੰਗਣ ਹੈ ਅਤੇ ਕੇਂਦਰੀ ਪੰਜਾਬ ਦੀ ਸੁਘੜਤਾਈ ਹੈ।'[1]

1. ਉਕਤ, ਆਰੰਭਿਕਾ, ਪੰਨਾ–69—ਵਿਸਥਾਰ ਲਈ ਵੇਖੋ ਭਾਖਈ ਅਧਿਐਨ

Digitized by Panjab Digital Library | www.panjabdigilib.org

ਅਧਿਆਇ 4

# ਗੁਰਬਾਣੀ ਦਾ ਵਿਆਖਿਆਕਾਰ

ਮਿਹਰਬਾਨ ਜੀ ਦੇ ਪੁਤਰ ਹਰਿ ਜੀ ਦੇ ਕਥਨ ਅਨੁਸਾਰ ਮਿਹਰਬਾਨ ਜੀ ਦਾ ਜੀਵਨ ਉਦੇਸ਼ ਹੀ ਗੁਰਬਾਣੀ ਦੀ ਵਿਆਖਿਆ ਕਰਨਾ ਸੀ। "ਗੋਸ਼ਟ ਮਿਹਰਬਾਨ" ਵਿੱਚ ਇਸ ਤਰ੍ਹਾਂ ਲਿਖਿਆ ਹੈ :

"ਤਬ ਏਕ ਸਮੇਂ ਸ੍ਰੀ ਠਾਕਰ ਜੀ ਕਿਰਪਾਲੁ ਹੋਇ ਕਰ ਕਹਿਆ ਜਿ ਏ ਨਾਨਕ ਭਗਤਿ ਤੈ ਸੰਸਾਰ ਕੈ ਵਿਖੈ ਨਾਮੁ ਸਮਰਾਇਆ ਅਰ ਧਰਮਸਾਲਾਂ ਬਾਂਧੀਆ ਭਲਾ ਕੀਆ। ਧਰਮ ਕਾ ਮਾਰਗ ਚਲਾਇਆ। ਪਰ ਤੇਰੇ ਮੁਖ ਕੀ ਬਾਣੀ ਸੁਣਨੇ ਕਉ ਸਿਧਿ ਓਟ ਹੈ ਅਰ ਸਮਝਣੇ ਕਉ ਕਠਨ ਹੈ। ਤਿਸ ਤੇ ਇਉ ਕੀਆ ਚਾਹੀਏ ਜੇ ਐਸਾ ਭਗਤ ਕੋਈ ਭੇਜੀਏ ਜੋ ਤੇਰੀ ਬਾਣੀ ਕਾ ਅਰਥੁ ਕਰਿ ਕਰਿ ਜਗਤਿ ਕਉ ਸਮਝਾਵੈ ਅਰ ਸਭਨਾ ਭਗਤਾਂ ਕੀ ਬਾਣੀ ਕਾ ਅਰਥ ਕਰੇ ਜੋ ਕੋਈ ਸਮਝੇਗਾ ਤਿਸ ਕਾ ਭਲਾ ਹੋਵੇਗਾ।,"[1]

ਸੋਲ੍ਹਵੀਂ ਸਦੀ ਈਸਵੀ ਦੇ ਅਖ਼ੀਰ ਅਤੇ ਸਤਾਰ੍ਹਵੀਂ ਸਦੀ ਈਸਵੀ ਦੇ ਆਰੰਭ ਵਿੱਚ ਭਾਰਤੀ ਧਾਰਮਕ ਸਾਹਿਤ ਦੇ ਗਗਨਾਂ ਵਿੱਚ ਇਕ ਨਵੇਂ ਸੂਰਜ ਦਾ ਪ੍ਰਕਾਸ਼ ਹੋਇਆ। ਇਹ ਗੁਰੂ ਗਰੰਥ ਸਾਹਿਬ ਜੀ ਦੀ ਰਚਨਾ ਸੀ। ਇਹ ਇਕ ਵੱਡੇ ਆਕਾਰ ਦਾ ਗਰੰਥ ਸੀ ਜਿਸ ਵਿਚ ਗੁਰੂ ਅਰਜਨ ਸਾਹਿਬ, ਉਨ੍ਹਾਂ ਦੇ ਪੂਰਬ-ਅਧਿਕਾਰੀ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਅੰਕਤ ਸੀ। ਇਸ ਵਿਚ ਕੁਲ ਸਬਦ 5751 ਸਨ ਅਤੇ ਇਸ ਵਿਚ ਜੈਦੇਵ (ਬੰਗਾਲ ਦੇ), ਨਾਮਦੇਵ (ਮਹਾਰਾਸਟਰਾ ਦੇ), ਧੰਨਾ (ਰਾਜਸਥਾਨ ਦੇ), ਕਬੀਰ (ਉਤਰਪ੍ਰਦੇਸ), ਫਰੀਦ, ਸਤਾ ਬਲਵੰਡ ਅਤੇ ਭੱਟ (ਜੋ ਬ੍ਰਾਹਮਣ ਸਨ) ਦੀਆਂ ਬਾਣੀਆਂ ਸ਼ਾਮਲ ਸਨ। ਇਸ ਤਰ੍ਹਾਂ ਇਸ ਮਹੱਤਾਪੂਰਣ ਰਚਨਾ ਨੇ ਸਾਹਿਤਕ ਰੁਚੀਆਂ ਵਾਲੇ ਕਲਾਕਾਰਾਂ ਨੂੰ ਵੰਗਾਰਿਆ। ਗੁਰੂ ਗਰੰਥ ਸਾਹਿਬ ਦੇ ਪ੍ਰਭਾਵ ਥਲੇ ਬਹੁਤ ਸਾਰੀ ਕਵਿਤਾ ਰਚੀ ਗਈ। ਇਸ ਪ੍ਰਕਾਰ ਦੀ ਰਚਨਾ ਜੋ ਗੁਰੂ ਗਰੰਥ ਸਾਹਿਬ ਦੇ ਪ੍ਰਭਾਵ ਹੇਠ ਰਚੀ ਗਈ, ਵਿੱਚੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਥਿਤ ਸਵਯੈ ਪ੍ਰਮੁਖ ਰਚਨਾ ਮੰਨੀ ਜਾਂਦੀ ਹੈ ਅਤੇ ਇਸ ਨੂੰ ਗੁਰੂ ਗਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਗਰੰਥ ਸਾਹਿਬ ਵਿੱਚ ਅੰਕਤ ਬਾਣੀ ਤੇ ਮੁਖ ਸਿੱਧਾਤਾਂ ਨੂੰ ਆਪਣੀ ਰਚਨਾ ਵਿੱਚ ਵਿਆਖਿਆ ਹੈ। ਮੂਲ ਮੰਤਰ ਦਾ ਅਰਥ ਇਨ੍ਹਾਂ ਅਖਰਾਂ ਵਿੱਚ ਦਸਿਆ ਹੈ :

ਏਕਾ ਏਕੰਕਾਰ ਲਿਖ ਦਿਖਾਲਿਆ
ਊੜਾ ਓਅੰਕਾਰ ਪਾਸ ਬਹਾਲਿਆ

1. ਗੋਸ਼ਟਾਂ ਮਿਹਰਬਾਨ ਜੀ, ਗੁਰਮੁਖੀ ਹਥ ਲਿਖਤ ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ, ਨੰਬਰ 2527, ਪੱਤ੍ਰਾ 57 ੳ

Digitized by Panjab Digital Library | www.panjabdigilib.org

ਸਤਿਨਾਮ ਕਰਤਾਰ ਨਿਰਭਉ ਭਾਲਿਆ
ਨਿਰਵੈਰਹੁ ਜੈਕਾਰ ਅਜੂਨਿ ਅਕਾਲਿਆ
ਸਚੁ ਨੀਸਾਣ ਅਪਾਰ ਜੋਤ ਉਜਾਲਿਆ
ਪੰਜ ਅਖਰ ਉਪਕਾਰ ਨਾਮ ਸਮਾਲਿਆ

(ਵਾਰ 3, ਪਉੜੀ 15)

ਇਸੇ ਤਰ੍ਹਾਂ ਮਿਹਰਬਾਨ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਭਾਵ ਹੇਠ ਗੱਦ ਰਚਨਾ ਕੀਤੀ । ਉਨ੍ਹਾਂ ਨੂੰ ਗੁਰਬਾਣੀ ਨਾਲ ਪਿਆਰ ਬਚਪਣ ਤੋਂ ਸੀ । ਉਨ੍ਹਾਂ ਇਹ ਵੇਖਿਆ ਕਿ ਸੰਗਤਾਂ ਵਿੱਚ ਕਈ ਸ਼ਬਦਾਂ ਦੀ ਸਮਝ ਨਹੀਂ ਆਉਂਦੀ ਕਿਉਂ ਕਿ ਉਨ੍ਹਾਂ ਵਿੱਚ ਆਤਮਕ ਉਨਤੀ ਦੇ ਭੇਦ ਦਸੇ ਹਨ । ਨਾਮ ਸਿਮਰਨ ਲਈ ਸੰਕੇਤਕ ਸ਼ਬਦਾਵਲੀ ਵਰਤੀ ਹੈ ਜੋ ਵਿਸਥਾਰ ਨਾਲ ਵਧੇਰੇ ਸਮਝ ਆ ਸਕਦੀ ਏ । ਸੋ ਪਹਿਲਾ ਉਨ੍ਹਾਂ ਸ਼ਬਦਾਂ ਨੂੰ ਸਾਖੀਆਂ ਦੁਆਰਾ ਸਮਝਾਉਣਾ ਆਰੰਭ ਕੀਤਾ ਜਿਵੇਂ ਕਿ "ਗੋਸ਼ਟਾਂ ਮਿਹਰਵਾਨ" ਵਿੱਚ ਲਿਖਿਆ ਹੈ :—"ਤਬ ਸਿਖ ਸੰਗਤਾਂ ਕਉ ਭਗਤਾਂ ਕੀਆ ਸਾਖੀਆਂ ਅਰੁ ਗੁਰੂ ਕੀਆਂ ਸਾਖੀਆ ਅਰ ਅਓਰ ਕਥਾ ਚਰਚਾ ਪਰਮੇਸ਼ਰ ਕੀ ਨਮਿਤ ਨਿਤ ਹੋਇਆਂ ਕਰਤਾ"[1] ਸਾਖੀਆਂ ਦੇ ਨਾਲ ਨਾਲ ਉਹ ਗੁਰਬਾਣੀ ਦਾ ਕੀਰਤਨ ਕਰਦੇ ਜਿਸ ਨਾਲ ਸੰਗਤਾਂ ਤੇ ਬਹੁਤ ਪ੍ਰਭਾਵ ਪੈਂਦਾ "ਗੋਸ਼ਟਾਂ ਮਿਹਰਵਾਨ" ਵਿੱਚ ਲਿਖਿਆ ਹੈ "ਕੰਠ ਕੀ ਸੋਭਾ ਕਿਆ ਕਹੈ ਰਾਗ ਕੀਰਤਨ ਕਰ ਕਰ ਸਭਨਾ ਗੁਨੀ ਜਨਾ ਕਉ ਸਿਖਿਆ ਦੇਣ ਹਾਰਾ ਥਾ"[2]। ਸਾਖੀਆਂ ਅਤੇ ਕੀਰਤਨ ਦੇ ਨਾਲ ਨਾਲ ਆਪ ਨੇ ਸ਼ਬਦਾਂ ਦੀ ਵਿਆਖਿਆ ਵੀ ਆਰੰਭ ਦਿੱਤੀ । ਪੋਥੀ ਸਚ ਖੰਡ ਗੁਰੂ ਨਾਨਕ ਬਾਣੀ ਦੇ ਪਰਮਾਰਥ ਦਾ ਪਹਿਲਾ ਲਿਖਤੀ ਰੂਪ ਹੈ । ਮਿਹਰਬਾਨ ਜੀ ਦੇ ਪਰਮਾਰਥਾਂ ਤੋਂ ਪਹਿਲਾਂ ਗਦ ਵਿੱਚ ਗੁਰਬਾਣੀ ਦੇ ਅਰਥ ਕਿਧਰੇ ਨਹੀਂ ਮਿਲਦੇ । ਮਿਹਰਬਾਨ ਜੀ ਦੀ ਵਿਆਖਿਆ ਭਾਰਤੀ ਟੀਕਾਕਾਰੀ ਦੇ ਨੇਮਾਂ ਨਾਲ ਮੇਲ ਖਾਂਦੀ ਹੈ ।.

ਟੀਕਾ ਜਾਂ ਪਰਮਾਰਥ ਲਿਖਣੇ ਭਾਰਤ ਦੀ ਇਕ ਪ੍ਰਸਿੱਧ ਸਾਹਿਤਕ ਪਰੰਪਰਾ ਹੈ । ਸੂਤ੍ਰਕ ਜਾਂ ਰਹੱਸਮਈ ਰਚਨਾਵਾਂ ਨੂੰ ਸਪਸ਼ਟ ਕਰਨ ਦੀਆਂ ਭਾਰਤੀ ਸਾਹਿੱਤ ਵਿੱਚ ਅਨੇਕ ਵਿਧੀਆਂ ਮਿਲਦੀਆਂ ਹਨ ਜਿਵੇਂ ਟੀਕਾ-ਕਾਰੀ, ਵਿਆਖਿਆ, ਭਾਸ਼ ਅਤੇ ਪਰਮਾਰਥ । ਇਨ੍ਹਾਂ ਸਾਰਿਆਂ ਵਿੱਚ ਥੋੜਾ ਥੋੜਾ ਅੰਤਰ ਹੈ । ਆਮ ਕਰਕੇ ਅਰਥ ਸਮਝਾਉਣ ਨੂੰ ਟੀਕਾ ਅਤੇ ਵਿਸਥਾਰ ਵਿੱਚ ਅਰਥ ਸਮਝਾਉਣ ਨੂੰ ਵਿਆਖਿਆ ਆਖਿਆ ਜਾਂਦਾ ਹੈ । ਭਾਸ਼ ਵਿੱਚ ਮੂਲ ਰਚਨਾ ਦੀਆਂ ਅਸਪਸ਼ਟ ਗੱਲਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਭਾਸ਼ਕਾਰ ਕੁਝ ਸਮਿਗਰੀ ਆਪਣੇ ਵਲੋਂ ਵੀ ਸ਼ਾਮਲ ਕਰ ਦੇਂਦਾ ਹੈ । ਜਿਵੇਂ ਕਿ ਪਾਣਿਨੀ ਸੂਤ੍ਰ ਉਤੇ ਪਤੰਜਲੀ ਦਾ "ਵਿਆਕਰਣ ਮਹਾਂ ਭਾਸ਼" । ਪਰਮਾਰਥ, ਟੀਕੇ, ਵਿਆਖਿਆ ਦੇ ਨਾਲ ਨਾਲ ਅਧਿਆਤਮਕ ਤਥਾਂ ਨੂੰ ਸਪਸ਼ਟ ਕਰਨਾ ਹੈ । ਸੰਸਕ੍ਰਿਤ ਵਿੱਚ ਪਰਮਾਰਥਾਂ ਦਾ ਵਾਸਤਵਿਕ ਵਿਕਾਸ ਪੁਰਾਣ ਸਾਹਿਤ ਵਿੱਚ ਮਿਲਦਾ ਹੈ ।[3] ਪੰਜਾਬੀ ਵਿੱਚ ਗੁਰਬਾਣੀ ਪਰਮਾਰਥ ਲਿਖਣ ਦਾ ਆਰੰਭ ਮਿਹਰਬਾਨ ਜੀ ਨੇ ਕੀਤਾ। ਪਰ ਉਨ੍ਹਾਂ ਦੀ ਇਹ ਪਰਪਾਟੀ ਕੇਵਲ ਉਨ੍ਹਾਂ ਦੇ ਪੁਤਰਾਂ ਤਕ ਹੀ ਸੀਮਤ ਰਹੀ[4] ਤੇ ਅਗੋਂ ਪਰਫੁਲਤ ਨ ਹੋ ਸਕੀ ।

---

1. ਗੋਸ਼ਟਾਂ ਮਿਹਰਵਾਨ ਪਤ੍ਰਾ 66–ਅ
2. ਉਕਤ ਪਤ੍ਰਾ 64–ੳ.
3. ਗੁਰਬਾਣੀ ਟੀਕੇ, ਅਨੰਦ ਘਨ, ਭਾਸ਼ਾ ਵਿਭਾਗ, ਪਟਿਆਲਾ, 1970, ਪੰਨਾ 1
4. ਵੇਖੋ ਅਧਿਆਇ ਉੱਤਰ–ਅਧੀਕਾਰੀ

Digitized by Panjab Digital Library | www.panjabdigilib.org

ਪਰਮਾਰਥ ਲਿਖਣ ਦੇ ਨੇਮਾਂ ਬਾਰੇ ਅਨੰਦ ਘਨ ਇਸ ਤਰ੍ਹਾਂ ਲਿਖਦੇ ਹਨ, "ਸਰਬ ਸਾਸਤ੍ਰ ਕੀ ਇਹ ਰੀਤ ਹੈ—ਜਹਾ ਪੂਰਬ ਪਦ ਕਾ ਸੰਬੰਧ ਨਹੀਂ ਬਣਤਾ ਤਹਾਂ ਉਥਾਨਕਾ ਧਰ ਕਰ ਸੰਬੰਧ ਮਿਲਾਵਤਾ ਹੈ ਜਾਂ ਅਰਥ ਮੇ ਵਿਰੋਧ ਪੜਤਾ ਹੈ ਤਹਾਂ ਬਿਵਸਥਾ ਕਰ ਕਰ ਵਿਰੋਧ ਮਿਟਾਵਤਾ ਹੈ——ਸ਼ਬਦ ਕਾ ਅਰਥ ਪ੍ਰਕਰਣ ਤੇ ਹੋਤਾ ਹੈ ਕੇਵਲ ਸ਼ਬਦ ਤੇ ਸ਼ਬਦ ਦਾ ਅਰਥ ਹੋਤਾ ਹੀ ਨਹੀਂ । ਪ੍ਰਕਰਣ ਕਿਆ ਕਹੀਏ, ਪੂਰਬ ਪਰ ਪਦੋ ਕੇ ਜੋ ਅਰਥ ਹੈ ਤਿਨ ਕੀ ਮਧ ਪਦੋ ਕੇ ਅਰਥ ਸਾਥ ਸੰਗਤ ਕਰਣੀ । ਆਦਿ ਵਿਖੇ ਕਿਆ ਲਿਖਾ ਹੈ ਅੰਤ ਵਿਖੇ ਕਿਆ ਲਿਖਾ ਹੈ, ਮਧ ਵਿਖੇ ਕਿਆ ਚਾਹੀਤਾ ਹੈ, ਕਿਸ ਆਸ੍ਰੈ ਕੋ ਲੈ ਕਰ ਚਲਾ ਹੈ ਮੂਲਕਾਰ ਕੇ ਆਸ਼ੇ ਕੋ ਪਛਾਨਣਾ ਅਰ ਆਦਿ ਅੰਤ ਸੇ ਮਿਲੀ ਹੂਈ ਬਾਤਿ ਕਹਿਣੀ—ਇਸ ਕਾ ਨਾਮ ਪ੍ਰਕਰਣ ਹੈ ।— ..—ਬਾਣੀ ਰਚਨੇ ਕਾ ਪ੍ਰਯੋਜਨ ਕਿਆ ? ਪ੍ਰਯੋਜਨ ਕਾ ਅਰਥ ਸਾਸਤ੍ਰ ਮੇ ਇਹੀ ਲਿਖਾ ਹੈ--ਜਿਸ ਕਰ ਕਰ ਪ੍ਰੇਰਿਆ ਹੂਆ ਪੁਰਖ ਪ੍ਰਵਰਤੇ ਕੁਛ ਕਰਣੇ ਕੋ ਸੋ ਕਹੀਏ ਪ੍ਰਯੋਜਨ । ਬਾਬਾ ਨਾਨਕ ਜੋ ਬਾਣੀ ਕੇ ਕਰਣੇ ਵਿਖੇ ਪ੍ਰਵਰਤਿਆ ਤਿਸ ਕੋ ਕਿਸ ਨੇ ਪ੍ਰੇਰਿਆ -ਤੁਮ ਬਾਣੀ ਕਰੋ । ਕੋਈ ਪ੍ਰੇਰਕ ਮਾਨਾ ਚਾਹੀਏ । ਜੋ ਪ੍ਰੇਰਕ ਨ ਮਾਨੀਏਗਾ ਤੋ ਬਾਣੀ ਨਿਖ-ਪ੍ਰਯੋਜਨ ਰਹੇਗੀ । ਸੋ ਬਾਣੀ ਤੋ ਨਿਖ-ਪ੍ਰਯੋਜਨ ਨਹੀਂ ਸਪ੍ਰਯੋਜਨ ਹੈ । ਉਤਮ ਪੁਰਖੋਂ ਕੋ ਸੁਭਾਵਕ ਹੀ ਦਇਆ ਹੋਤੀ ਹੈ । ਜਗਤ ਕੇ ਲੋਕੋ ਆਵਾਗੌਣ ਰੂਪੀ ਦੁਖ ਦੇਖ ਕਰ ਬਾਬਾ ਨਾਨਕ ਕੋ ਦਇਆ ਉਪਜੀ । ਤਿਸ ਦਇਆ ਨੇ ਹੀ ਬਾਬਾ ਨਾਨਕ ਪ੍ਰੇਰਿਆ—ਇਨ ਜੀਵੋ ਕੀ ਕਲਿਆਣ ਕਾ ਸਾਧਨ ਕਛੁ ਰਚੋ । ਪ੍ਰਯੋਜਨ ਇਸ ਬਾਣੀ ਕਾ ਜੀਵੋਂ ਕੀ ਕਲਿਆਣ ਕੇ ਨਮਿਤ ਦਇਆ ।"[1]

ਭਾਰਤੀ ਪਰੰਪਰਾ ਅਨੁਸਾਰ ਕਿਸੇ ਅਧਿਆਤਮਕ ਰਚਨਾ ਦੇ ਪਰਮਾਰਥ ਦੀ ਸਫਲਤਾ ਨਿਮਨ ਗੱਲਾਂ ਤੇ ਨਿਰਭਰ ਕਰਦੀ ਹੈ :

1. ਸ਼ਬਦ ਦਾ ਉਥਾਨਕਾ ਦਸਣਾ ਅਤੇ ਰਚਨਾ ਪ੍ਰਯੋਜਨ ਦਾ ਲਭਣਾ : ਸ਼ਬਦ ਨੂੰ ਸਮਝਣ ਵਾਸਤੇ ਉਸ ਸਥਿਤੀ ਨੂੰ ਸਮਝਣਾ ਉਸ ਔਸਰ ਜਾਂ ਉਸ ਵਿਅਕਤੀ ਦਾ ਜਾਨਣਾ ਬਹੁਤ ਜ਼ਰੂਰੀ ਹੈ ਜਿਸ ਨੂੰ ਸ਼ਬਦ ਸੰਬੋਧਨ ਕੀਤਾ ਗਿਆ ਹੈ । ਜਦੋਂ ਅਸੀਂ ਕਿਸੇ ਸ਼ਬਦ ਦਾ ਪਛੋਕੜ ਸਮਝ ਲਈਏ ਅਤੇ ਉਸ ਵਾਤਾਵਰਣ ਦਾ ਨਿਰੀਖਣ ਕਰ ਲਈਏ ਜਾਂ ਉਸ ਵਾਤਾਵਰਣ ਨੂੰ ਸਮਝ ਲਈਏ ਤਾਂ ਸ਼ਬਦ ਦੀ ਵਧੇਰੇ ਸਮਝ ਆਉਂਦੀ ਹੈ ।

2. ਸ਼ਬਦ ਦੀ ਇਕਾਈ ਅਤੇ ਇਕਸੁਰਤਾ ਨੂੰ ਸਾਮਣੇ ਰਖਣਾ : ਪਰਮਾਰਥ ਲਿਖਣ ਵਾਲੇ ਦਾ ਸਭ ਤੋਂ ਉਤਮ ਸ਼ਰੋਮਣੀ ਕੰਮ ਇਹ ਹੈ ਕਿ ਉਹ ਸ਼ਬਦਾਂ ਦਾ ਸਮੁਚਾ ਭਾਵ (ਆਸਰਾ) ਸਾਮ੍ਹਣੇ ਰਖ ਕੇ ਹਰ ਪੰਗਤੀ ਜਾਂ ਤੁਕ ਦਾ ਅਰਥ ਕਰੇ ਤਾਂ ਸ਼ਬਦ ਦੀ ਇਕਸੁਰਤਾ ਕਾਇਮ ਰਹੇ । ਛੁਪੇ ਭਾਵਾਂ ਨੂੰ ਸਪਸ਼ਟ ਕਰੇ । ਕਈ ਵਾਰੀ ਥੋੜੇ ਜੇਹੇ ਸੰਕੇਤ ਦਾ ਬਹੁਤ ਵਿਸਥਾਰ ਕਰਨ ਦੀ ਲੋੜ ਹੁੰਦੀ ਹੈ । ਵਿਸਥਾਰ ਕਰਨ ਲਗਿਆਂ ਸਮੁੱਚਾ ਭਾਵ ਸਾਮ੍ਹਣੇ ਰਖਣਾ ਜ਼ਰੂਰੀ ਹੈ । ਸ਼ਬਦ ਦੀ ਏਕਤਾ ਨੂੰ ਕਾਇਮ ਰਖਣ ਲਈ ਅਰੰਭ ਵਿੱਚ, ਮਧ ਵਿੱਚ ਅਤੇ ਅੰਤ ਵਿੱਚ ਦਿੱਤੇ ਖਿਆਲਾਂ ਨੂੰ ਲੜੀਵਾਰ ਜੋੜਨਾ ਜ਼ਰੂਰੀ ਹੁੰਦਾ ਹੈ । ਪਰਮਾਰਥ ਲਿਖਣ ਵਾਲਾ ਆਪਣੀ ਸੂਝ ਨਾਲ ਜਿਥੇ ਕਿਧਰੇ ਵਿਰੋਧਤਾ ਨਜ਼ਰ ਆਉਂਦੀ ਹੈ ਉਹ ਦੂਰ ਕਰਕੇ ਹਰ ਤੁਕ ਦੀ ਵਿਚਾਰ ਨੂੰ ਲੜੀ ਵਿੱਚ ਪਰੋ ਦੇਂਦਾ ਹੈ ।

---

1. ਗੁਰਬਾਣੀ ਟੀਕੇ, ਅਨੰਦ ਘਨ, ਪੰਨਾ 117-18

Digitized by Panjab Digital Library | www.panjabdigilib.org

3. ਸ਼ਬਦ ਵਿੱਚ ਆਏ ਮਿਥਿਆਸਕ ਸੰਕੇਤ ਅਤੇ ਅਲੰਕਾਰ ਨੂੰ ਸਪਸ਼ਟ ਕਰਨਾ : ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਬਹੁਤ ਸਾਰੇ ਮਿਥਿਆਸਕ ਹਵਾਲੇ ਹਨ ਉਨ੍ਹਾਂ ਨੂੰ ਸਪਸ਼ਟ ਕਰਨਾ ਸ਼ਬਦ ਦੀ ਸਰਲਤਾ ਲਈ ਬਹੁਤ ਜ਼ਰੂਰੀ ਹੁੰਦਾ ਹੈ। ਉਨ੍ਹਾਂ ਮਿਥਿਆਸਕ ਅਲੰਕਾਰਾਂ ਨੂੰ ਸਪਸ਼ਟ ਕਰਨ ਲਈ ਭਾਰਤੀ ਮਿਥਿਆਸਕ ਗਿਆਨ ਦਾ ਹੋਣਾ ਜ਼ਰੂਰੀ ਹੈ। ਪੁਰਾਨਾਂ ਦੇ ਦਿਤੇ ਹਵਾਲੇ ਸਰਲ ਕਰਨਾ ਪਰਮਾਰਥ ਲਿਖਣ ਵਾਲੇ ਦਾ ਮੁਖ ਫਰਜ਼ ਹੈ।

ਮਿਹਰਬਾਨ ਜੀ ਨੇ ਉਪਰੋਕਤ ਲਿਖੇ ਟੀਕਾਕਾਰੀ ਦੇ ਨੇਮਾਂ ਅਨੁਸਾਰ ਗੁਰੂ ਨਾਨਕ ਬਾਣੀ ਦੇ ਪਰਮਾਰਥ ਲਿਖੇ ਹਨ। ਉਨ੍ਹਾਂ ਦੇ ਰਚੇ ਪਰਮਾਰਥ ਭਾਰਤੀ ਟੀਕਾਕਾਰੀ ਦੀ ਪਰੰਪਰਾ ਦੀ ਲੜੀ ਦਾ ਇਕ ਮਹੱਤਪੂਰਨ ਅੰਗ ਹਨ। ਫਰਕ ਕੇਵਲ ਇਹ ਹੈ ਕਿ ਪਹਿਲਾ ਭਾਸ਼ ਜਾਂ ਟੀਕੇ ਸੰਸਕ੍ਰਿਤ ਜਾਂ ਭਾਖਾ ਵਿੱਚ ਲਿਖੇ ਗਏ ਸਨ ਤੇ ਮਿਹਰਬਾਨ ਜੀ ਨੇ ਪਹਿਲੀ ਵਾਰੀ ਪੰਜਾਬੀ ਗੁਰਮੁਖੀ ਅਖਰਾਂ ਵਿੱਚ ਨਾਨਕ ਬਾਣੀ ਦੇ ਪਰਮਾਰਥ ਲਿਖੇ ਅਤੇ ਸੰਸਕ੍ਰਿਤ ਦੀ ਪੁਰਾਣੀ ਵਿਆਖਿਆਤਮਕ ਪਰਪਾਟੀ ਨੂੰ ਪੰਜਾਬੀ ਵਿੱਚ ਤੋਰਿਆ। ਇਸ ਤਰ੍ਹਾਂ ਮਿਹਰਬਾਨ ਜੀ ਪੰਜਾਬੀ ਵਿੱਚ ਪਰਮਾਰਥ ਰਚਨਾ ਦੇ ਮੋਢੀ ਬਣੇ।

## ਸ਼ਬਦਾਂ ਦੀ ਉਥਾਨਕਾ

ਮਿਹਰਬਾਨ ਸ਼ਾਇਦ ਪਹਿਲੇ ਲਿਖਾਰੀ ਹਨ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦਾ ਪਰਮਾਰਥ ਲਿਖਣ ਲਈ ਉਨ੍ਹਾਂ ਦੇ ਜੀਵਨ ਦੀਆਂ ਪ੍ਰਚਲਿਤ ਰਵਾਇਤਾਂ ਨੂੰ ਉਥਾਨਕਾ ਦੇ ਰੂਪ ਵਿੱਚ ਵਰਤਿਆ ਹੈ। ਹਰ ਸ਼ਬਦ ਲਈ ਗੁਰੂ ਨਾਨਕ ਜੀਵਨੀ ਦੀਆਂ ਘਟਨਾਵਾਂ ਨੂੰ ਹੀ ਪ੍ਰਕਰਣ ਬਣਾਇਆ ਹੈ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਹਰ ਸ਼ਬਦ ਦੀ ਵਿਆਖਿਆ ਲਈ ਇਕ ਨਵੀਂ ਸਥਿਤੀ ਹੋਂਦ ਵਿੱਚ ਆਉਂਦੀ ਹੈ ਅਤੇ ਦੂਸਰੇ ਸ਼ਬਦ ਦੇ ਵਿਸਥਾਰ ਲਈ ਇਕ ਰੌਚਕ ਪਛੋਕੜ ਬਝ ਜਾਂਦਾ ਹੈ ਜਿਸ ਨਾਲ ਪੜ੍ਹਨ ਵਾਲੇ ਨੂੰ ਸ਼ਬਦ ਦੀ ਜ਼ਿਆਦਾ ਸਮਝ ਆਉਂਦੀ ਹੈ। ਇਸ ਦਾ ਇਕ ਹੋਰ ਲਾਭ ਇਹ ਹੋਇਆ ਹੈ ਕਿ ਗੁਰੂ ਨਾਨਕ ਸਾਹਿਬ ਦੀਆਂ ਜੋ ਰਵਾਇਤਾਂ ਮਿਹਰਬਾਨ ਜੀ ਦੇ ਸਮੇਂ ਪ੍ਰਚਲਤ ਸਨ ਉਹ ਸ਼ਬਦਾਂ ਦੇ ਉਥਾਨਕੇ ਦੇ ਰੂਪ ਵਿੱਚ ਸੁਰਖਿਅਤ ਹੋ ਗਈਆਂ ਹਨ ਤੇ ਇਨ੍ਹਾਂ ਨੂੰ ਤਰਤੀਬ ਨਾਲ ਲਿਖਣ ਨਾਲ ਜਿਵੇਂ ਕਿ ਪੋਥੀ ਸਚ ਖੰਡ ਵਿੱਚ ਅੰਕਤ ਹਨ ਇਕ ਹੋਰ ਜਨਮ ਸਾਖੀ ਹੋਂਦ ਵਿੱਚ ਆ ਗਈ ਹੈ ਜਿਸ ਦਾ ਵਿਸਥਾਰ ਸਹਿਤ ਕਥਨ ਅਸੀਂ ਪਿਛਲੇ ਅਧਿਆਇ ਵਿੱਚ ਕਰ ਆਏ ਹਾਂ।

ਉਥਾਨਕਾ ਜਾਂ ਪਰਕਰਣ ਦਾ ਭਾਵ ਇਹ ਦਸਣਾ ਹੈ ਕਿ ਕੋਈ ਰਚਨਾ ਕਿਨ੍ਹਾਂ ਹਾਲਤਾਂ ਵਿਚ ਕਿਸ ਪਰਕਾਰ ਦੇ ਮਨੁਖ ਨਾਲ ਜਾਂ ਜਾਚਕ ਨਾਲ ਵਿਚਾਰ ਕਰਦਿਆਂ ਕਿਸ ਪ੍ਰਸੰਗ ਵਿੱਚ ਅਤੇ ਕਿਸ ਵਾਤਾਵਰਣ ਜਾਂ ਵਾਯੂ-ਮੰਡਲ ਤੇ ਟਿਕਾਣੇ ਤੇ ਕੀਤੀ ਗਈ। ਇਸ ਤਰ੍ਹਾਂ ਆਸਾ ਦੀ ਵਾਰ ਦੀਆਂ ਬਾਰਾਂ ਪਉੜੀਆਂ ਅਤੇ[1] ਇਕ ਸ਼ਲੋਕ ਦਾ ਉਚਾਰਨ ਇਕ ਗੋਸ਼ਟ ਵਿੱਚ ਪਾਕਪਟਨ ਵਿੱਚ ਹੋਇਆ ਦਸਿਆ ਹੈ। ਇਨ੍ਹਾਂ ਪਉੜੀਆਂ ਦੇ ਉਥਾਨਕੇ ਵਾਲੀ ਗੋਸ਼ਟ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ :

(ਇਸ ਤੋਂ ਪਹਿਲੀ ਗੋਸ਼ਟ ਵਿੱਚ ਗੁਰੂ ਸਾਹਿਬ ਦਾ ਪਾਕ ਪਟਨ ਪੁਜਣਾ ਦਸਿਆ ਹੈ ਤੇ ਪਾਕ ਪਟਨ ਦੀ ਪਹਿਲਾਂ ਇਕ ਗੋਸ਼ਟ ਹੋ ਚੁਕੀ ਹੈ)

---

1. ਆਸਾ ਦੀ ਵਾਰ ਦੀਆਂ ਇਹ ਪਉੜੀਆਂ ਹਨ :
ਪਉੜੀ, 1, 2, 3, 4, 5, 9, 10, 12, 14, 16, 17, 19, 20 ਪਉੜੀ 3 ਦਾ
ਸ਼ਲੋਕ—ਕੁਦਰਤ ਦਿਸੈ ਕੁਦਰਿਤ ਸੁਣੀਐ ਕੁਦਰਤਿ ਭਉ ਸੁਖ ਸਾਰੁ।

Digitized by Panjab Digital Library | www.panjabdigilib.org

"ਤਬ ਫੇਰਿ ਅਰਜ਼ ਕੀਤਾ ਸ਼ੇਖ ਬਿਰਾਹਮ ਜਿ "ਏ ਗੁਰੂ ਬਾਬਾ ਨਾਨਕ ਜੀ ! ਏਕ ਬਿਆ ਭੀ ਅਰਜੁ ਹੈ ਜੋ ਹੁਕਮ ਥੀਵੇ ਤਾਂ ਆਖਾ ਹੇ "? ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ, "ਹਾਂ ਸੇਖ ਜੀ ! ਕਹੀਐ ਕਿਛੁ ਜੋ ਜੀਅ ਹੈ"। ਤਬ ਸ਼ੇਖ ਬਿਰਾਹੀਮ ਕਹਿਆ ਕਿ "ਬਾਬਾ ਜੀ ਸਲਾਮਤਿ ! ਹਿਕੁ ਸਾਹਿਬ ਦੇ ਨਾਵੈ ਦੀ ਵਾਰ ਥੀਵੈ ਤਾਂ ਅਸੀਂ ਨਿਹਾਲ ਥੀਵੈ ਹਾਂ। ਸਾਹਿਬ ਦੀ ਵਾਰ ਗਾਵਹੇ ਹਿਕੁ ਅਸਾਂ ਕੋ ਵਾਰਿ ਸਾਹਿਬ ਦੀ ਸੁਣਾਈਐ ਜੀ।" ਤਬ ਗੁਰੂ ਬਾਬਾ ਨਾਨਕ ਮਨਿ ਕਾਮਨਾ ਸਿਧਿ, ਜੋ ਕਿਛੁ ਕੋਈ ਬਾਛਾ ਕਰੈ ਅਰੁ ਮੰਗੈ ਸੋ ਗੁਰੂ ਬਾਬਾ ਨਾਨਕ ਪੂਰੀ ਕਰੇ। ਤਬ ਗੁਰੂ ਬਾਬਾ ਨਾਨਕੁ ਜੀ ਵਾਰਿ ਸਾਹਿਬ ਦੀ ਕਰਦਾ ਹੈ ਕਿਆ ਕਹਿੰਦਾ ਹੈ। ਤਬ ਗੁਰੂ ਬਾਬੇ ਨਾਨਕ ਆਸਾ ਰਾਗ ਮਹਿ ਵਾਰਿ ਸਾਹਿਬ ਦੀ ਕੀਨੀ :[1]

**ਪਉੜੀ**

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ
ਕਰ ਆਸਣੁ ਡਿਠੋ ਚਾਉ ।੧।

ਇਸ ਦਾ ਪਰਮਾਰਥ ਇਸ ਤਰ੍ਹਾਂ ਲਿਖਿਆ ਹੈ :

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸ਼ੇਖ ਜੀ ! ਹਿਕ ਸਾਹਿਬ ਸਾ ਪਹਿਲਾਂ ਸੋ ਸੁੰਨ ਸਾ, ਨਾ ਪਾਪ ਨਾ ਪੁੰਨ, ਤਬ ਕਰਤੇ ਪੁਰਖ ਏਹੁ ਅਕਾਰੁ ਕੀਆ ਜਿ ਹਉ ਆਪਣੀ ਕੁਦਰਤ ਪੈਦਾ ਕਰੀ, ਤਿਸੁ ਥੀ ਏਹਿ ਜੀਅ ਜਹਾਨੁ ਪੈਦਾ ਹੋਵੈ; ਖੰਡ ਬ੍ਰਹਮੰਡ, ਦੀਪ, ਲੋਅ, ਪਾਤਾਲਿ. ਜਿਮੀ, ਅਸਮਾਨ, ਪਉਣ, ਪਾਣੀ. ਪੈਦਾ ਹੋਵੈ; ਸਾਸਤ੍ਰ, ਬੇਦ, ਕਤੇਬ ਪੈਦਾ ਹੋਵੇ, ਨੇਕੀ ਬਦੀ ਪੈਦਾ ਹੋਵੈ, ਨਰਕ ਸੁਰਗ ਪੈਦਾ ਹੋਵੈ, ਸੋ ਮੈਂ ਆਪਣੀ ਕੁਦਰਤਿ ਪੈਦਾ ਕਰੀ। ਪਹਿਲਾਂ ਸੁੰਨ ਥੀ ਆਪਣਾ ਨਾਉ ਕੀਤੋਨੁ ਜਿ ਕਰਤਾ ਪੁਰਖੁ। ਪ੍ਰਿਥਮੋ ਇਹ ਨਾਉਂ ਸੁੰਨ ਕਰਤਾ ਪੁਰਖ ਹੋਇਆ। ਕਰਤੇ ਕਾ ਅਰਥ ਜਿ ਰਚਨਾ ਕਰਨਿ ਲਾਗਾ, ਤਿਸ ਥੀ ਕਰਤਾਪੁਰਖੁ। ਤਿਸੁ ਥੀਂ ਦੂਜੀ ਵਾਰਿ ਆਪਣੀ ਕੁਦਰਤਿ, ਕੁਦਰਤਿ ਥੀਂ ਸਕਲ ਜਹਾਨ ਪੈਦਾ ਹੋਇਆ।

ਕਿਆ ਕਿਆ ਪੈਦਾ ਹੋਇਆ ? ਤਬ ਗੁਰੂ ਬਾਬੇ ਨਾਨਕ ਕੁਦਰਿਤ ਕੀ ਪੈਦਾਇਸਿ ਦਾ ਸਲੋਕ ਬਧਾ :[2]

**ਸਲੋਕ**

ਕੁਦਰਤਿ ਦਿਸੈ ਕੁਦਰਰਿਤ ਸੁਣੀਐ ਕੁਦਰਤਿ ਭਉ ਸੁਖ ਸਾਰੁ . ..."

ਜਿਥੇ ਪਹਿਲੀ ਪਉੜੀ ਦੇ ਪਰਮਾਰਥ ਮੁਕਦੇ ਹਨ ਉਸ ਦੇ ਨਾਲ ਹੀ ਦੂਸਰੀ ਪਉੜੀ ਦੀ ਉਥਾਨਕਾ ਦਾ ਅਰੰਭ ਹੋ ਜਾਂਦਾ ਹੈ। ਕਈ ਵਾਰੀ ਇਹ ਉਥਾਨਕਾ ਬਹੁਤ ਹੀ ਛੋਟੀ ਹੁੰਦੀ ਹੈ। ਇਕ ਪ੍ਰਸ਼ਨ ਸਾਰੀ ਉਥਾਨਕਾ ਦੀ ਰੂਪ ਰੇਖਾ ਦੇ ਦੇਂਦਾ ਹੈ ਜਿਵੇਂ ਕਿ ਉਤੇ ਦਿਤੇ ਸਲੋਕ ਦਾ ਪ੍ਰਾਕਰਣ "ਕਿਆ ਕਿਆ ਪੈਦਾ ਹੋਇਆ ? ਤਬ ਗੁਰੂ ਬਾਬੇ ਨਾਨਕ ਕੁਦਰਤਿ ਕੀ ਪੈਦਾਇਸ ਕਾ ਸਲੋਕ ਬਧਾ "।

---

1. ਵੇਖੋ ਜਨਮ ਸਾਖੀ ਗੁਰੂ ਨਾਨਕ–ਮਿਹਰਬਾਨ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 496
2. ਉਕਤ, ਪੰਨਾ 496

Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਦੀਆਂ ਜੀਵਨ ਦੀਆਂ ਘਟਨਾਵਾਂ ਨੂੰ ਕਈਆਂ ਸ਼ਬਦਾਂ ਵਿੱਚ ਉਥਾਨਕਾ ਬਣਾਇਆ ਹੈ ਜਿਵੇਂ ਕਿ ਪਾਂਧੇ ਪਾਸ ਪੜ੍ਹਨ ਵਾਲੀ ਘਟਨਾ ਨੂੰ "ਜਲਿ ਮੋਹ ਘਸਿ ਮਸੁ ਕਰਿ ਮਤ ਕਾਗਦੁ ਕਰਿ ਸਾਰੁ "ਦੀ ਉਥਾਨਕਾ ਵੱਖ ਵੱਖ ਸ਼ਬਦ ਦੀਆਂ ਪੰਗਤੀਆਂ ਨੂੰ ਪੰਡਤ ਅਤੇ ਗੁਰੂ ਨਾਨਕ ਸਾਹਿਬ ਦੇ ਵਾਰਤਾਲਾਪ ਨਾਲ ਜੋੜਿਆ ਹੈ ਤਾਂ ਜੋ ਉਥਾਨਕਾ ਸ਼ਬਦ ਅਤੇ ਉਸ ਦੇ ਪਰਮਾਰਥ ਇਕੋ ਲੜੀ ਵਿੱਚ ਪਰੋਏ ਜਾ ਸਕਣ। ਪਹਿਲੀ ਪੰਗਤੀ ਦੇ ਪਰਮਾਰਥ ਪਿਛੋਂ ਲਿਖਿਆ ਹੈ :—ਤਬ ਪੰਡਤ ਕਹਿਆ ਜਿ "ਜੀ ਈਹਾਂ ਪਰਮੇਸ਼ਰ ਕਾ ਨਾਮ ਜੇ ਕੋਈ ਲੇਗਾ ਤਿਸੁ ਕਉ ਆਗੈ ਕਿਆ ਫਲੁ ਹੋਇਗਾ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ "ਸੁਣ ਹੇ ਪੰਡਤਾ ! ਨਾਮ ਸਿਮਰਣੇ ਕਾ ਇਹ ਗੁਣ ਹੈ[1]?

ਆਗੇ ਮਿਲਨਿ ਵਡਿਆਈਆਂ ਸਦਾ<br>ਖੁਸ਼ੀਆਂ ਸਦਾ ਮਨਿ ਚਾਉ।

ਬਿਲਕੁਲ ਇਸੇ ਤਰ੍ਹਾਂ ਮੁਲਾਂ ਪਾਸ ਪੜ੍ਹਨ ਵਾਲੀ ਘਟਨਾ ਹੈ 'ਯਕ ਅਰਜ਼ ਗੁਫਤਮ ਪੇਸ਼ਿ ਤੋ ਦਰ ਗੋਸ਼ ਕੁਨ ਕਰਤਾਰ" ਅਤੇ "ਜੰਞੂ-ਸੰਸਕਾਰ" ਵਾਲੀ ਘਟਨਾ ਨੂੰ "ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵੱਟ" ਉਥਾਨਕਾ ਬਣਾ ਕੇ ਪਰਮਾਰਥ ਦਸੇ ਹਨ।[2] ਕਈ ਵਾਰੀ ਸ਼ਬਦ ਅਤੇ ਉਨ੍ਹਾਂ ਦੇ ਪਰਮਾਰਥ ਸਿਧੇ ਤੌਰ ਤੇ ਵਰਤਾਲਾਪ ਵਿੱਚ ਨਹੀਂ ਆਉਂਦੇ ਸਗੋਂ ਗੁਰੂ ਸਾਹਿਬ ਕਿਸੇ ਵਿਸ਼ੇਸ਼ ਸਥਿਤੀ ਵਿੱਚ ਘਟਨਾ ਦੇ ਅੰਤ ਵਿੱਚ ਸ਼ਬਦ ਕਹਿੰਦੇ ਦਸੇ ਹਨ ਜਿਵੇਂ ਕਿ "ਦਰਖਤ ਦੀ ਛਾਂ ਨਾ ਢਲਣੀ" ਵਾਲੀ ਗੋਸ਼ਟ ਵਿੱਚ ਹੋਇਆ ਹੈ। ਸਾਰੀ ਘਟਨਾ ਪਿਛੋਂ ਲਿਖਿਆ ਹੈ :—"ਤਬ ਰਾਇ ਭੋਐ ਕਹਿਆ ਜਿ, ਏ ਨਾਨਕ ! ਅਜਬ ਹੈਰਾਨੁ ਡਿਠਾ। ਸਬਾਹ ਅਸੀਂ ਏਭ ਰਾਹਿ ਗਏ ਤਾਂ ਭੀ ਸੋਏ ਦੇਖੇ ਜਾਂ ਹੁਣਿ ਅਸੀਂ ਆਏ ਤਾਂ ਭੀ ਤੁਸੀਂ ਸੋਏ ਹੀ ਦੇਖੇ। ਅਜਬੁ ਹੈਰਾਨ ਦੇਖਿਆ ਖੁਦਾਇ ਕਾ "ਤਬ ਗੁਰੂ ਬਾਬਾ ਨਾਨਕ ਜੀ ਗਵੜੀ ਰਾਗ ਮਹਿ ਬਾਨੀ ਬੋਲਿ ਉਠਾ, ਉਪਦੇਸ਼ੀ ਬਾਨੀ ਤਰੀਕਤ ਕੇ ਘਰ ਮਹਿ ਜਿ :[3]

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।"

ਅਗਲੀਆਂ ਪੰਗਤੀਆਂ ਦੇ ਉਚਾਰਨ ਲਈ ਰਾਇ ਭੋਐ ਤੋਂ ਪ੍ਰਸ਼ਨ ਕਰਵਾ ਦਿੱਤੇ ਹਨ ਜਿਨ੍ਹਾਂ ਦੇ ਉਤਰ ਵਿੱਚ ਗੁਰੂ ਜੀ ਬਾਣੀ ਉਚਾਰਦੇ ਹਨ। ਇਨ੍ਹਾਂ ਪ੍ਰਸ਼ਨਾਂ ਵਿੱਚ ਪੰਗਤੀ ਦੇ ਸਮੁਚੇ ਭਾਵ ਨੂੰ ਸਾਮ੍ਹਣੇ ਰਖਿਆ ਹੈ ਜਿਵੇਂ "ਤਬ ਰਾਇ ਭੋਐ ਕਹਿਆ ਕਿ" ਏ ਨਾਨਕ ਜੀ ! ਜਿਸੁ ਧਨ ਕਉ ਇਹੁ ਬੰਦਾ ਦਉੜਦਾ ਹੈ ਇਹੁ ਧਨੁ ਕੇਸੁ ਦੈ ਕੰਮਿ ਹੈ ? ਤਬ ਸ੍ਰੀ ਸਤਿਗੁਰੂ ਬਾਬਾ ਨਾਨਕ ਜੀ ਬਾਨੀ ਬੋਲਿ ਉਠਾ ਜਿ :[4]

ਅਨਤਾ ਧਨ ਸਰਨੀ ਧਰਾ ਅਨਤੁ ਨ ਚਾਹਿਆ ਜਾਇ।"

ਕਈ ਵਾਰੀ ਮਾਤਾ ਪਿਤਾ ਨਾਲ ਵਾਰਤਾਲਾਪ ਕਰਵਾ ਕੇ ਪ੍ਰਚਲਤ ਦੁਨਿਆਵੀ ਗੱਲਾਂ, ਜਿਨ੍ਹਾਂ ਤੇ ਉਨ੍ਹਾਂ ਦੇ ਮਾਤਾ ਪਿਤਾ ਜ਼ੋਰ ਦੇਂਦੇ ਸਨ, ਦੇ ਅਲੰਕਾਰਾਂ ਨਾਲ ਈਸਵਰ ਭਗਤੀ ਅਤੇ ਨਾਮ ਸਿਮਰਨ ਵੱਲ ਸੰਕੇਤ ਕੀਤੇ ਹਨ ਜਿਵੇਂ "ਅਸਲ ਬਿਉਪਾਰ" ਦੀ ਗੋਸ਼ਟ "ਮਨ

---

1 ਜਨਮ ਸਾਖੀ ਗੁਰੂ ਨਾਨਕ ਮਿਹਰਬਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਪੰਨਾ 13
2. ਉਕਤ ਪੰਨਾ 20-22
3. ਉਕਤ ਪੰਨਾ 25
4. ਉਕਤ ਪੰਨਾ 25

Digitized by Panjab Digital Library | www.panjabdigilib.org

ਹਾਲੀ ਕਿਰਸਾਣੀ ਕਰਨੀ" ਵਾਲੇ ਸ਼ਬਦ ਦੀ ਉਥਾਨਕਾ ਵਿੱਚ ਆਪਣੇ ਪਿਤਾ ਨਾਲ ਗੁਰੂ ਨਾਨਕ ਜੀ ਦੀ ਲੰਮੇਰੀ ਗੱਲਬਾਤ ਕਰਵਾਈ ਹੈ ਤੇ ਸ਼ਬਦ ਦੀ ਵਿਆਖਿਆ ਕਰਦਿਆਂ ਸਮਝਾਇਆ ਹੈ ਕਿ ਅਸਲ ਵਪਾਰ ਅਤੇ ਅਸਲ ਸੌਦਾਗਰੀ ਕੀ ਹੈ। ਗਲਬਾਤ ਇਸ ਤਰ੍ਹਾਂ ਦਸੀ ਹੈ ਕਿ ਪੜ੍ਹਨ ਵਾਲੇ ਨੂੰ ਪਤਾ ਨਹੀਂ ਲਗਦਾ ਕਿ ਕਰਤਾ ਪਰਮਾਰਥ ਦਸ ਰਿਹਾ ਹੈ ਕਿ ਅਸਲ ਵਾਪਰੀ ਘਟਨਾ ਦਾ ਬਿਆਨ ਕਰ ਰਿਹਾ ਹੈ।[1]

ਮਿਹਰਬਾਨ ਜੀ ਨੇ ਗੁਰੂ ਨਾਨਕ ਬਾਣੀ ਦਾ ਡੂੰਘਾ ਅਧਿਐਨ ਕੀਤਾ ਹੈ ਅਤੇ ਗੁਰੂ ਨਾਨਕ ਜੀ ਦੇ ਕੁਦਰਤ ਨਾਲ ਪਿਆਰ ਤੋਂ ਭਲੀ ਪਰਕਾਰ ਜਾਣੂ ਹਨ। ਗੁਰੂ ਸਾਹਿਬ ਕੁਦਰਤ ਵਿੱਚ ਰਬ ਨੂੰ ਵੇਖਦੇ ਸਨ "ਬਲਹਾਰੀ ਕੁਦਰਤ ਵਸਿਆ"। ਕੁਦਰਤ ਦੀਆਂ ਵਸਤੂਆਂ ਨਾਲ ਬਹੁਤ ਪਿਆਰ ਕਰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰੱਖਦੇ ਹੋਏ ਮਿਹਰਬਾਨ ਜੀ ਨੇ "ਕੂੰਜਾਂ ਦੀ ਸਾਖੀ" ਵਿੱਚ ਇਕ ਸ਼ਬਦ ਦੇ ਉਥਾਨਕੇ ਵਜੋਂ ਗੁਰੂ ਸਾਹਿਬ ਦੀ ਕੂੰਜਾਂ ਨਾਲ ਗਲ ਬਾਤ ਕਰਵਾ ਦਿੱਤੀ ਹੈ ਅਤੇ "ਬਾਗੇ ਕਾਪੜ ਬੋਲੇ ਬੈਣ। ਲੰਮਾ ਨੱਕ ਕਾਲੇ ਤੇਰੇ ਨੈਣ" ਸ਼ਬਦ ਦੇ ਪਰਮਾਰਥ ਦਸੇ ਹਨ। ਉਥਾਨਕਾ ਕਿੰਨੀ ਪ੍ਰਭਾਵਸ਼ਾਲੀ ਹੈ:

"ਤਬ ਉਦਿਆਨ ਧਰਤੀ ਦੇਖਤੇ ਦੇਖਤੇ ਚਲੇ ਗੁਰੂ ਬਾਬਾ ਨਾਨਕ ਜੀ ਅਰੁ ਮਰਦਾਨਾ ਰਬਾਬੀ ਸਾਥਿ। ਤਬ ਗੁਰੂ ਬਾਬੇ ਨਾਨਕ ਜੀ ਕੋ ਉਡਤੀਆਂ ਜਾਤੀਆਂ ਕੂੰਜਾਂ ਨਜਰਿ ਆਇ ਗਈਆਂ ਤਬ ਸੁਨਿ ਕਰਿ ਕੂੰਜਾਂ ਕੀ ਬੋਲੀ ਅਰੁ ਉਡਣਾ ਦੇਖਿ ਕਰਿ ਗੁਰੂ ਬਾਬਾ ਖੁਸ਼ੀ ਹੋਆ ਅਰ ਜੀ ਵਿਚਿ ਧਾਰੀਅਨੁ ਜਿ "ਏ ਪਰਮੇਸਰ ਜੀ! ਕਿਵੇਂ ਹੀ ਏਹਿ ਮੇਰੇ ਤਾਈਂ ਮਿਲਨਿ ਤਾਂ ਭਲਾ ਹੋਵੈ" ਜਿਉਂ ਜਿਉਂ ਉਹ ਉਡੀਆਂ ਜਾਨਿ ਤਿਉ ਤਿਉ ਬਾਬਾ ਹੇਠ ਹੋਆ ਦਉੜਿਆ ਜਾਇ। ਜਿਉ ਜਿਉ ਦਉੜੇ ਤਿਉ ਤਿਉ ਮਰਦਾਨਾ ਆਖੈ "ਸਹੀ ਮੁਏ, ਏਹਿ ਕਿਥੇ ਅਸੀਂ ਕਿਥੇ....." ਤਬ ਗੁਰੂ ਬਾਬੇ ਆਖਿਆ ਜਿ "ਮਰਦਾਨਿਆ ਹੁਣਿ ਮਿਲਦੇ ਹਹੁ, ਹੁਸੀਆਰ ਹਹੁ"। ਤਬ ਉਨ੍ਹਾਂ ਕੂੰਜਾਂ ਦਾ ਜਿ ਪਾਤਸ਼ਾਹ ਕੂੰਜ ਥਾ, ਸਿ ਤਿਸ ਨੇ ਆਗਿਆ ਆਈ ਪਰਮੇਸ਼ਰ ਜੀ ਕੀ। ਤਿਸ ਪਿਛੇ ਸਭਿ ਕੂੰਜਾ ਚਲੀਆਂ ਜਾਂਦੀਆਂ ਥੀਆਂ। ਉਸ ਕਉ ਆਗਿਆ ਆਈ ਜਿ ਮੇਰਾ ਭਗਤੁ ਤੁਮਾਰੇ ਲੀਏ ਦਉੜਿਆ ਆਵਦਾ ਹੈ। ਤੁਮ ਉਤਰਿ ਕਰਿ ਦਰਸ਼ਨੁ ਦੇਖਹੁ ਜੋ ਤੁਮਾਰੀ ਜੂਨ ਕਟੀਐ ਅਰਜੇ ਕਿਛ ਪੁਛੇ ਸਿ ਉਤਰੁ ਦੇਣਾ। "ਤਬ ਗੁਰੂ ਬਾਬੇ ਕੇ ਆਗੈ ਓਹਿ ਕੂੰਜਾ ਕਤਾਰ ਕਰਿ ਕਰਿ ਸਭ ਉਤਰੀਆ। ਕਤਾਰ ਕਤਾਰ ਸਭ ਬੈਠ ਗਈਆਂ। ਤਬ ਗੁਰੂ ਬਾਬਾ ਨਾਨਕ ਜੀ ਖੜਾ ਹੋਇ ਗੇਆ; ਤਬ ਮਰਦਾਨਾ ਭੀ ਹੈਰਾਨ ਹੋਇ ਗੈਆ ਜਿ ਏ ਪਰਮੇਸ਼ਰ! ਇਹ ਕੂੰਜਾ ਸਭ ਏਵੈ ਹੀ ਅਸਮਾਨਹੁ ਉਤਰਿ ਇਸ ਖੈ ਆਈਆਂ। ਦਿਖਾ ਇਹ ਤਾਂ ਖਾਲੀ ਨਾਹੀ, ਏਹ ਪੂਰਾ ਹੈ ਦਿਖਾ ਇਹ ਵੀ ਅਸਜ਼ਮਤਿ ਮੈਂ ਵੇਖਾਂ।" ਤਬ ਉਨਹੂ ਕੂੰਜਣ ਆਪਣੀ ਭਾਖਿਆ ਮਹਿ ਕਹਿਆ, ਜਿ ਬਾਬਾ ਨਾਨਕ ਜੀ! ਹਮ ਨਿਹਾਲ ਹੋਈਆ ਜਿ ਤੇਰਾ ਦਰਸਨ ਹੋਆ, ਕਿਛੁ ਆਗਿਆ ਹੋਏ ਜਿ ਏਤਾ ਦੁਖ ਤੁਮ ਕਉ ਹੋਆ ਹੈ। ਹਮਰੇ ਮਿਲੈਨ ਕਾਰਨਿ, ਜੋ ਕਿਛੁ ਆਗਿਆ ਹੈ ਸਿ ਕਹੀਐ।" ਤਬ ਇਤਨੇ ਉਨਕੇ ਕਹਣੇ ਸਾਥਿ ਗੁਰੂ ਬਾਬਾ ਗਦ ਗਦ ਹੋਇ ਗੈਆ। ਗਦ ਗਦ ਹੋਇ ਕਰਿ ਮਲਾਰੁ ਰਾਗ ਮਹਿ ਬਾਨੀ ਲੈ ਉਠਾ ਜਿ[2] :—

ਬਾਗੇ ਕਾਪੜ ਬੋਲੇ ਬੈਣ। ਲੰਮਾ ਨੱਕ ਕਾਲੇ ਤੇਰੇ ਨੈਣ।

---

1. ਵੇਖੋ "ਅਸਲ ਬਿਤ੍ਰਪਾਰ" ਜਨਮ ਸਾਖੀ, ਗੁਰੂ ਨਾਨਕ ਮਿਹਰਬਾਨ, ਪੰਨਾ 66-71
2. ਉਕਤ, ਪੰਨਾ 112

Digitized by Panjab Digital Library | www.panjabdigilib.org

ਇਸ ਤਰ੍ਹਾਂ ਮਿਹਰਬਾਨ ਜਿਸ ਸ਼ਬਦ ਦੇ ਪਰਮਾਰਥ ਲਿਖਦੇ ਹਨ ਉਸ ਸਥਿਤੀ ਨੂੰ ਜਿਸ ਵਿੱਚ ਸ਼ਬਦ ਲਿਖਿਆ ਹੈ ਰੂਪਮਾਨ ਕਰਦੇ ਹਨ ਅਤੇ ਸਮਾਂ ਅਤੇ ਪ੍ਰਸੰਗ ਦਸਣ ਲਈ ਬਹੁਤ ਰੋਚਕ ਤੇ ਦਿਲਚਸਪ ਵਾਰਤਾ ਬਣਾ ਦੇਂਦੇ ਹਨ। ਉਨ੍ਹਾਂ ਦੀਆਂ ਉਥਾਨਕਾਵਾਂ ਦਿਲਚਸਪ ਹੀ ਨਹੀਂ ਹੁੰਦੀਆਂ ਸਗੋਂ ਸ਼ਬਦਾਂ ਦੇ ਪਰਮਾਰਥਾਂ ਨੂੰ ਸਪਸ਼ਟ ਕਰਨ ਵਿੱਚ ਵਿਸ਼ੇਸ਼ ਸਹਾਇਤਾ ਕਰਦੀਆਂ ਹਨ।

## ਸ਼ਬਦਾਂ ਦੇ ਪਰਮਾਰਥ

ਸ਼ਬਦ ਦੀ ਉਥਾਨਕਾ ਤੋਂ ਪਿਛੋਂ ਮਿਹਰਬਾਨ ਜੀ ਨੇ ਸ਼ਬਦ ਦੇ ਪਰਮਾਰਥ ਲਿਖੇ ਹਨ। ਸ਼ਬਦਾਂ ਵਿੱਚ ਆਏ ਅਲੰਕਾਰਾਂ ਨੂੰ ਪੂਰੀ ਤਰ੍ਹਾਂ ਸਪਸ਼ਟ ਕੀਤਾ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਆਸ਼ੇ ਨੂੰ ਦਰਸਾਇਆ। ਜਿਵੇਂ ਕਿ ਇਸ ਸ਼ਬਦ ਵਿੱਚ 'ਘਰਿ', 'ਪੰਚ', 'ਵਸਤ' 'ਮੰਦਰ' ਦੇ ਅਰਥ ਦਸੇ ਹਨ ਤੇ ਸਾਰੀਆਂ ਪੰਗਤੀਆਂ ਦੇ ਮੁਖ ਭਾਵ ਨੂੰ ਸਪਸ਼ਟ ਕੀਤਾ ਹੈ :

ਹਮ ਘਰਿ ਸਾਜਨ ਆਏ, ਸਾਚੈ ਮੇਲਿ ਮਿਲਾਏ
ਸਹਿਜ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖ ਪਾਇਆ
ਸਾਈ ਵਸਤੁ ਪਰਾਪਤਿ ਹੋਈ ਜਿਸ ਸੇਤੀ ਮਨੁ ਲਾਇਆ
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰਿ ਮੰਦਰ ਸੋਹਾਏ
ਪੰਚ ਸ਼ਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ।

ਮਿਹਰਬਾਨ ਜੀ ਨੇ ਪਰਮਾਰਥ ਇਸ ਤਰ੍ਹਾਂ ਲਿਖੇ ਹਨ :

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ "ਹਮ ਘਰਿ ਸਾਜਨ ਆਏ ਸਿ ਕਉਣ ਸਾਜਨ ਆਏ? ਏਹਿ ਜੋ ਸੁਕ੍ਰਿਤ ਥੇ ਏਈ ਜੀਅ ਕੇ ਸਾਜਨ ਹੈਂ, ਅਰ ਏ ਜਿ ਦੁਕ੍ਰਿਤ ਹੈਂ ਏਈ ਇਸ ਕੇ ਦੁਸ਼ਮਨ ਹੈਂ। ਜਦਿ ਏਸੁ ਉਪਰਿ ਸਚਾ ਸਾਹਿਬੁ ਮਿਹਰਵਾਨ ਹੋਆ ਤਬ ਏਸ ਕਉ ਏਈ ਸਾਜਨ ਆਏ ਮਿਲੇ ਸੁ ਕਰਮ, ਜਿਨ੍ਹਾਂ ਕਰਿ ਕਰਿ ਏਸ ਜੀਵ ਕਾ ਭਲਾ ਹੋਵੇ। ਜਬ ਏਸੁ ਕਉ ਸੁਕਰਮ ਪਰਮੇਸਰ ਆਣਿ ਮਿਲਾਏ ਤਬ ਏਸ ਕਾ ਮਨੁ ਸਹਜ ਸਾਥਿ ਹੋਆ। ਜਬ ਇਹ ਪਾਪਾਂ ਤੇ ਖਲਾਸ ਹੋਆ ਤਬ ਇਹ ਪਰਮੇਸਰ ਕਉ ਖੁਸਿ ਆਇਆ। ਜਿਨਹੁ ਪੰਚਹੁ ਏਹੁ ਪਰਮੇਸਰ ਤੇ ਭੂਲਾ ਥਾ ਤਿਨਹੁ ਤੇ ਇਹ ਛੁਟਾ। ਜਿਨਹੁ ਪੰਚਹੁ ਕਾ ਏਸ ਕਉ ਡਰ ਥਾ ਸਿ ਉਹਿ ਇਸ ਕਉ ਆਇ ਮਿਲੇ ਇਖਲਾਸ ਹੋਅ ਤਬ ਇਹ ਖੁਸ਼ੀ ਹੋਆ।

"ਜਿਸੁ ਵਸਤੁ ਨੋ ਇਹੁ ਜੀਉ ਚਹਦਾ ਥਾ ਸਾ ਵਸਤੁ ਏਸ ਕਉ ਪ੍ਰਾਪਤ ਹੋਈ। ਕਵਣ ਵਸਤ ਪ੍ਰਾਪਤ ਹੋਈ? ਕਾਮ ਤੇ ਜਤੁ ਹੋਆ, ਕਰੋਧ ਤੇ ਚੁਪ ਹੋਈ। ਲੋਭ ਤੇ ਸੰਤੋਖ ਹੋਆ, ਮੋਹ ਤੇ ਨਿਰਮੋਹ ਹੋਆ, ਅਹੰਕਾਰ ਤੇ ਸਿਉ ਹੋਈ, ਚਿੰਤ ਤੇ ਅਚਿੰਤ ਹੋਈ, ਨਿਰਦੈਅ ਤੇ ਆਤਮੇ ਦੇਆ ਵਸੀ। ਸਕਤਿ ਤੇ ਸਿਉ ਉਪਜੀ। ਏਸੁ ਕਉ ਏਹਿ ਸਾਜਨ ਹੋਇ ਮਿਲੇ। ਦੁਸਮਨ ਬੀ ਸਾਜਨ ਹੋਏ। ਜਿ ਇਸ ਮਨ ਕੇ ਵੈਰੀ ਥੇ ਤਿਨਾ ਸਾਥ ਏਸ ਕਾ ਮੇਲ ਭਇਆ। ਜਿ ਵਸਤ ਚਾਹਦਾ ਥਾ ਸਾ ਏਨਿ ਮਨਿ ਪਾਈ। ਖਰਾ ਖੁਸ਼ੀ ਭਇਆ। ਜਿਤਨਾ ਏਸ ਕਾ ਜੀਉ ਪ੍ਰਾਣ ਅਰ ਮੰਦਰ ਥਾ ਸਭ ਏਸ ਕਾ ਸੋਭਾਮਾਨ ਹੋਆ। ਜਬ ਏਸ ਕਉ ਸੁਕ੍ਰਿਤੀ ਸਾਜਨੀ ਮਿਲੇ ਇਨੀ ਸੁਕ੍ਰਿਤੀ ਸਾਜਨੀ ਕਰਿ ਕਰਿ, ਏਹੁ ਖੁਸ਼ੀ ਭਇਆ। ਏਸ ਜੀਵ ਕੇ ਸੁਕ੍ਰਿਤ ਹੀ ਸਾਜਨ ਹੈ, ਹੋਰਿ ਸਾਜਨ ਨਹੀਂ। ਜਬ ਏਹਿ ਸਾਜਨ ਏਸ ਕੇ ਘਰਿ ਮਹਿ ਆਏ ਤਬ ਇਸ ਕੇ ਪੰਚ ਸ਼ਬਦ ਅਨਹਦ ਵਾਜੇ। ਜਬ ਏਸ ਕਾ ਸਾਧ ਕਰਮ ਸਉ ਮੇਲੁ ਹੋਆ"।[1]

1. ਜਨਮ ਸਾਖੀ, ਗੁਰੂ ਨਾਨਕ, ਮਿਹਰਬਾਨ 30-31

Digitized by Panjab Digital Library | www.panjabdigilib.org

ਗੁਰੂ ਨਾਨਕ ਬਾਣੀ ਵਿੱਚ ਬਹੁਤ ਸਾਰੇ ਘਰੋਗੀ ਅਲੰਕਾਰ ਵਰਤੇ ਹਨ। ਸਾਦੇ ਅਖਰਾ ਪਿਛੇ ਬਹੁਤ ਰਹਿਸਮਈ ਆਧਿਆਤਮਕ ਭਾਵ ਲੁਕੇ ਹੁੰਦੇ ਹਨ। ਉਸ ਦੇ ਅਖਰ ਅਖਰ ਦੇ ਅੰਤਰੀਵ ਭਾਵ ਨੂੰ ਸਮਝਨਾ ਅਤੇ ਸਪਸ਼ਟ ਕਰਨਾ ਕੋਈ ਸੌਖੀ ਗਲ ਨਹੀਂ ਪਰ ਮਿਹਰਬਾਨ ਨੇ ਸ਼ਬਦ ਵਿਚ ਦਸੇ ਹਰ ਅਲੰਕਾਰ ਨੂੰ ਹਰ ਦਸੇ ਸੰਕੇਤ ਨੂੰ ਵਿਸਥਾਰ ਨਾਲ ਦਸਣ ਦਾ ਯਤਨ ਕੀਤਾ ਹੈ। ਇਹ ਹੀ ਮਿਹਰਬਾਨ ਜੀ ਦੀ ਪਰਮਾਰਥਾਂ ਦੀ ਸਫ਼ਲ ਰਚਨਾ ਦਾ ਵਿਸ਼ੇਸ਼ ਕਾਰਨ ਹੈ।

ਕਈ ਵਾਰੀ ਪਹਿਲੀਆਂ ਦੋ ਤੁਕਾਂ ਅਤੇ ਦੂਜੀਆਂ ਦੋ ਤੁਕਾਂ ਦਾ ਆਪਸ ਵਿੱਚ ਸਬੰਧਾਂ ਦਾ ਪਤਾ ਨਹੀਂ ਲਗਦਾ ਜਿਸ ਕਰਕੇ ਅਰਥਾਂ ਦੀ ਸਪਸ਼ਟਤਾ ਨਹੀਂ ਹੁੰਦੀ। ਬਹੁਤ ਵਾਰੀ ਇਹ ਸੰਬੰਧ ਸ਼ਬਦ ਦੇ ਵਿੱਚੋਂ ਹੀ ਨਿਕਲਦਾ ਹੈ। ਪਰ ਉਸ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ। ਮਿਹਰਬਾਨ ਜੀ ਦਾਰਸ਼ਨਕ ਤੁਕਾਂ ਨੂੰ ਕਿਵੇਂ ਸਪਸ਼ਟ ਕਰਕੇ ਦਸਦੇ ਹਨ ਇਹ ਸਾਰੰਗ ਦੀ ਵਾਰ ਦੇ ਗੁਰੂ ਨਾਨਕ ਸਾਹਿਬ ਦੇ ਹੇਠ ਲਿਖੇ ਇਕ ਸਲੋਕ ਦੇ ਪਰਮਾਰਥਾਂ ਤੋਂ ਪਤਾ ਲਗਦਾ ਹੈ। ਪਹਿਲੀਆਂ ਦੋ ਤੁਕਾਂ ਵਿਚ ਬੇਦ ਦਾ ਕਰਤਵ ਦਸਿਆ ਹੈ, ਦੂਜੀਆਂ ਦੋ ਤੁਕਾਂ ਵਿੱਚ ਗਿਆਨ ਦਾ ਕਰਤਵ ਅਤੇ ਤੀਜੀਆਂ ਦੋ ਤੁਕਾਂ ਵਿੱਚ ਦੋਹਾਂ ਦਾ ਸੰਬੰਧ ਸਮਝਾਇਆ ਹੈ। ਮਿਹਰਬਾਨ ਜੀ ਨੇ ਕਿਵੇਂ ਛੇ ਦੀਆਂ ਛੇ ਤੁਕਾਂ ਨੂੰ ਹੀ ਇਕੋ ਭਾਵ ਨਾਲ ਜੋੜਿਆ ਹੈ :

**ਸਲੋਕ**

ਬੇਦ ਪੁਕਾਰੇ ਪੁੰਨ ਪਾਪ ਸੁਰਗ ਨਰਕ ਕਾ ਬੀਉ।
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ।
ਗਿਆਨ ਸਲਾਹੇ ਵਡਾ ਕਰਿ ਸਚੋ ਸਚਾ ਨਾਉ।
ਸਚੁ ਬੀਜੈ ਸਚੁ ਉਗਵੈ ਦਰਗਾਹ ਪਾਈਐ ਥਾਉ।
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ।
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ।

ਇਸ ਦਾ ਪਰਮਾਰਥ ਇਸ ਤਰ੍ਹਾਂ ਲਿਖਿਆ ਹੈ :

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ "ਸੁਨਿ ਹੋ ਭਾਈ ਰਾਮ ਜਨਹੁ ! ਬੇਦ ਜਿ ਹੈ ਸਿ ਪੁੰਨ ਅਰ ਪਾਪ ਪੁਕਾਰਤਾ ਹੈ। ਰੇ ਭਾਈ ਲੋਕਹੁ। ਪਾਪ ਨਰਕ ਕਾ ਬੀਉ ਹੈ। ਪੁੰਨੁ ਜਿ ਹੈ ਸਿ ਸੁਰਗ ਕਾ ਬੀਉ ਹੈ। ਅਰੁ ਜਿ ਪਾਪ ਕਰੈ ਸਿ ਨਰਕ ਪਾਤੀ ਹੋਇ, ਨਰਕ ਮਹਿ ਦੁਖ ਪਾਵੈ। ਅਰੁ ਜਿ ਪੁੰਨੁ ਕਰੈ ਸਿ ਸੁਰਗਵਾਸੀ ਹੋਇ ਸੁਰਗ ਮਹਿ ਸੁਖ ਪਾਵੈ। ਨਰਕ ਅਰ ਸੁਰਗ ਕੀ ਮਹਮਾ ਤਬ ਹੀ ਜਾਣੇਗਾ ਏਹੁ ਜੀਉ ਜਬ ਓਹਿ ਫਲ ਲਗਹਿਗੇ, ਓਹਿ ਫਲ ਭੁਚੇਗਾ ਤਬ ਜਾਣੇਗਾ ਜਿ ਇਹ ਕਮਾਇਆ ਐਸਾ ਹੈ।

"ਬੇਦ ਅਰੁ ਗਿਆਨੁ ਜਬ ਦੋਵੈ ਹੋਹਿ ਤਬ ਏਸ ਜੀਆ ਕਾ ਉਧਾਰੁ ਹੋਇ। ਬੇਦ ਧਰਮ ਬੜਾਵਤਾ ਹੈ ਅਰੁ ਗਿਆਨ ਭਗਤ ਕਰਾਵਤਾ ਹੈ। ਗਿਆਨ ਕਹਿਤਾ ਹੈ ਜਿ ਵੱਡਾ ਪਰਮੇਸ਼ਰ ਵਾਹਾਵਾਹ ! ਧੰਨ ਪਰਮੇਸੁਰੁ। ਗਿਆਨ ਜਿ ਕਹਤਾ ਹੈ ਜਿ ਸਚੋ ਹੀ ਸਚੁ ਕਹਤਾ ਹੈ। 'ਸਿ ਸੱਚ ਪਰਮੇਸ਼ਰ ਤੇਰਾ ਨਾਉ ਸਚੁ ਹੈ, ਸਚਾ ਪਰਮੇਸਰ ਜਾਂ ਸਚੈ ਮਨਿ ਹੋਇ ਸਚੇ ਨੋ ਸਿਮਰੈ, ਸਚੇ ਹੀ ਕਰਮ ਕਰੈ, ਸਚੁ ਹੀ ਬੀਜੈ, ਤਾਂ ਸਚੋ ਹੀ ਹੋਇ ਉਗਵੈ, ਤਾਂ ਦਰਗਹ ਮਹਿ ਸਚਾ ਹੋਇ। ਸਚ ਖੰਡ ਕਾ ਬਾਸੀ ਹੋਏ ਜਬ ਸਚ ਕਉ ਸਲਾਹੈ।

Digitized by Panjab Digital Library | www.panjabdigilib.org

ਬੇਦੁ ਜਿ ਹੈ ਸਿ ਬੈਪਾਰੀ ਹੈ ਅਰ ਗਿਆਨ ਜਿ ਹੈ ਸਿ ਰਾਸਿ ਹੈ । ਜਬ ਬੈਪਾਰੀ ਪਹਿ ਰਾਸ ਹੋਇ ਤਬ ਲਦਿ ਕਰਿ ਖੇਪ ਜਾਇ ਲਾਹਾ ਪਾਵੈ । ਜਬ ਬੈਪਾਰੀ ਹੋਇ ਅਰ ਰਾਸਿ ਨਾ ਹੋਇ ਤਉ ਕਿਸ ਕਾਮਿ ਰਾਸਿ ਬਿਨਾ ਬੈਪਾਰੀ । ਬੇਦ ਪਰਕਿਰਤਿ ਭੀ ਕਮਾਵੈ ਅਰੁ ਪੁੰਨ ਦਾਨ ਭੀ ਕਰੈ ਅਰੁ ਪਾਰਬ੍ਰਹਮ ਕੋ ਸਿਮਰਣ ਮਹਿ ਭੀ ਰਹੇ ਤਾਂ ਪਰਮੇਸਰ ਕਉ ਪਾਵੈ । ਸਿਮਰਣ ਬਿਨਾ ਥਾਂਇ ਕਿਛੁ ਨਹੀਂ ਪੜਤਾ । ਰੇ ਭਾਈ ਰਾਮ ਜਨਹੁ ! ਬੇਦ ਕੀ ਚਾਲ ਚਲਹੁ ਅਰੁ ਸਿਮਰਣ ਕਰਹੁ ।"[1]

ਇਨ੍ਹਾਂ ਦੋ ਤੁਕਾਂ ਦੇ ਪਰਮਾਰਥ ਕਿੰਨੇ ਵਿਸਥਾਰ ਨਾਲ ਦਸੇ ਹਨ ਤੇ ਇਨ੍ਹਾਂ ਤੁਕਾਂ ਨੂੰ ਕਿਨਾ ਸਰਲ ਤੇ ਸਪਸ਼ਟ ਕੀਤਾ ਹੈ :

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤ ਨਨਾ ਏਕੁ ਤੋਹੀ
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਗੰਧਰਬ ਤੇਰੇ ਚਲਤ ਮੋਹੀ

"ਤਬ ਗੁਰੂ ਬਾਬੇ ਨਾਨਕ ਜੀ ਬੇਨਤੀ ਕਰੀ ਜਿ 'ਏ ਸ੍ਰੀ ਪਾਰਬ੍ਰਹਮ ਜੀ ! ਕਈ ਸਹੰਸ 'ਕਈ ਲੱਖ, ਕਈ ਕਰੋੜੀ, ਕਈ ਪਦਮ, ਕਈ ਨੀਲ, ਧੁਜ, ਕਈ ਅਰਬ, ਕਈ ਖਰਬ, ਕਈ ਕੋਟ, ਕਈ ਕੋਟਾਨ ਜੀਵ ਹੈਂ । ਤਿਨ ਕੇ ਨੈਨ ਮਹਿ ਜੋਤਿ ਤੇਰੀ ਹੈ । ਸਭਨਾ ਮਹਿ ਤੂਹੀ ਸਮਾਇ ਰਹਿਆ ਹੈਂ । ਅਰੁ ਜਿਤਨੀਆਂ ਮੂਰਤੀਆਂ ਹੈਂ ਏਤਨੀਆਂ ਮੂਰਤੀ ਕੀ ਤੇਰੀ ਏਕ ਮੁਰਤਿ ਹੈ ਜੀ । ਸਭਯ ਦ੍ਰਿਸਟਿ ਕੀ ਤੇਰੀ ਏਕ ਦ੍ਰਿਸਟਿ ਹੈ । ਸਭਨਾ ਮੂਰਤੀ ਕੀ ਤੇਰੀ ਏਕ ਮੁਰਤਿ ਹੈ । ਕਈ ਸਹੰਸ ਤੇਰੇ ਪਦ ਹੈ । ਜੈਸੇ ਇਕਿ ਏਹਿ ਬ੍ਰਮਹਾ ਬਿਸਨੁ ਮਹੇਸੁ ਏਹਿ ਤੀਨਿ ਪਦ ਹੈ ਅਰੁ ਚਉਥਾ ਪਦੁ ਤੇਰਾ ਹੈ । ਐਸੇ ਜੈਸੇ ਕਈ ਪਦ ਹੈ । ਏਤਨੇ ਪਦ, ਏਤਨੀਆਂ ਮੂਰਤੀ, ਐਤਨੇ ਨੈਨਨ ਕਾ ਤੇਰੀ ਏਕ ਮੂਰਤ ਹੈ । 'ਏਕੋ ਤੇਰਾ ਨੈਨ ਹੈ । ਏਹੁ ਤੇਰਾ ਚਲਤੁ ਦੇਖ ਕੈ ਜਿਤਨੇ ਗੰਧ੍ਰਬ ਸੁਰ ਨਰ ਦੇਵਤੇ ਥੇ, ਏਤਨੇ ਸਭਿ ਮੋਹੇ ਗਏ ਜੀ, ਤਉ ਤੇਰੀ ਆਰਤੀ ਕੋਈ ਕਿਆ ਕਰੈ ਕਹਿ ਕਰਿ, ਜਾਂ ਤੂੰ ਐਸਾ ਹੈ ।"[2]

ਮਨੁਖੀ ਰੁਚੀਆਂ ਦਾ ਕਿਵੇਂ ਵਿਸਲੇਸ਼ਣ ਕੀਤਾ ਹੈ ਇਸ ਦਾ ਅੰਦਾਜ਼ਾ ਨਿਮਨ ਲਿਖੀਆਂ ਦੋ ਤੁਕਾਂ ਦੇ ਪਰਮਾਰਥ ਤੋਂ ਲਗ ਸਕਦਾ ਹੈ :

ਬਿਮਲ ਮੰਝਾਰ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖੁ ਨਹੀਂ ਰੇ ।

"ਤਬੁ ਗੁਰੂ ਬਾਬੇ ਨਾਨਕ ਜੀ ਕਹਿਆ ਜਿ "ਰੇ ਦਾਦਰ (ਡੱਡੂ) ਬਿਮਲ ਕਹੀਐ ਤਾਰੂ, ਅਰ ਮੰਝਾਰ ਕਹੀਏ ਵਿਚ, ਬਾਸ ਕਹੀਐ ਰਹਤਾ, ਨਿਰਮਲ ਜਲ ਕਹੀਐ ਪਾਣੀ, ਤਿਸ ਮਹਿ ਤੂੰ ਰਹਦਾ ਹੈਂ, ਇਹ ਕਮਲੁ ਅਰੁ ਪਾਣੀ ਛੋਡਿ ਕਰਿ ਸਿਬਾਲੁ (ਜਾਲਾ) ਤੂੰ ਖਾਤਾ ਹੈਂ । ਤੇਰੇ ਤਾਈ ਸ਼ਰਾਪੁ ਹੈ ਜੇ ਤੁਧਿ ਕਮਲ ਕੀ ਸੰਗਤ ਕਰਿ ਦਾਦਰਿ ! ਸਿਬਾਲ ਖਾਇਆਂ ਤਾਂ ਕਿਛੁ ਕਮਲ ਕਮਲ ਕੀ ਸੰਗਤਿ ਕਉ ਦੋਖ ਨਹੀਂ । ਉਸ ਦਾਦਰ ਹੀ ਕੋ ਦੋਖ ਹੈ, ਜਿਸ ਕੇ ਭਾਗਿ ਨਾਹੀਂ ਇਹੁ ਵਸਤੁ ਪੜੀ । ਤਬ ਓਹੁ ਭਾਉ ਕਿਸ ਉਪਰਿ ਹੋਆ ?

"ਦਾਦਰ ਕਹੀਐ ਮਨੁ ਕਮਲ ਕਹੀਐ ਠਾਕਰ ਕੇ ਚਰਨ ਕਮਲ ਅੰਬ੍ਰਿਤੁ ਨੀਰੁ ਨਾਮੁ ਪਰਮੇਸਰ ਕਾ ਅਰ ਬਿੰਬਲ ਕਹੀਐ ਮਾਇਆ ਦੁਕ੍ਰਿਤ

1. ਜਨਮ ਸਾਖੀ ਗੁਰੂ ਨਾਨਕ ਮਿਹਰਬਾਨ, ਪੰਨਾ 138
2. ਉਕਤ, ਪੰਨਾ 212

Digitized by Panjab Digital Library | www.panjabdigilib.org

ਕੀ । ਦੁਕ੍ਰਿਤ ਕੀ ਮਾਇਆ ਕਵਨੁ ਕਹੀਐ ? ਚੁਹਾਇ ਲੀਜੀਐ, ਠਗਾਇ ਲੀਜੀਐ ਅਮਾਨ ਧੁਹੀਐ, ਬਿਸਾਸਘਾਤੀ ਕੀਜੀਐ, ਤਿਸ ਕਾ ਨਾਮ ਦੁਕ੍ਰਿਤ ਕਮਾਇਆ । ਇਨ ਤੇ ਭੀ ਭਿੰਨ ਜਿ ਬੇਪਾਰ ਕੀਜੀਐ ਨੌਕਰੀ ਕੀਜੀਐ, ਸਉਦਾਗਰੀ ਕੀਜੀਐ, ਧਰਮ ਕੀ ਮਾਇਆ ਹੈ, ਏਹੁ ਏਸੁ ਮਾਇਆ ਦੋਖ ਕਿਛੁ ਨਹੀਂ । ਇਹੁ ਜਿ ਮਨੁ ਪਰਮੇਸਰ ਕਾ ਨਾਮ ਛੱਡ ਕਰਿ ਅਵਰ ਮੁਖ ਭਖਤਾ ਹੈ ਸਿ ਸਭ ਸਿਬਾਲੁ ਭਖਤਾ ਹੈ; ਅਰ ਪਰਮੇਸਰ ਕੇ ਜਿ ਚਰਨ ਪਦਮ ਛੋਗਿ ਕਰ ਅਵਰ ਧਿਆਨ ਕਰਤਾ ਹੈ ਸਿ ਏਹੁ ਸਿਬਾਲੁ ਹੈ । ਪਰਮੇਸ਼ਰ ਕੇ ਚਰਨ ਕਮਲ ਇਸ ਮਨ ਕੇ ਸਾਥਿ ਹੈਂ । ਨਾਮ ਪਰਮੇਸਰ ਕਾ ਭੀ ਇਸ ਕੇ ਸਾਥਿ ਹੈ ਜੋ ਤਉ ਏਹ ਨ ਸਿਮਰੈ, ਨਾ ਧਿਆਨ ਕਰੈ ਚਰਨ ਕਮਲ ਕਾ ਕਿਛੁ ਪਰਮੇਸਰ ਕਉ ਦੋਖ ਨਹੀਂ, ਇਸ ਹੀ ਕੀ ਕਰਤੂਤ ਕਉ ਦੋਖ ਹੈ ।"[1]

## ਭਾਰਤੀ ਮਿਥਿਆਸ ਦਾ ਗਿਆਨ

ਮਿਹਰਬਾਨ ਨੂੰ ਭਾਰਤੀ ਮਿਥਿਆਸ ਦੇ ਗਿਆਨ ਦੀ ਬਹੁਤ ਸੂਝ ਸੀ ਤੇ ਉਸ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਆਏ ਮਿਥਿਆਸ ਦੇ ਸੰਕੇਤਾਂ ਨੂੰ ਬਹੁਤ ਚੰਗੀ ਤਰ੍ਹਾਂ ਉਘਾੜਿਆ ਹੈ ਜਿਵੇਂ ਕਿ ਹੇਠ ਲਿਖੀਆਂ ਤੁਕਾਂ ਦੇ ਪ੍ਰਮਾਰਥਾਂ ਤੋਂ ਪਤਾ ਲਗਦਾ ਹੈ :-

ਦੇਵਤਿਆ ਦਰਸਨ ਕੇ ਤਾਈ ਦੂਖ ਭੂਖ ਤੀਰਥ ਕੀਏ ।
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ।

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ "ਏ ਮਰਦਾਨਿਆ ! ਤੇਤੀਸ ਕਰੋੜੀ ਜਿ ਦੇਵਤੇ ਭਹੇ ਹੈ ਤੇ ਭੀ ਦਰਸਨ ਕੀ ਪਿਆਸ ਕਰਿ ਕਰਿ ਉਜਾੜਿ ਫਿਰੇ । ਕਈ ਬਰਸ ਤਪਸਿਆ ਕੀਨੀ ਬਰਤ ਨੇਮ ਦੂਖ ਭੁਖ ਤੀਰਥ ਕੀਨੇ । ਕਈ ਰਾਜੇ ਰਾਜ ਛੋਡਿ ਛੋਡਿ ਜੋਗੀ ਹੋਇ ਹੋਇ ਭਗਵੇ ਕਪੜੇ ਕਰਿ ਕਰਿ ਗਏ । ਕਿਸੁ ਅਰਥਿ ਕਰਿ ਕਰਿ ? ਦਰਸ਼ਨ ਪਰਮੇਸਰ ਕੇ ਕੀ ਨਿਮਤਿ ਕਰਿ ਕਰਿ ਕੋਈ ਜੋਗੀ ਹੋਆ ਕੋਈ ਸਨਿਆਸੀ ਹੋਆ ਕੋਈ ਬ੍ਰਹਮਚਾਰੀ ਹੋਆ, ਕੋਈ ਅਵਧੂਤ ਹੋਆ ਕੋਈ ਦਿਗੰਬਰ ਹੋਆ, ਛੋਡਿ ਛੋਡਿ ਗ੍ਰਿਸ਼ਤ ਉਦਾਸੁ ਹੋਇ ਗਏ ਸਾਹਿਬ ਕੇ ਦਰਸਨ ਕਾਰਿਣ "।[2]

ਇਕ ਹੋਰ ਥਾਂ ਪੁਰਾਣਕ ਗਾਥਾਵਾਂ ਦੇ ਵਰਨਣ ਵਿਚ ਮਿਹਰਬਾਨ ਦੀ ਭਾਰਤੀ ਮਿਥਿਆਸ ਦੇ ਗਿਆਨ ਦਾ ਪਤਾ ਲਗਦਾ ਹੈ :-

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ
ਬ੍ਰਹਮੇ ਦਿਤੇ ਬੇਦ, ਪੂਜਾ ਲਾਇਆ
ਦਸ ਅਵਤਾਰੀ ਰਾਮ ਰਾਜਾ ਆਇਆ
ਦੈਤਾ ਮਾਰੇ ਧਾਇ, ਹੁਕਮ ਸਬਾਇਆ

"ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ, ਏ ਪਾਰਬ੍ਰਹਮ ਜੀ ! ਹੈ ਬ੍ਰਹਮਾ, ਬਿਸ਼ਨ ਮਹੇਸ਼ ਪੈਦਾ ਕੀਏ ਹੈ । ਬ੍ਰਹਮ ਕਉ ਤੇ ਬੇਦ ਦੀਏ ਤਿਸ ਕੀ ਪੂਜਾ ਹੋਤੀ ਹੈ । ਤੈ ਦਸ ਅਵਤਾਰ ਕੀਏ ਹੈ ਆਪਣਾ ਰੂਪਿ ਧਾਰਿ ਕੈ । ਦੈਤਾਂ ਕਾ ਤੈ ਖਿਉ ਕੀਆ ਹੈ ਅਰ ਤੇਰਾ ਹੁਕਮ ਸਭ ਮਹਿ ਹੈ ।"[3]

1. ਜਨਮ ਸਾਖੀ ਗੁਰੂ ਨਾਨਕ, ਮਿਹਰਬਾਨ, ਪੰਨਾ 277-78
2. ਉਕਤ, ਪੰਨਾ 107
3. ਉਕਤ, ਪੰਨਾ 160

Digitized by Panjab Digital Library | www.panjabdigilib.org

ਰਾਮਕਲੀ ਕੀ ਵਾਰ ਸਲੋਕ ਮਹਲਾ ੧ ਦੇ ਸਲੋਕ "ਸਹੰਸ੍ਰ ਦਾਨ ਦੇ ਇੰਦ੍ਰ ਰੋਆਇਆ ਪਰਸਰਾਮ ਰੋਵੈ ਘਰਿ ਆਇਆ ....." ਦੇ ਪਰਮਾਰਥ ਬੜੇ ਵਿਸਥਾਰ ਨਾਲ ਕੀਤੇ ਹਨ ਜਿਸ ਤੋਂ ਮਿਹਰਬਾਨ ਜੀ ਦੇ ਪੁਰਾਣਾ ਦੇ ਅਧਿਐਨ ਦਾ ਪਤਾ ਲਗਦਾ ਹੈ :-

"ਤਬ ਹੁਕਮ ਪਰਮੇਸ਼ਰ ਦਾ ਹੋਆ ਜਿ, ਏ ਨਾਨਕ। ਦੇਵਤਿਆ ਕੀ ਪਤਿ ਇੰਦ੍ਰ ਹੈ। ਸਹੰਸਰ ਭਗ ਉਸ ਕਉ ਗੋਤਮਿ ਤਪੈ ਸ੍ਰਾਪ ਦਿਤਾ, ਸਹੰਸਰ ਭਗ ਉਸ ਕੇ ਸਰੀਰ ਹੋਏ, ਉਹ ਰੁੰਨਾ। ਪਰਸਰਾਮ ਨੋ ਬਲੁ ਹਿਰਿ ਕਰਿ ਭਿਖਿਆ ਦੀਨੀ, ਏਤੁ ਅਵਸਰਿ ਓਹੁ ਰੁੰਨਾ। ਏਹੀ ਸਜਾਇ ਦਰਗਹ ਤੇ ਮਿਲੀਅਸੁ ਅਜੈ ਭਿਖਿਆ ਮੰਗਦਾ ਹੈ। ਰਾਮ ਚੰਦ ਨਾਲਹੁ ਸੀਤਾ ਲਛਮਣ ਵਿਛੜੇ, ਬਨਬਾਸ ਲੀਆ ਤਾਂ ਓਤੁ ਸੰਗੋਜਿ ਉਹੁ ਰੁੰਨਾ। ਦਹਸਰ ਕੀ ਲੰਕਾ ਲੀਨੀ, ਭਾਈ, ਭਤੀਜੇ, ਬੇਟੇ ਮਾਰੇ, ਓਤਿ ਅਵਸਰਿ ਉਹ ਰੁੰਨਾ। ਪਾਂਡਵ ਕਉ ਬਿਪਤਿ ਪੜੀ, ਓਤੁ ਅਵਸਰਿ ਓਹਿ ਰੁੰਨੇ। ਰਾਜਾ ਜਨਮੇਜਾ ਇਕਸੁ ਇਸਤ੍ਰੀ ਕੈ ਲੀਐ ਅਠਾਰਹ ਬ੍ਰਹਮਣ ਘਾਏ, ਏਤੁ ਅਵਸਰਿ ਅਠਾਰਹ ਕੁਸ਼ਟ ਲਾਗੈ, ਏਤੁ ਦੁਖ ਓਹ ਰੁੰਨਾ। ਸੇਖ ਪੀਰ ਜਿਤਨੇ ਹੈਨਿ ਸਿ ਪਏ ਰੋਂਦੇ ਹੈਨਿ ਜਿ ਅੰਤ ਕਾਲ ਹਮਾਰੇ ਸਿਰ ਕਿਆ ਹੋਇਗਾ। ਉਸ ਅਵਸਰਿ ਉਇ ਸ਼ੇਖ ਪੀਰ ਰੋਤੇ ਹੈਂ। ਰਾਜੇ ਜਿਨਹੁ ਰਾਜ ਛੋਡਿ ਕੰਨ ਪੜਾਏ ਰਾਜ ਛੋਡਿਆ, ਛੋਡਿ ਗਵਾਇਆ-ਜੋਗ ਪਾਇਓ ਨਾਹੀ, ਟੁਕੜੇ ਟੁਕੜੇ ਕਾਰਣਿ ਅਧੀਨ ਹੋਏ, ਉਤੁ ਭਿਖਿਆ ਕੈ ਸਰਾਪਿ ਕਰਿ ਕਰਿ ਉਇ ਰੁੰਨੇ। ਕਿਰਪਨੁ ਮਾਇਆ ਸੰਜਿ ਕਰਿ ਇਕਠੀ ਕਰਦਾ ਹੈ, ਓਹੁ ਮਾਇਆ ਜਬ ਜਾਤੀ ਹੈ ਤਬ ਓਹ ਰੋਤਾ ਹੈ। ਬ੍ਰਹਮਣ ਕੇ ਜਨਮਿ ਆਇ ਕਰਿ ਬੇਦ ਕਰਮ ਨ ਕਰੇ- ਸੂਦ੍ਰ ਕੇ ਕਰਮ ਕਰੈ, ਓਨਾ ਤੇ ਬੇਦ ਛੁਟਕਿ ਗੈਆ, ਓਤੁ ਕਰਿ ਕਰਿ ਜੂਨੀ ਪੈਆ, ਜੂਨੀ ਵਿਚ ਪਏ ਬ੍ਰਹਮਣ ਰੋਤੇ ਹੈਂ। ਅਰੁ ਜਿਸ ਇਸਤ੍ਰੀ ਕਉ ਪੁਰਖ ਨਹੀਂ ਹੋਤਾ ਤਾਂ ਓਹੁ ਰੋਤੀ ਹੈ। ਏ ਨਾਨਕ ਜਿਤਨਾ ਮੈ ਕਿਛੁ ਜੁਗ ਕੈ ਬਿਖੈ ਆਂਦਾ ਸੁ ਸਭ ਕੋਈ ਰੋਤਾ ਹੈ। ਪਣੁ ਜਿਨਹੁ ਮੇਰਾ ਨਾਮ ਲੀਆ ਹੈ ਸੇ ਜਿਣ ਜਾਹਿਗੇ। ਹੋਰਿ ਕਰਮ ਧਰਮ ਜਿਤਨੇ ਕੋਈ ਕਰੈਗਾ ਬਿਨਾ ਮੇਰੇ ਨਾਮ ਥੀ ਨਾਨਕ ਓਇ ਸਭ ਬਿਰਥੇ ਜਾਹਿਗੇ। ਕਿਤੇ ਲੇਖੇ ਨਾ ਹੋਹਿਗੇ। ਤੂੰ ਮੇਰਾ ਨਾਮ ਹੀ ਸਿਮਰਿ ਸਿਮਰਾਇ, ਅਵਰਿ ਕਰਮ ਧਰਮ ਸਗਲੇ ਛੋਡਿ ਦੇਹਿ। ਬਿਨਾ ਮੇਰੇ ਨਾਮ ਸਿਮਰਨ ਤੇ ਨਾ ਕਿਛੁ ਤਪੁ ਹੈ, ਨ ਤੀਰਥੁ ਹੈ, ਨ ਬਰਤੁ ਹੈ, ਨ ਨੇਮੁ ਹੈ ਨਾਨਕ ! ਮੇਰੇ ਨਾਮ ਸਿਮਰਨ ਕੈ ਸਮਾਨਿ ਅਵਰੁ ਕਿਛੁ ਨਹੀਂ।[1]

1. ਜਨਮ ਸਾਖੀ ਗੁਰੂ ਨਾਨਕ, ਮਿਹਰਬਾਨ, ਪੰਨਾ 205
ਪੂਰਾ ਸ਼ਲੋਕ ਇਸ ਤਰ੍ਹਾਂ ਹੈ :
ਸਹੰਸ੍ਰ ਦਾਨ ਦੇ ਇੰਦ੍ਰ ਰੋ ਆਇਆ। ਪਰਸਰਾਮ ਰੋਵੈ ਘਰਿ ਆਇਆ
ਅਜੈਸੁ ਰੋਵੈ ਭੀਖਿਆ ਖਾਇ। ਐਸੀ ਦਰਗਹ ਮਿਲੇ ਸਜਾਇ
ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣ ਵਿਛੁੜਿ ਗਇਆ
ਰੋਵੈ ਦਹਸਿਰੁ ਲੰਕ ਗਵਾਇ। ਜਿਨਿ ਸੀਤਾ ਆਂਦੀ ਡਉਰੂ ਵਾਇ
ਰੋਵਹਿ ਪਾਂਡਵ ਭਏ ਮਜੂਰਿ। ਜਿਨ ਕੈ ਸੁਆਮੀ ਰਹਤ ਹਦੂਰ
ਰੋਵੈ ਜਨਮੇਜਾ ਖੁਇ ਗਇਆ। ਏ ਕੀ ਕਾਰਣਿ ਪਾਪੀ ਭਇਆ
ਰੋਵੈ ਸੇਖ ਮਸਾਇਕ ਪੀਰ। ਅੰਤਿ ਕਾਲਿ ਮਤੁ ਲਾਗੈ ਭੀੜ
ਰੋਵਹਿ ਰਾਜੇ ਕੰਨ ਪੜਾਇ। ਘਰਿ ਘਰਿ ਮਾਗਹਿ ਭੀਖਿਆ ਜਾਇ
ਰੋਵਹਿ ਕਿਰਪਨ ਸੰਚਹਿ ਧਨੁ ਜਾਇ। ਪੰਡਿਤ ਰੋਵਹਿ ਗਿਆਨ ਗਵਾਇ
ਬਾਲੀ ਰੋਵੈ ਨਾਹਿ ਭਤਾਰੁ। ਨਾਨਕ ਦੁਖੀਆ ਸਭ ਸੰਸਾਰੁ
ਮੰਨੇ ਨਾਉ ਸੋਈ ਜਿਣਿ ਜਾਇ। ਅਉਰੀ ਕਰਮ ਨ ਲੇਖੈ ਲਾਇ।

Digitized by Panjab Digital Library | www.panjabdigilib.org

ਅਧਿਆਇ 5

# ਉਤਰ-ਅਧਿਕਾਰੀ

ਮਨੋਹਰ ਦਾਸ ਮਿਹਰਬਾਨ ਜੀ ਦੇ ਉਤਰ-ਅਧਿਕਾਰੀ ਦੋ ਤਰ੍ਹਾਂ ਦੇ ਹਨ—ਇਕ ਨਾਦੀ ਅਤੇ ਦੂਜੇ ਬਿੰਦੀ—ਭਾਵ ਇਕ ਚੇਲਿਆਂ ਦੀ ਸੰਪਰਦਾ ਜਿਨ੍ਹਾਂ ਨੂੰ ਦੀਵਾਨੇ ਕਹਿੰਦੇ ਹਨ ਅਤੇ ਦੂਸਰੇ ਉਨ੍ਹਾਂ ਦੀ ਔਲਾਦ ।

## ਦੀਵਾਨੇ

ਸਿਖ ਗੁਰੂਆਂ ਦੇ ਸਮੇਂ ਪਰਚਾਰ ਹਿਤ ਵੱਖ ਵੱਖ ਸੰਸਥਾਵਾਂ ਕਾਇਮ ਹੁੰਦੀਆਂ ਰਹੀਆਂ । ਗੁਰੂ ਅਮਰ ਦਾਸ ਜੀ ਦੇ ਸਮੇਂ ਮੰਜੀ ਪ੍ਰਥਾ ਹੋਂਦ ਵਿਚ ਆਈ । ਗੁਰੂ ਰਾਮ ਦਾਸ ਜੀ ਦੇ ਸਮੇਂ ਮਸੰਦ ਪ੍ਰਥਾ ਪਰਚਲਤ ਹੋਈ ਅਤੇ ਗੁਰੂ ਅਰਜਨ ਸਾਹਿਬ ਸਮੇਂ ਇਹ ਪ੍ਰਥਾ ਜੋਰਾਂ ਤੇ ਚਲਦੀ ਰਹੀ । ਗੁਰੂ ਹਰਿ ਗੋਬਿੰਦ ਜੀ ਨੇ ਪਰਚਾਰ ਹਿਤ ਧੂੰਏ ਅਸਥਾਪਤ ਕੀਤੇ ਅਤੇ ਗੁਰੂ ਹਰਿ ਰਾਏ ਜੀ ਨੇ "ਬਖ਼ਸ਼ੀਸਾਂ" ਹੋਂਦ ਵਿਚ ਲਿਆਂਦੀਆਂ । ਇਨ੍ਹਾਂ ਬਖਸ਼ੀਸਾਂ ਵਿਚੋਂ ਨਾਵੀਂ ਬਖਸ਼ੀਸ ਦੀਵਾਨਿਆਂ ਦੀ ਸੀ ।[1] ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

—ਨੌਮੀ ਬਖਸ਼ਸ਼ ਕੇ ਦਿਵਾਨੇ ਪਰਮਾਨ ਹੈ ।<br>
ਹਰੀਆ ਤੇ ਬਾਲਾ ਸੋਢੀ ਮਿਹਰਵਾਨ ਕੇ ਥੇ ਚੇਲੇ<br>
ਮੂੰਹ ਸਿਰ ਮੂੰਡ ਕਾਲਾ ਮੁਖ ਦੀਓ ਠਾਨ ਹੈ ।<br>
ਸੰਖ ਮਾਲਾ, ਬਲਖੀ ਧਰੈ ਕੇ ਹਾਥ ਠੂਠਾ ਦੇ ਕੇ<br>
ਮੋਰ-ਪੰਖ ਸੀਸ ਕਾਂਧੇ ਮੂਸਲ ਧਰਾਯੋ ਹੈ ।<br>
ਢੋਲ ਬਜਵਾਇ ਕੇ ਧਮਾਲ ਪਾਇ ਨਾਚਤੇ ਹੈ<br>
ਤਾਹੀ ਤੇ ਦਿਵਾਨੇ ਭੇਖ ਪਾਗਲ ਸਦਾਯੋਂ ਹੈ ।<br>
ਹਰੀਏ ਕੇ ਪੋਤੇ ਚੇਲੇ ਪੀਰ ਭਾਰੇ ਮਾਲਵੇ ਮੈ<br>
ਠੂਠਾ ਸਵਾ ਮਣ ਅਨੰਯ ਘਰ ਘਰ ਲਗਾਯੋ ਹੈ ।<br>
ਗਾਦੀ ਏਸ ਪੰਥ ਕੀ ਹੈ ਕੋਟ ਪੀਰ ਕੇ ਮੈਂ ਆਂਦੀ<br>
ਡੇਰੇ ਪਟਿਆਲੇ ਲੋ ਬਿਸਾਲੇ ਬਹੁਥਾਯੋ ਹੈ ।

(ਪੰਥ ਪ੍ਰਕਾਸ਼ ਚੌਥੀ ਛਾਪ, ਪੰਨਾ 1056)

"ਗਰ ਉਦਾਸੀਨ ਮਤ ਦਰਪਨ" ਵਿਚ ਲਿਖਿਆ ਹੈ ਕਿ ਭਾਈ ਭੂੰਦੜ ਦਾਸ, ਜਿਨ੍ਹਾਂ ਦੀ ਅੱਲ੍ਹ ਦਿਵਾਨਾ ਸਾਹਿਬ ਸੀ ਮਿਹਰਬਾਨ ਜੀ ਦੇ ਸਿਖ ਸਨ । ਉਦਾਸੀ ਬਿਰਤੀ ਹੋਣ ਕਰਕੇ ਅਤੀਤ ਸਾਧੂ ਬਣ ਗਏ । ਜਦੋਂ ਗੁਰੂ ਹਰਿ ਰਾਏ ਸਾਹਿਬ ਮਾਲਵੇ ਵਿਚ ਆਏ ਤਾਂ ਭੂੰਦੜ ਦਾਸ ਮਸਤਾਨੇ ਭੇਖ ਵਿਚ ਗੁਰੂ ਸਾਹਿਬ ਨੂੰ ਮਿਲੇ । ਭੂੰਦੜ ਦਾਸ ਨੇ ਸੇਵਾ ਭਗਤੀ ਕਰਕੇ ਗੁਰੂ ਸਾਹਿਬ ਨੂੰ ਰੀਝਾਇਆ ਅਤੇ ਦਿਵਾਨਾ ਸਾਹਿਬ ਖਿਤਾਬ ਪ੍ਰਾਪਤ ਕੀਤਾ । ਇਹ ਘਟਨਾ ਬਹੁਤ ਮਹਾਨਤਾ ਵਾਲੀ ਹੈ ਕਿਉਂਕਿ ਪਹਿਲਾਂ ਭੂੰਦੜ ਮਿਹਰਬਾਨ ਜੀ ਦੀ ਸੰਪਰਦਾ

1. ਵੇਖੋ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਛਾਪ ਦੂਜੀ, 1889, (ਪੱਥਰ ਛਾਪਾ), ਪੰਨਾ 894

Digitized by Panjab Digital Library | www.panjabdigilib.org

ਵਿਚ ਸੀ ਹੁਣ ਗੁਰੂ ਸਾਹਿਬ ਦੀ ਬਖ਼ਸ਼ਸ਼ ਦੁਆਰਾ ਚਲ ਰਹੀ ਸਿਖੀ ਲਹਿਰ ਨਾਲ ਸੰਬੰਧਿਤ ਹੋ ਗਿਆ। "ਉਦਾਸੀਨ ਮਤ ਦਰਪਨ" ਵਿਚ ਇਸ ਸੰਪਰਦਾ ਦੇ ਸੰਤਾਂ-ਮਹੰਤਾਂ ਦੀ ਗੁਰ-ਪ੍ਰਣਾਲੀ ਇਸ ਤਰ੍ਹਾਂ ਲਿਖੀ ਹੈ : [1] ਭੂਦੜ ਦਾਸ[2] (ਦਿਵਾਨਾ ਸਾਹਿਬ) ਦੇ ਚੇਲੇ ਬਾਲਾ ਦਾਸ) (ਬਾਲਾ) ਉਨ੍ਹਾਂ ਦੇ ਹਰੀ ਦਾਸ (ਹਰੀਆ) ਤਿਨਾ ਦੇ ਮਸਾ ਦਾਸ, ਦਰਬਾਰੀ ਦਾਸ, ਚਤੁਰ ਦਾਸ, ਰਾਨ ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ ਅਤੇ ਬਾਬਾ ਰਾਮ ਦਾਸ ਹੋਏ ਹਨ। ਇਨ੍ਹਾਂ ਦੇ ਯਾਦਗਾਰੀ ਅਸਥਾਨ ਅੰਬਾਲਾ ਸ਼ਹਿਰ, ਰਾਇਪੁਰ, ਅੰਮ੍ਰਿਤਸਰ ਵਿਚ ਹਨ ਪੀਰ ਕੋਟ ਜ਼ਿਲਾ ਬਠਿੰਡਾ ਵਿਚ ਇਨ੍ਹਾਂ ਦੀ ਗਦੀ ਹੈ।

ਇਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਹਰੀ ਦਾਸ ਨਾਲੋਂ ਬਾਲਾ ਦਾਸ ਪਹਿਲਾਂ ਹੋਏ ਹਨ ਇਸ ਲਈ "ਹਰੀਆਂ ਬਾਲਾ" ਲਿਖਣਾ ਗ਼ਲਤ ਹੈ ਜਿਵੇਂ ਕਿ ਕਈਆਂ ਪੁਸਤਕਾਂ ਵਿਚ ਲਿਖਿਆ ਹੈ। ਗਿਆਨੀ ਗਿਆਨ ਸਿੰਘ ਵੀ ਬਾਲਾ ਨੂੰ ਮਿਹਰਬਾਨ ਜੀ ਦਾ ਚੇਲਾ ਲਿਖਿਆ ਅਤੇ ਹਰੀਏ ਨੂੰ ਬਾਲੇ ਦਾ ਚੇਲਾ ਦਸਿਆ ਹੈ।[3] ਇਸ ਗਲ ਦੀ ਹੋਰ ਪੁਸ਼ਟੀ ਹਰੀ ਦਾਸ ਜੀ ਦੀ ਆਪਣੀ ਲਿਖਤ ਤੋਂ ਹੁੰਦੀ ਹੈ ਜਿਸ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ :

"ਸ੍ਰੀ ਸਤਿਗੁਰ ਦੇਓ ਬਾਬਾ ਨਾਨਕ। ਸ੍ਰੀ ਸਤਿਗੁਰ ਦੇਓ ਪਾਰਬ੍ਰਹਮ ਪਰਮੇਸ਼ਰ। ਭੂਦੜ ਬਾਲਾ ਹਰੀ ਦਾਸ [4]"।

ਹਰੀ ਦਾਸ ਨੇ ਆਪਣੀ ਰਚਨਾ "ਠੂਠਾ" ਵਿਚ ਬਾਲੇ ਨੂੰ ਬਾਲਾ ਪੀਰ ਕਰਕੇ ਲਿਖਿਆ ਹੈ :

ਅਹਿਲ ਦਿਵਾਨਿਓ ਘਿਨਹੁ ਠੂਠਾ
ਪਾਕ ਪਕੀਤੁ ਕਦੇ ਨ ਝੂਠਾ
ਬਾਲੇ ਪੀਰ ਮੁਖਹੁ ਅਲਾਇਆ
ਠੂਠਾ ਘਿਨਹੁ ਕਾਰੀ
ਹਓ ਸਾਹਿਬ ਵਿਟਹੁ ਵਾਰੀ।

ਇਸ ਤੋਂ ਸਿੱਧ ਹੈ ਕਿ ਬਾਲਾ ਦਾਸ ਜਾਂ ਬਾਲਾ ਹਰੀ ਦਾਸ ਤੋਂ ਪਹਿਲਾਂ ਹੋਇਆ ਹੈ ਅਤੇ ਹਰੀ ਦਾਸ ਉਸ ਨੂੰ ਪੀਰ ਬਾਲਾ ਕਰਕੇ ਲਿਖਦਾ ਹੈ।

ਅਠਾਰ੍ਹਵੀਂ ਸਦੀ ਈਸਵੀ ਦੇ ਅਰੰਭ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇ ਇਲਾਕੇ ਵਿਚ ਰਹੇ ਸਨ ਉਸ ਵੇਲੇ ਦਿਵਾਨਾ ਸਾਹਿਬ ਭੂਦੜ ਦਾਸ ਆਪ ਨੂੰ ਮਿਲੇ ਅਤੇ

---

1. ਦਿਵਾਨੇ ਸਾਧੂ, ਲੇਖ ਇਤਿਹਾਸਕ ਪਤ੍ਰ ਸੈਂਚੀ ਪੰਜਵੀਂ, ਸਿੱਖ ਹਿਸਟਰੀ ਸੋਸਾਇਟੀ ਅੰਮ੍ਰਿਤਸਰ, 1953, ਪੰਨਾ 494–502
2. ਭੂਦੜ ਦਾਸ-ਭੂਦੜ ਜੱਟਾਂ ਦੀ ਇਕ ਗੋਤ ਹੈ ਅਤੇ ਜ਼ਿਲਾ ਬਠਿੰਡੇ ਦਾ ਇਕ ਪਿੰਡ ਵੀ। ਪੁਰਾਣੇ ਸਮਿਆਂ ਵਿਚ ਗੋਤ ਅਤੇ ਨਾਂ ਇਕਠੇ ਹੀ ਲਿਖੇ ਜਾਂਦੇ ਸਨ ਜਿਵੇਂ ਭਾਈ ਮੰਝ—ਮੰਝ ਗੋਤ ਵੀ ਹੈ। ਭਾਈ ਦੋਦਾ—ਦੋਦਾ ਜੱਟਾਂ ਦੀ ਗੋਤ ਵੀ ਹੈ।
3. ਗਿਆਨੀ ਗਿਆਨ ਸਿੰਘ—ਪੰਥ ਪ੍ਰਕਾਸ਼ ਛਾਪ ਦੂਜੀ 1889, ਪੰਨਾ 895
4. ਗਿਆਨੀ ਗੁਰਦਿਤ ਸਿੰਘ ਐਡੀਟਰ ਪ੍ਰਕਾਸ਼ ਦੇ ਨਿਜੀ ਪੁਸਤਕਾਲਯ ਵਿਚ ਇਕ ਹੱਥ ਲਿਖਤ ਇਸ ਦਾ ਨਾਂ ਗਿਆਨੀ ਜੀ "ਦੀਵਾਨਿਆਂ ਦਾ ਗ੍ਰੰਥ" ਦੱਸਦੇ ਹਨ। ਪਰ ਇਸ ਨੂੰ "ਹਰੀ ਦਾਸ ਜੀ ਦਾ ਗ੍ਰੰਥ" ਕਹਿਣਾ ਜ਼ਿਆਦਾ ਠੀਕ ਹੋਵੇਗਾ ਕਿਉਂਕਿ ਇਸ ਵਿਚ ਅੰਕਤ ਰਚਨਾਵਾਂ ਹਰੀ ਦਾਸ ਜੀ ਦੀਆਂ ਹਨ।

Digitized by Panjab Digital Library | www.panjabdigilib.org

ਗੁਰੂ ਜੀ ਦਾ ਸਤਿਕਾਰ ਕੀਤਾ ਜਿਵੇਂ ਕਿ ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਲਿਖਿਆ ਹੈ :

"ਗੁਰੂ ਜੀ ਸ਼ਿਕਾਰ ਖੇਡਦੇ ਖੇਡਦੇ ਛੇਹੀਂ ਕੋਹੀ ਭੂੰਦੜ ਗਏ। ਗੁਰੂ ਜੀ ਨੂੰ ਭੂੰਦੜ ਨੇ ਮਥਾ ਟੇਕਿਆ ਪੰਜ ਰੁਪਏ ਇਕ ਥਾਨ। ਦੁਧ ਸਿਖਾਂ ਨੂੰ ਛਕਾਇਆ ਮਿਠਾ ਕਰਕੇ, ਹੋਰ ਗੋਸ਼ਟ ਹੋਈ। ਗੁਰੂ ਜੀ ਕਹਿੰਦੇ "ਭੂੰਦੜਾ ਅਸੀਂ ਚਲਦੇ ਹਾਂ" ਭੂੰਦੜ ਕਹਿੰਦਾ 'ਜੀ ਰਹੋ ਕੋਈ ਟਹਿਲ ਫਰਮਾਓ'।[1]

ਸਾਖੀ ਕਰਤਾ ਨੇ ਅਖਰ ਗੋਸ਼ਟ ਵਰਤਿਆ ਹੈ ਕਿਉਂਕਿ ਗੋਸ਼ਟਾਂ ਵਿਸ਼ੇਸ਼ ਕਰਕੇ ਮਿਹਰਬਾਨ ਅਤੇ ਉਸ ਦੇ ਉਤਰ-ਅਧਿਕਾਰੀਆਂ ਨੇ ਹੀ ਲਿਖੀਆਂ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਭੂੰਦੜ ਮਿਹਰਬਾਨ ਜੀ ਦਾ ਮੁਖ ਚੇਲਾ ਸੀ ਜਿਸ ਨੂੰ ਗੁਰੂ ਹਰਿ ਰਾਏ ਸਾਹਿਬ ਨੇ ਬਖ਼ਸ਼ੀਸ਼ ਬਖ਼ਸ਼ੀ ਸੀ।

ਭੂੰਦੜ ਤੋਂ ਇਲਾਵਾ ਹੋਰ ਵੀ ਕਈ ਦਿਵਾਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਲਵੇ ਵਿਚ ਮਿਲੇ ਜਿਵੇਂ ਕਿ ਸਾਖੀ ਪੋਥੀ ਵਿਚ ਅੰਕਤ ਹੈ :

"ਅਗੇ ਡੇਰਾ ਗੁਰੂ ਜੀ ਜੈਤੋ ਕੀ ਕੀਤਾ। ਜੈਤੋ ਸ਼ਿਕਾਰ ਚੜੇ ਛੜੀ ਅਸਵਾਰੀ। ਖੇਡਦੇ ਖੇਡਦੇ ਕੋਠੇ ਪ੍ਰਿਥੀ ਚੰਦ[2] ਕੇ ਮਲੂਕੇ ਕੇ ਵਿਚਾਲੇ ਆਇ ਉਤਰੇ ਡੇਰਾ ਕਰ ਦੀਆ। ਤੰਬੂ ਲਾਇ ਦੀਆ। ਚਾਰ ਘੜੀ ਕੇ ਅੰਮ੍ਰਿਤ ਵੇਲੇ ਆਇਆ ਦੀਵਾਨਾ ਸਿਰ ਮੂਹ ਕਾ ਭੱਦਣ ਕੀਤਾ ਹੋਇਆ ਕਹਿੰਦਾ "ਗੁਰੂ ਜੀ ਦਾ ਦੀਦਾਰ ਕਰਨਾ ਹੈ" ਸਿੰਘ ਨੇ ਕਹਿਆ 'ਦਿਨ ਚੜੇ ਕਰੀਂ'। ਦੀਵਾਨੇ ਨੇ ਕਹਿਆ "ਮੈਂ ਹੁਣੇ ਹੀ ਅੰਦਰ ਜਾਣਾ ਹੈ"। ਸਿੰਘ ਨੇ ਕਹਿਆ, "ਗੁਰੂ ਜੀ ਆਪਣੇ ਰੰਗ ਮਹਿ ਬੈਠੇ ਹਨਿ ਹੁਣ ਨਹੀਂ ਹੁਕਮ'। ਦੀਵਾਨਾ ਸਿੰਘ ਨੂੰ ਮੁਹਲਾ ਚਕ ਕੇ ਧਕੇ ਨਾਲ ਵੜਨ ਲਗਾ, ਸਿੰਘ ਨੇ ਤਲਵਾਰ ਮਾਰੀ। ਦਿਹ ਚੜੇ ਚਾਰ ਘੜੀ ਕਹਿੰਦਾ, 'ਹੁਣ ਤਾਂ ਗੁਰੂ ਜੀ ਕਾ ਦਰਸਨ ਕਰਾਵੋ'। ਗੁਰੂ ਜੀ ਨੂੰ ਸਿਖਾਂ ਪੁਛਿਆ : "ਜੀ! ਦੀਵਾਨਾ ਜ਼ਖਮੀ ਹੋਇਆ ਹੈ ਕਹਿੰਦਾ ਹੈ ਮੈਨੂੰ ਗੁਰੂ ਜੀ ਕਾ ਦਰਸਣੁ ਕਰਾਵੋ'। ਗੁਰੂ ਜੀ ਕਹਿੰਦੇ 'ਆਵਣ ਦੇਹ' ਦੀਵਾਨੇ ਮੱਥਾ ਟੇਕਿਆ। ਗੁਰੂ ਜੀ ਕਹਿੰਦੇ "ਜੀਵਣ ਕੀ ਸੁਰਤਿ ਹੈ"। ਦੀਵਾਨਾ ਕਹਿੰਦਾ ਜੀ ਹੁਣ ਖੁਸ਼ੀ ਕਰੋ ਤੁਸਾਂ ਕੀ ਹਜ਼ੂਰ ਪ੍ਰਾਣ ਮੇਰੇ ਛੁਟਣ, ਏਹੋ ਖੁਸ਼ੀ ਕਰੋ' ਫੇਰ ਪ੍ਰਾਣਿ ਛੁਟੇ।

ਚੌਪਈ

ਮਲੂਕੇ ਕੀ ਮਾਰਿਆ ਇਕ ਦੀਵਾਨਾ
ਜੰਗਲਾ ਕੇ ਭੂਪਤ ਸਭ ਭਏ ਹੈਰਾਨਾ
ਇਕ ਬਿਚਲੇ ਇਕ ਸਾਬਤ ਰਹੇ
ਇਕ ਨਾ ਦ੍ਰਿੜ੍ਹ ਕਰ ਚਰਨ ਗੁਰੂ ਕੇ ਗਹੇ

---

1. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਪੰਨਾ 67-68
2. ਇਥੇ ਸੰਕੇਤ 'ਕੋਠਾ ਗੁਰੂ ਕਾ' ਵੱਲ ਹੈ ਜੋ ਜ਼ਿਲਾ ਬਠਿੰਡਾ ਵਿਚ ਹੈ ਜੈਤੋਂ ਤੋਂ 14 ਮੀਲ, ਭੁਚੋ ਤੋਂ 15 ਮੀਲ ਹੈ। ਇਹ ਪਿੰਡ ਪ੍ਰਿਥੀ ਚੰਦ ਨੇ ਸੰਮਤ 1653 ਭਾਵ 1596 ਵਿਚ ਵਸਾਇਆ ਅਤੇ ਸੋਢੀ ਕੌਲ ਜੀ ਨੇ ਇਸਨੂੰ ਰੌਣਕ ਦਿੱਤੀ।

Digitized by Panjab Digital Library | www.panjabdigilib.org

ਬੈਰਾੜ ਕਹਿੰਦੇ "ਇਹ ਭਲਾ ਗੁਰੂ ਹੈ ਜਿਸ ਨੇ ਦੀਵਾਨਾ ਮਾਰਿਆ" ਇਕ ਕਹਿੰਦੇ "ਦੀਵਾਨਾ ਭੀ ਗੁਰੂ ਕਾ ਜਿਸ ਨੇ ਤਲਵਾਰ ਮਾਰੀ ਸਿੱਖ ਨੇ ਉਹ ਭੀ ਗੁਰੂ ਕਾ" ।[1]

ਜਦੋਂ ਗੁਰੂ ਸਾਹਿਬ ਪਿੰਡ ਮਲੂਕੇ ਦੇ ਕੋਲ ਪੁਜੇ ਤਾਂ ਦੀਵਾਨਿਆਂ ਦੇ ਇਕ ਮੁਖੀਏ ਘੁੱਦੇ ਨੇ ਪੰਜਾਹ ਦੀਵਾਨੇ ਗੁਰੂ ਜੀ ਵੱਲ ਭੇਜੇ । ਸਾਖੀ ਇਸ ਤਰ੍ਹਾਂ ਚਲਦੀ ਹੈ :

"ਅਗੇ ਘੁਦੇ ਤੇ ਸੁਖੂ ਦੀਵਾਨੇ ਕਹਿਆ, "ਗੁਰੂ ਨੇ ਦੀਵਾਨਾ ਮਾਰਿਆ ਹੈ ਵੈਰ ਲਈਏ" ਪੰਜਾਹ ਦਿਵਾਨੇ ਕਠੇ ਕੀਤੇ । ਜਾਂ ਰਾਹ ਵਿਚ ਆਏ ਤਾਂ ਪਚੀ ਹੱਟ ਗਏ । ਕਹਿੰਦੇ 'ਗੁਰੂ ਨਾਲ ਨਹੀਂ ਲੜਦੇ' । ਜਾਂ ਅਗੇ ਆਏ ਤਾਂ ਤੇਰਾਂ ਹੱਟ ਗਏ, ਜਾਂ ਅਗੇ ਆਏ ਦਸ ਹਟ ਗਏ । ਕਹਿੰਦੇ 'ਗੁਰੂ ਨਾਲ ਨਹੀਂ ਲੜਦੇ' ਸੁਖੂ ਅਤੇ ਬੁਧੂ ਰਹਿ ਗਏ । ਸਾਰੰਗੀ ਤੇ ਢੱਡ ਪਾਸ ਸੀ । ਡੇਰੇ ਧਰ ਗਏ ਗੁਰੂ ਜੀ ਨੂੰ ਮਥਾ ਜਾਇ ਟੇਕਿਆ ।

"ਗੁਰੂ ਜੀ ਕਹਿੰਦੇ : 'ਜੋ ਕੁਹ ਡੇਰੇ ਲੁਕਾਇ ਆਏ ਹਹੁ ਓਹੁ ਲੈ ਆਵੋ" । ਓਹੁ ਢੱਡ ਸਾਰੰਗੀ ਲੈ ਆਏ । ਗੁਰੂ ਜੀ ਕਹਿੰਦੇ 'ਗਾਓ' । ਉਨ੍ਹਾਂ ਸਾਰੰਗੀ ਸੁਰ ਕੀਤੀ ਗਾਵਨ ਲਗੇ :

ਕਚਾ ਕੋਠਾ ਵਿਚ ਵਸਦਾ ਜਾਨੀ
ਸਦਾ ਨ ਮਾਪੇ ਨਿਤ ਨਾਹੀ ਜੁਆਨੀ ।

"ਗੁਰੂ ਜੀ ਚੜਨ ਲਗੇ ਸੁਖੂ ਕਹਿੰਦਾ 'ਜੀ ਸਾਡੇ ਉਤੇ ਅਸਵਾਰੀ ਕਰੋ । ਦੋ ਦਿਵਾਨੇ ਦੁਇ ਸਿਖ ਹੋਰ ਕੀਤੇ । ਚਾਰ ਪਾਏ ਉਤੇ ਗੁਰੂ ਜੀ ਨੂੰ ਚੜਾ ਕੇ ਚਕਿਆ । ਗੁਰੂ ਜੀ ਸੁਖੂ ਦੇ ਸਿਰ ਉਤੇ ਧੌਂਸੇ ਵਾਂਗੂ ਵਜਾਇੰਦੇ ਜਾਵਨ । ਅਗੇ ਕੋਸ ਕਿ ਥੋ ਗੁਰੂ ਜੀ ਘੋੜੇ ਉਤੇ ਸਵਾਰੀ ਕੀਤੀ । ਓਸ ਕਾ ਭਾਉ ਕਰਕੇ ਚੜੇ ਸੇ ਪਲੰਘ ਉਪਰ । ਸੁਖੂ ਨੇ ਆਖਿਆ ਸੀ, 'ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ ਸੋ ਦਿਖਾਓ ਮੈਨੂੰ ? ਮੰਜੇ ਉਤੇ ਚੜੇ, ਨੀਲੀ ਪੁਸ਼ਾਕ ਪਹਿਰੀ । ਉਸ ਨੂੰ ਰਾਜ਼ੀ ਕੀਤਾ । ਗੁਰੂ ਜੀ ਨੇ ਸੁਖੂ ਨੂੰ ਕਹਿਆ' । 'ਏਸ ਕਾ ਅਸਨਾਨ ਕਰਵਾਓ' । ਫੇਰ ਅਸਨਾਨ ਕੀਤਾ । ਸੁਖੂ ਨੇ ਗੁਰੂ ਜੀ ਨੂੰ ਮਥਾ ਟੇਕਿਆ ਕਹਿੰਦਾ 'ਵਡਾ ਵੈਰਾਗੁ ਆਇਆ ਸੀ ਤੁਸੀਂ ਅਸਨਾਨ ਨਹੀਂ ਸੀ ਕਰਵਾਉਣਾ ਜੀ' । ਗੁਰੂ ਜੀ ਨੇ ਰੁਪਈਆ ਦਿੱਤਾ ਚੌਖੁਟੀਆ । ਉਸ ਨੂੰ ਅਜੇ ਤੀਕ ਮਥਾ ਟੇਕਦੇ ਹਨ ਜੀ" ।[2]

ਸਾਖੀ ਪੋਥੀ ਦੀਆਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਅਠਾਰਵੀਂ ਸਦੀ ਈਸਵੀ ਦੇ ਅਰੰਭ ਦਿਵਾਨੇ ਸਿਰ ਮੂੰਹ ਮੁਨਾਉਂਦੇ ਸਨ । ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕਰਕੇ ਉਨ੍ਹਾਂ ਕੇਸ ਰਖਣੇ ਅਰੰਭ ਕਰ ਦਿੱਤੇ । ਸਿਖ ਰਾਜ ਸਮੇਂ ਦਿਵਾਨੇ ਦੀ ਸੰਖਿਆ ਬਹੁਤ ਵਧ ਗਈ ਜਿਵੇਂ ਕਿ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ :

ਪੰਥ ਦੇ ਦਿਵਾਨਯੋ ਕਾ ਸਿੰਘਨ ਕੇ ਰਾਜ ਸਮੇਂ
ਅਤ ਹੀ ਬਢਯੋ ਥਾ ਅਬ ਦੇਖੀਯਤ ਘਟਯੋ ।

1883 ਈਸਵੀ ਦੀ ਜਨ-ਸੰਖਿਆ ਵਿਚ ਦੀਵਾਨਾ ਸੰਪਰਦਾਏ ਨੂੰ ਸਿੱਖਾਂ ਦੀ ਤੀਜੀ ਪੁਰਾਣੀ ਸੰਪਰਦਾਏ ਕਰਕੇ ਲਿਖਿਆ ਹੈ ।[3] ਭਾਈ ਕਾਹਨ ਸਿੰਘ ਲਿਖਦੇ ਹਨ, "ਦਿਵਾਨਿਆਂ ਦੀ

1. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਸਫ਼ਾ 48-49
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਪੰਨਾ 75-76 । ਵੇਖੋ ਸੂਰਜ ਪ੍ਰਕਾਸ਼—ਭਾਈ ਸੰਤੋਖ ਸਿੰਘ, ਐਨ 14, ਰੁਤ 8ਵੀਂ
3. ਗਲਾਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਆਫ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪਰਾਵਿਨਸ, ਐਚ. ਏ. ਰੋਜ਼, ਜਿਲਦ ਦੂਜੀ, ਛਾਪ ਦੂਜੀ, ਪੰਨਾ 943

Digitized by Panjab Digital Library | www.panjabdigilib.org

ਗਦੀ ਪਿੰਡ ਕੋਟ ਪੀਰ (ਜ਼ਿਲਾ ਬਠਿੰਡਾ) ਮਾਲਵੇ ਵਿਚ ਹੈ ਅਤੇ ਪਟਿਆਲਾ ਬਾਬਾ ਰਾਮ ਦਾਸ ਜੀ ਦਾ ਡੇਰਾ ਇਸ ਸੰਪਰਦਾ ਦਾ ਹੈ। ਬਾਬਾ ਰਾਮ ਦਾਸ ਜੀ ਨੇ ਅਨੇਕ ਸੰਤ ਭਗਤਾਂ ਦੇ ਪ੍ਰਸੰਗ ਪਦਾਂ ਵਿਚ ਰਚ ਕੇ ਇਕ ਵਡਾ ਗ੍ਰੰਥ ਬਣਾਇਆ ਹੈ ਜੋ ਇਨ੍ਹਾਂ ਦੇ ਡੇਰੇ ਪਟਿਆਲੇ ਮੌਜੂਦ ਹੈ। ਰਾਮ ਦਾਸਜੀ ਦੀ ਗਦੀ ਤੇ ਕ੍ਰਮਵਾਰ ਬੈਠੇ ਮਹੰਤ ਇਹ ਹਨ—ਕ੍ਰਿਸ਼ਨ ਦਾਸ, ਨਾਨਕ ਬਖ਼ਸ਼, ਸੰਤ ਦਾਸ, ਜੈ ਰਾਮ, ਨਿਰੰਜਨ ਦਾਸ। ਦਿਵਾਨੇ ਸਾਧੂ ਉਦਾਸੀਆਂ ਵਿਚੋਂ ਹੀ ਗਿਣੇ ਜਾਂਦੇ ਹਨ। ਇਨ੍ਹਾਂ ਦਾ ਭੀ ਧਰਮ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।"।[1]

ਦਿਵਾਨੇ ਜ਼ਿਆਦਾ ਕਰਕੇ ਉਮਾਰ ਜਟਾਂ ਅਤੇ ਹੋਰ ਜਟਾਂ ਵਿਚੋਂ ਹਨ। ਇਹ ਆਮ ਕਰਕੇ ਗ੍ਰਹਸਤੀ ਹੁੰਦੇ ਹਨ। ਦੂਜੇ ਸਿਖਾਂ ਵਾਂਗ ਕੇਸ ਰਖਦੇ ਹਨ। ਗੱਲ ਵਿਚ ਮਾਲਾ ਪਹਿਨਦੇ ਹਨ।[2]

## ਅ. ਮਿਹਰਬਾਨ ਜੀ ਦੀ ਔਲਾਦ

ਮਿਹਰਬਾਨ ਜੀ ਦੇ ਤਿੰਨ ਪੁਤਰ ਸਨ। ਕਰਨ ਮਲ ਜਾਂ ਕਿਸ਼ਨ ਮਲ—ਇਨ੍ਹਾਂ ਦੀ ਔਲਾਦ ਬਟਾਲਾ ਜ਼ਿਲਾ ਗੁਰਦਾਸਪੁਰ ਅਤੇ ਬੁਤਾਲਾ ਜ਼ਿਲਾ ਅੰਮ੍ਰਿਤਸਰ ਕੋਲ ਰਹਿੰਦੀ ਹੈ।[3] ਚਤੁਰ ਭੁਜ ਦੀ ਔਲਾਦ ਹਰਨਪੁਰ ਜ਼ਿਲਾ ਜਿਹਲਮ (ਪਾਕਿਸਤਾਨ) ਵਿਚ ਰਹਿੰਦੀ ਸੀ। ਗਣੇਸ਼ ਦਾਸ ਵਡੇਹਰਾ ਦੇ ਕਥਨ ਅਨੁਸਾਰ ਇਸ ਦਾ ਨਾਂ ਹਰਨਪੁਰ ਸੋਢੀਆਂ ਪੈ ਗਿਆ ਸੀ। ਇਥੋਂ ਦਾ ਇਕ ਬਾਬਾ ਕੰਵਲ ਨੈਨ ਬ੍ਰਹਮਣ ਹੋਇਆ ਹੈ ਜਿਸ ਦਾ ਸਦਾ ਲੰਗਰ ਚਲਦਾ ਰਹਿੰਦਾ ਸੀ। ਹਰਨਪੁਰ ਸੋਢੀਆਂ ਦੇ ਘਰ ਵੀ ਹਰ ਵੇਲੇ ਮੁਸਾਫਰਾਂ ਨੂੰ ਰੋਟੀ ਪਾਣੀ ਮਿਲ ਜਾਂਦਾ ਸੀ।[4] ਮਹਾਰਾਜਾ ਰਣਜੀਤ ਸਿੰਘ ਨੇ ਹਰਨਪੁਰ ਦੇ ਸੋਢੀਆਂ ਨੂੰ ਜਾਗੀਰ ਦਿੱਤੀ ਹੋਈ ਸੀ। ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਤੋਂ ਪਿਛੋਂ ਹਰਨਪੁਰ ਦੇ ਸੋਢੀਆਂ ਦੀ ਜਾਗੀਰ ਦੀ ਵੰਡ ਅਸਿਸਟੈਂਟ ਰੈਜ਼ੀਡੈਂਟ ਨੇ ਕੀਤੀ।[5] ਇਸ ਜਾਗੀਰ ਦੀ ਵੰਡ ਸੰਬੰਧੀ ਫਾਰਸੀ ਹੱਥ ਲਿਖਤ "ਕਾਗਜ਼ਾਤ-ਇ-ਧਰਮ ਅਰਥ ਹਰਨਪੁਰ" (ਖਰੜਾ ਨੰਬਰ ਐਚ. ਐਚ. ਆਰ. 1279) ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸੁਰਖਿਅਤ ਹੈ।

ਮਿਹਰਬਾਨ ਜੀ ਨੇ ਆਪਣਾ ਉਤਰ-ਅਧਿਕਾਰੀ ਆਪਣੇ ਸਪੁਤਰ ਹਰਿ ਜੀ ਨੂੰ ਥਾਪਿਆ। ਆਪਣੇ ਪਿਤਾ ਦੇ ਦਿਹਾਂਤ (ਜਨਵਰੀ 1640) ਤੋਂ ਪਿਛੋਂ ਇਸ ਨੇ ਕਈ ਪੁਸਤਕਾਂ ਲਿਖੀਆਂ ਹਨ। ਇਤਿਹਾਸਕ ਪੱਖ ਤੋਂ ਇਸ ਦੀ ਸਭ ਤੋਂ ਵਿਸ਼ੇਸ਼ ਰਚਨਾ 'ਗੋਸ਼ਟਾਂ

---

1. ਮਹਾਂ ਕੋਸ਼, ਭਾਈ ਕਾਹਨ ਸਿੰਘ ਨਾਭਾ
2. ਗਲਾਸਰੀ—ਰੋਜ਼—ਜਿਲਦ ਦੂਜੀ ਪੰਨਾ 243
3. ਕਰਨ ਮਲ ਦੀ ਔਲਾਦ ਕੋਲ ਬੁਤਾਲੇ ਵਿਚੋਂ ਅੱਠ ਪਿੰਡ—ਜਲੂਪੁਰ, ਖੇੜੇ, ਸਾਹੂਵਾਲ, ਗੋਣ, ਗੜਾ, ਸੰਗਤਪੁਰਾ, ਝੰਡੇ, ਜਹੂਕੇ ਹਨ। ਵੇਖੋ ਸੋਢੀ ਮਿਹਰਬਾਨ ਦੇ ਖਾਨਦਾਨ ਦਾ ਸਜਰਾ—ਜਨਮ ਸਾਖੀ ਗੁਰੂ ਨਾਨਕ ਦੇਵ ਜੀ ਸੰਚੀ ਦੂਜੀ, ਖਾਲਸਾ ਕਾਲਜ, ਅੰਮ੍ਰਿਤਸਰ 1969, ਪੰਨਾ 80 ਅਤੇ ਭੂਮਿਕਾ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਸੰਚੀ ਪਹਿਲੀ,, ਖਾਲਸਾ ਕਾਲਜ, ਅੰਮ੍ਰਿਤਸਰ, 1962 ਪੰਨਾ VI
4. ਚਾਰ ਬਾਗ-ਇ-ਪੰਜਾਬ, ਗਨੇਸ਼ ਦਾਸ ਵਡੇਹਰਾ, ਸੰਪਾਦਤ ਕਿਰਪਾਲ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 166-167
5. ਏ ਕੇਟਾਲਾਗ ਆਫ ਪਰਸ਼ੀਅਨ ਐਂਡ ਸੰਸਕ੍ਰਿਤ ਮੈਨੂਸਕਰਿਪਟਸ, ਕਿਰਪਾਲ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਟ, ਪੰਨਾ 58

Digitized by Panjab Digital Library | www.panjabdigilib.org

ਮਿਹਰਵਾਨ ਜੀ ਕੀਆਂ ਹਨ। ਮਿਹਰਬਾਨ ਜੀ ਦਾ ਜੀਵਨ ਲਿਖਣ ਲਈ ਇਹ ਇਕੋ ਇਕ ਜਾਣਕਾਰੀ ਦਾ ਵਿਸ਼ੇਸ਼ ਸੋਮਾ ਹੈ ਜਿਵੇਂ ਕਿ ਮਿਹਰਬਾਨ ਜੀ ਦਾ ਜੀਵਨ ਉਲੀਕਣ ਵਾਲੇ ਅਧਿਆਇ ਤੋਂ ਸਪਸ਼ਟ ਹੁੰਦਾ ਹੈ।

ਮਿਹਰਬਾਨ ਦੇ ਦਿਹਾਂਤ ਤੋਂ ਪਿਛੋਂ ਹਰਿ ਜੀ ਕੁਝ ਸਮਾਂ ਤਾਂ ਆਪਣੇ ਪਿਤਾ ਦੇ ਬਣਾਏ ਡੇਰੇ ਮੁਹੰਮਦੀਪੁਰ, ਤਹਿਸੀਲ ਕਸੂਰ, ਜ਼ਿਲਾ ਲਾਹੌਰ (ਪਾਕਿਸਤਾਨ) ਵਿਚ ਰਹੇ ਅਤੇ ਫੇਰ ਅੰਮ੍ਰਿਤਸਰ ਆ ਗਏ।

ਗੁਰੂ ਹਰਿ ਗੋਬਿੰਦ ਜੀ ਨੇ ਰੋਪੜ ਦੀਆਂ ਪਹਾੜੀਆਂ ਵਿਚ ਕੀਰਤਪੁਰ ਆਬਾਦ ਕੀਤਾ। ਆਪ ਨੇ ਆਪਣੀ ਉਮਰ ਦੇ ਆਖਰੀ ਸਾਲ ਕੀਰਤਪੁਰ ਹੀ ਬਤਾਏ ਅਤੇ ਉਥੇ ਹੀ ਜੋਤੀ ਜੋਤ ਸਮਾਏ। ਗੁਰੂ ਹਰਿ ਰਾਏ ਜੀ ਵੀ ਜ਼ਿਆਦਾ ਸਮਾਂ ਕੀਰਤਪੁਰ ਹੀ ਰਹੇ ਤੇ ਉਥੇ ਹੀ ਜੋਤੀ ਜੋਤ ਸਮਾਏ। ਗੁਰੂ ਹਰਿ ਕ੍ਰਿਸ਼ਨ ਵੀ ਅੰਮ੍ਰਿਤਸਰ ਨਾ ਰਹੇ। ਗੁਰੂ ਤੇਗ਼ ਬਹਾਦਰ ਜੀ ਬਾਬੇ ਬਕਾਲੇ ਤਪ ਕਰਦੇ ਰਹੇ। ਇਸ ਤਰ੍ਹਾਂ ਅੰਮ੍ਰਿਤਸਰ ਜੋ ਸਿੱਖੀ ਦਾ ਕੇਂਦਰ ਬਣ ਗਿਆ ਸੀ ਖਾਲੀ ਹੋਣ ਕਰਕੇ ਹਰਿ ਜੀ ਅੰਮ੍ਰਿਤਸਰ ਆ ਗਏ ਅਤੇ ਕਾਫ਼ੀ ਸਮਾਂ ਦਰਬਾਰ ਸਾਹਿਬ ਦੀ ਸੇਵਾ ਕਰਦੇ ਰਹੇ। ਜਦੋਂ ਗੁਰੂ ਤੇਗ਼ ਬਹਾਦਰ ਜੀ ਬਾਬੇ ਬਕਾਲੇ ਤੋਂ ਅੰਮ੍ਰਿਤਸਰ ਦਰਸ਼ਨਾਂ ਨੂੰ ਆਏ ਉਸ ਸਮੇਂ ਭਾਵ 1664 ਈਸਵੀ ਹਰਿ ਜੀ ਦੇ ਨਿਯੁਕਤ ਸੇਵਾਦਾਰਾਂ ਨੇ ਗੁਰੂ ਜੀ ਨੂੰ ਦਰਬਾਰ ਸਾਹਿਬ ਨਹੀਂ ਸੀ ਜਾਣ ਦਿੱਤਾ। ਪਰ ਇਉਂ ਜਾਪਦਾ ਹੈ ਕਿ ਇਸ ਸਮੇਂ ਸੰਗਤਾਂ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਆਉਂਦੀਆਂ ਰਹੀਆਂ। ਸ਼ਹੀਦ ਬਿਲਾਸ ਵਿਚ ਲਿਖਿਆ ਹੈ :

ਕੇਤਕ ਕਾਲ ਬਤੀਤ ਭਏ ਪੁਨ, ਪੁਰ ਰਾਮਦਾਸ ਤੇ ਸੰਗਤ ਆਈ
ਦਰਸ਼ਨ ਕਰ ਦੁੱਖ ਦੂਰ ਭਏ ਸਬ, ਪਦ ਪੰਕਜ ਗੁਰ ਸੀਸ ਨਿਆਈ
ਦਵੈ ਕਰ ਜੋੜ ਪਲੂ ਗੜ ਡਾਕੇ ਹੇ ਜਗਦੀਸ ਸੁਨੋ ਬਿਨਤਾਈ
ਸੇਵਾ ਹਰੀ ਪ੍ਰਭ, ਚਾਚਾ ਜੀ ਆਪ ਕੇ 'ਹਰਿ ਜੀ' ਪ੍ਰਲੋਕ ਸਿਧਾਈ[1]

ਹਰਿ ਜੀ ਦਾ ਦਿਹਾਂਤ ਵਸਾਖ ਵਦੀ ਇਕਾਦਸੀ ਸੰਮਤ 1753 ਬਿਕਰਮੀ ਮੁਤਾਬਕ 17 ਅਪਰੈਲ 1696 ਈਸਵੀ ਨੂੰ ਸ੍ਰੀ ਅੰਮ੍ਰਿਤਸਰ ਹੋਇਆ।[2]

ਇਉਂ ਜਾਪਦਾ ਹੈ ਕਿ ਕੁਝ ਕਾਰਨਾਂ ਕਰਕੇ ਹਰਿ ਜੀ ਦੀ ਔਲਾਦ ਅੰਮ੍ਰਿਤਸਰ ਨਾ ਟਿਕ ਸਕੀ। ਹਰਿ ਜੀ ਦੇ ਤਿੰਨ ਪੁੱਤਰ ਸਨ—ਨਰਿੰਜਨ ਰਾਏ, ਹਰਿ ਗੋਪਾਲ ਅਤੇ ਕੰਵਲ ਨੈਨ। ਹਰਿ ਜੀ ਤੋਂ ਪਿਛੋਂ ਨਿਰੰਜਨ ਰਾਏ ਕੁਝ ਸਮਾਂ ਅੰਮ੍ਰਿਤਸਰ ਰਹੇ ਤੇ ਫੇਰ ਮਾਲਵੇ ਵਿਚ ਘਰਾਚੋਂ (ਮੌਜੂਦਾ ਜ਼ਿਲਾ ਪਟਿਆਲਾ ਭਵਾਨੀਗੜ ਕੋਲ ਹੈ) ਅਤੇ ਦਿਲਵਾਂ (ਮੌਜੂਦਾ ਤਹਿਸੀਲ ਫਰੀਦ ਕੋਟ ਜ਼ਿਲਾ ਫਰੀਦ ਕੋਟ ਵਿਚ ਹੈ), ਆ ਕੇ ਆਬਾਦ ਹੋ ਗਏ। ਨਰਿੰਜਨ

1. ਸ਼ਹੀਦ ਬਿਲਾਸ (ਭਾਈ ਮਨੀ ਸਿੰਘ) ਕ੍ਰਿਤ ਕਵੀ ਸੇਵਾ ਸਿੰਘ, ਸੰਪਦਾਤ ਗਰਜਾ ਸਿੰਘ ਗਿਆਨੀ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਪੰਨਾ 69

2. ਉਕਤ ਪੰਨਾ 69

Digitized by Panjab Digital Library | www.panjabdigilib.org

ਰਾਏ ਦਾ ਪੁੱਤਰ ਦਖਨੀ ਰਾਏ ਵੀ ਘਰਾਚੋਂ ਹੀ ਰਿਹਾ ।[1] ਘਰਾਚੋਂ ਵਿਚ ਦਖਨੀ ਰਾਏ ਦੀ ਔਲਾਦ ਦੇ ਸੋਢੀ ਵਸਦੇ ਹਨ । ਦਖਨੀ ਰਾਏ ਬਹੁਤ ਕਰਨੀ ਵਾਲੇ ਹੋਏ ਹਨ । ਇਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

ਔਰ 'ਰਾਇ ਦਖਣੀ, ਜੋ ਸੋਢੀਪਰ ਸਿੱਧ ਥੀਓ, ਤਾਂ ਕੀ ਬਖਸ਼ਸ ਕੇ ਜੋ ਸਾਧ ਹੈਂ, ਮਹਾਨੀਏ ।
ਨਗਰ 'ਘਰਾਚੋਂ', ਅਰ ਢਿਲਵਾਂ ਵਗੈਰੇ ਮਾਂਹਿ, ਡੇਰੇ ਇਸ ਕੇਰੇ ਹੈਂ ਬਧੇਰੇ ਜਗ ਜਾਨੀਏ ।25।

ਮਹਾਂ ਕੋਸ਼ ਵਿਚ ਭਾਈ ਕਾਹਨ ਸਿੰਘ ਜੀ ਨੇ ਲਿਖਿਆ ਹੈ ਕਿ ਆਪ ਨੂੰ ਰਿਆਸਤ ਪਟਿਆਲਾ ਵਲੋਂ ਕਪਿਆਲਾ ਅਤੇ ਬਟਰਿਆਲਾ ਜਾਗੀਰ ਵਿਚ ਮਿਲੇ ਸਨ । ਆਪ ਦਾ ਦਿਹਾਂਤ 1872 ਬਿਕਰਮੀ ਭਾਵ 1815 ਈਸਵੀ ਵਿਚ ਹੋਇਆ ।[2] ਦਖਨੀ ਰਾਏ ਦੇ ਚੇਲਿਆਂ ਵਿਚੋਂ ਬਾਬਾ ਬਿਸ਼ਨ ਸਰੂਪ ਬਹੁਤ ਤੇਜ ਪ੍ਰਤਾਪ ਵਾਲੇ ਹੋਏ ਹਨ ਜਿਨ੍ਹਾਂ ਸਿਖੀ ਦਾ ਬਹੁਤ ਪਰਚਾਰ ਕੀਤਾ ਹੈ ।[3]

ਹਰਿ ਜੀ ਦੇ ਸਭ ਤੋਂ ਛੋਟੇ ਪੁੱਤਰ ਕਵਲ ਨੈਨ ਜਿਨ੍ਹਾਂ ਨੂੰ ਕੌਲ ਸਾਹਿਬ ਵੀ ਕਿਹਾ ਜਾਂਦਾ ਹੈ, ਸਤਾਰਵੀਂ ਸਦੀ ਦੇ ਅਖੀਰਲੇ ਦਹਾਕੇ ਢਿਲਵਾਂ, ਮੌਜੂਦਾ ਤਹਿਸੀਲ ਫਰੀਦ ਕੋਟ, ਜ਼ਿਲਾ ਫਰੀਦਕੋਟ ਵਿਚ ਜਾ ਆਬਾਦ ਹੋਏ । ਇਸ ਤਰ੍ਹਾਂ ਨਰਿੰਜਨ ਰਾਏ ਦਾ ਘਰਾਚੋਂ ਅਤੇ ਕੰਵਲ ਨੈਨ ਦਾ ਢਿਲਵਾਂ ਅੰਮ੍ਰਿਤਸਰ ਛੱਡ ਕੇ ਜਾਣ ਦੇ ਕਾਰਨ ਜ਼ਿਆਦਾ ਰਾਜਸੀ ਜਾਪਦੇ ਹਨ । ਇਹ ਉਹ ਸਮਾਂ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਅਤੇ ਨਿਧਾਉਣ ਦੇ ਯੁਧ ਲੜ ਚੁਕੇ ਸਨ । ਪੰਜਾਬ ਦੇ ਪਹਾੜੀ ਇਲਾਕਿਆਂ ਵਿਚ ਹਲਚਲ ਮਚ ਗਈ ਸੀ । ਗੁਰੂ ਗੋਬਿੰਦ ਸਿੰਘ ਜੀ ਦੀ ਮੁਗਲੀਆ ਰਾਜ ਨਾਲ ਸਿੱਧੀ ਟੱਕਰ ਸੀ । ਇਨ੍ਹਾਂ ਹਾਲਤਾਂ ਵਿਚ ਲਾਹੌਰ ਦੀ ਰਾਜਧਾਨੀ ਨੇੜੇ ਅੰਮ੍ਰਿਤਸਰ ਵਿਚ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ । ਇਨ੍ਹਾਂ ਹਾਲਤਾਂ ਕਰਕੇ ਸ਼ਾਇਦ ਅੰਮ੍ਰਿਤਸਰ ਰਹਿਣਾ ਔਖਾ ਸੀ । ਜਿਵੇਂ ਸ਼ਹੀਦ ਬਿਲਾਸ ਵਿਚ

---

1. ਉਕਤ ਪੰਨਾ 69-70

ਹਰਿ ਜੀ, ਪਾਛੇ ਗਦੀ ਤੇ ਬਹਾਯੋ ਨਿਰੰਜਨ ਰਾਇ
ਬਲ ਘਟਿਯੋ ਹੈ ਏਸ ਕਾ ਸੰਗਤ ਸਾਥ ਨ ਕਾਇ ।੮੧।...
...ਦੇਸ ਮਾਲਵੇ ਜਾਂ ਵਸਯੋ ਰਾਇ ਨਿਰੰਜਨ ਆਇ
ਘਰਾਚੋ ਸੁਤ ਇਸ ਕਾ ਰਿਹਾ, ਨਾਮ ਦਖਨੀ ਰਾਇ ।੮੮।

2. ਮਹਾਂ ਕੋਸ਼ ਵਿਚ ਭਾਈ ਕਾਹਨ ਸਿੰਘ ਜੀ ਨੇ ਦਖਨੀ ਰਾਏ ਦੀ ਬੰਸਾਵਲੀ ਇਸ ਤਰ੍ਹਾਂ ਲਿਖੀ ਹੈ ਕਿ ਮਿਹਰਬਾਨ ਦਾ ਪੁੱਤਰ ਕਰਨ ਮਲ ਤੇ ਉਸ ਦਾ ਪੁੱਤਰ ਸੋਹਨ ਮਲ, ਸੋਹਨ ਮਲ ਦਾ ਪੁੱਤਰ ਨਿਰੰਜਨ ਰਾਏ ਅਤੇ ਨਿਰੰਜਨ ਰਾਏ ਦਾ ਪੁੱਤਰ ਦਖਨੀ ਰਾਏ । ਨਿਰੰਜਨ ਰਾਏ ਦਖਨੀ ਰਾਏ ਦੇ ਪਿਤਾ ਨੂੰ ਸੋਹਨ ਮਲ ਦਾ ਪੁਤਰ ਲਿਖਣਾ ਠੀਕ ਨਹੀਂ ਜਾਪਦਾ, ਕਿਉਂਕਿ ਸ਼ਹੀਦ ਬਿਲਾਸ ਦਾ ਕਰਤਾ ਸੇਵਾ ਸਿੰਘ ਨਰਿੰਜਨ ਰਾਏ ਨੂੰ ਹਰਿ ਜੀ ਦਾ ਪੁੱਤਰ ਦਸਦਾ ਹੈ ਜਿਵੇਂ ਕਿ ਅਸੀਂ ਦਸ ਆਏ ਹਾਂ । ਇਸ ਦੀ ਪੁਸ਼ਟੀ ਜਨਮ ਸਾਖੀ ਗੁਰੂ ਨਾਨਕ ਸੰਚੀ ਦੂਜੀ (ਖਾਲਸਾ ਕਾਲਜ ਅੰਮ੍ਰਿਤਸਰ) ਵਿਚ ਛਪੀ ਬੰਸਾਵਲੀ ਤੋਂ ਹੋ ਜਾਂਦੀ ਹੈ । 1849 ਈਸਵੀ ਵਿਚ ਜੀ. ਡੀ. ਕਨਿੰਘਮ ਨੇ ਮਿਹਰਬਾਨ ਦੀ ਉਲਾਦ ਦਾ ਪਤਾ ਕਰਕੇ ਲਿਖਿਆ ਸੀ ਕਿ ਕਰਨ ਮਲ ਦੀ ਔਲਾਦ ਬਟਾਲੇ ਕੋਲ ਰਹਿੰਦੀ ਹੈ । ਬਟਾਲੇ ਕੋਲ ਸੋਢੀਆਂ ਦੇ ਅੱਠ ਪਿੰਡ ਲਿਖੇ ਹਨ ਉਹ ਕਰਨ ਮਲ ਦੀ ਔਲਾਦ ਨੂੰ ਮਿਲੇ ਸਨ ।

3. 'ਸੋਢੀ ਦਖਨੀ ਰਾਇ ਕੇ' ਇਤਿਹਾਸਕ ਪਤ੍ਰ ਸੰਚੀ ਪੰਜ, ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ, 1953, ਪੰਨਾ 492-93 ।

Digitized by Panjab Digital Library | www.panjabdigilib.org

ਲਿਖਿਆ ਹੈ ਕਿ ਅੰਮ੍ਰਿਤਸਰ ਵਿਚ ਸੰਗਤ ਦਾ ਆਉਣਾ ਘੱਟ ਗਿਆ ਸੀ। ਇਸ ਲਈ ਕੰਵਲ ਨੈਨ ਢਿਲਵਾਂ ਆ ਕੇ ਆਬਾਦ ਹੋਏ।

ਚਮਕੌਰ ਦੀ ਲੜਾਈ ਪਿਛੋਂ ਗੁਰੂ ਗੋਬਿੰਦ ਸਿੰਘ ਜਦੋਂ ਢਿਲਵਾਂ ਗਏ ਤਾਂ ਕੰਵਲ ਨੈਨ ਗੁਰੂ ਜੀ ਨੂੰ ਮਿਲੇ ਅਤੇ ਗੁਰੂ ਜੀ ਨਾਲ ਗੋਸ਼ਟ ਕੀਤੀ। ਕੌਲ ਜੀ ਆਪਣੇ ਪਿਤਰਾਂ ਦਾ ਸਰਾਧ ਕਰ ਰਹੇ ਸਨ। ਗੁਰੂ ਜੀ ਨੇ ਸਮਝਾਇਆ ਕਿ "ਜੀਵਤ ਪਿਤਰ ਨ ਮਾਨੇ ਕੋਊ ਮੋਏ ਸਰਾਧ ਕਰਾਹੀ" ਵਾਲੀ ਭੇਡ ਚਾਲ ਛੱਡ ਦੇਣੀ ਚਾਹੀਦੀ ਹੈ। "ਗੁਰੂ ਰਾਮ ਦਾਸ ਜੀ ਦੀ ਸੰਤਾਨ, ਸਾਡੇ ਪਿਤਰ ਤਾਂ ਸਭ ਅਜੇਹੇ ਇਕੋ ਵਾਰੀ ਤ੍ਰਿਪਤ ਹੋਏ ਹੋਣੇ ਹਨ ਕਦੇ ਕਿਸੇ ਚੀਜ਼ ਦੀ ਉਨ੍ਹਾਂ ਨੂੰ ਲੋੜ ਨਹੀਂ ਹੁੰਦੀ।"

ਗੱਲ ਬਾਤ ਪਿਛੋਂ ਜਦੋਂ ਗੁਰੂ ਜੀ ਅਸਨਾਨ ਕਰਨ ਲਗੇ ਤਾਂ ਕੌਲ ਜੀ ਗੁਰੂ ਜੀ ਦਾ ਨੀਲਾ ਬਾਣਾ ਵੇਖ ਕੇ ਘਰ ਗਏ ਅਤੇ ਚਿਟਾ ਪੋਸ਼ਾਕਾ ਲੈ ਆਏ ਅਤੇ ਨਿਮਰਤਾ ਨਾਲ ਆਖਿਆ ਕਿ ਇਹ ਨੀਲੀ ਪੋਸ਼ਾਕ ਤੁਰਕੀ ਪਹਿਰਾਵਾ ਹੈ। ਤੁਸਾਨੂੰ ਨਹੀਂ ਸੋਭਦਾ ਤੁਸੀਂ ਚਿਟੀ ਪੋਸ਼ਾਕ ਪਹਿਨੋ। ਉਸ ਦਾ ਬਚਨ ਮੰਨ ਕੇ ਗੁਰੂ ਜੀ ਨੇ ਸਫ਼ੈਦ ਪੋਸ਼ਾਕ ਪਹਿਨ ਲਈ ਅਤੇ ਨੀਲੀ ਪੋਸ਼ਾਕ ਲਾਹ ਦਿੱਤੀ।[1]

ਕੌਲ ਜੀ ਦਾ ਪੁੱਤਰ ਅਭੈ ਚੰਦ ਸੋਢੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕ ਕੇ ਅਭੈ ਸਿੰਘ ਬਣਿਆ। ਸਾਖੀ ਪੋਥੀ ਵਿਚ ਲਿਖਿਆ ਹੈ "ਸੋਢੀ ਅਭੈ ਸਿੰਘ ਨੂੰ ਗੁਰੂ ਜੀ ਕਹਿੰਦੇ ਹੁੰਦੇ, ਇਹ ਭਾਂਡਾ ਸੁਧ ਹੈ ਵਸਤੂ ਪਾਵਨ ਵਾਲਾ ਹੈ।"[2]

ਹਰਿ ਜੀ ਦਾ ਤੀਸਰਾ ਪੁੱਤਰ ਹਰਗੋਪਾਲ ਹਰਿ ਜੀ ਦੇ ਦੇਹਾਂਤ ਪਿਛੋਂ ਮੁਹੰਮਦੀਪੁਰ, ਤਸੀਲ ਚੂਨੀਆਂ ਜ਼ਿਲਾ ਲਾਹੌਰ, ਮੁਹੰਮਦੀਪੁਰ ਹੀ ਰਹਿੰਦਾ ਰਿਹਾ। ਇਸ ਨਗਰ ਵਿਚ ਮਿਹਰਬਾਨ ਜੀ ਨੇ ਆਪਣੇ ਅੰਤਲੇ ਦਿਨ ਬਤਾਏ ਸਨ ਤੇ ਇਥੇ ਹੀ ਉਨ੍ਹਾਂ ਇਸ ਸੰਸਾਰ ਦੀ ਹੋਇਆ। ਜਦੋਂ ਯਾਤਰਾ ਸਮਾਪਤ ਕੀਤੀ ਸੀ। ਹਰਿ ਜੀ ਦਾ ਦਿਹਾਂਤ ਅੰਮ੍ਰਿਤਸਰ 1696 ਈਸਵੀ ਵਿਚ ਹਰਿ ਜੀ ਦੇ ਦੂਸਰੇ ਪੁੱਤਰ ਮਾਲਵੇ ਵਿਚ ਜਾ ਟਿਕੇ ਤਾਂ ਵੀ ਹਰਗੋਪਾਲ ਦੀ ਔਲਾਦ ਆਪਣੇ ਜਦੀ ਅਸਥਾਨ ਮੁਹੰਮਦੀਪੁਰ ਹੀ ਟਿਕੀ ਰਹੀ। ਪਰ ਅਠਾਰਵੀਂ ਸਦੀ ਈਸਵੀ ਦੇ ਮਧ ਵਿਚ ਪਜਾਬ ਦੀ ਰਾਜਨੀਤੀ ਵਿਚ ਇਕ ਬਹੁਤ ਵੱਡਾ ਤੂਫ਼ਾਨ ਆਇਆ। ਇਹ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਸਨ। ਹਰ ਦੂਜੇ ਜਾਂ ਤੀਜੇ ਸਾਲ ਅਹਿਮਦ ਸ਼ਾਹ ਪੰਜਾਬ ਤੇ ਭਾਰੀ ਫੌਜ ਲੈ ਕੇ ਆ ਜਾਂਦਾ ਅਤੇ ਪਿੰਡਾਂ ਵਿਚ ਲੁਟ ਮਾਰ ਕਰਕੇ ਜੋ ਉਸ ਦੇ ਹੱਥ ਲਗਦਾ, ਲੈ ਜਾਂਦਾ। ਜਿਸ ਰਸਤਿਓਂ ਉਸ ਦੇ ਆਉਣ ਦੀ ਸੂਹ ਪੈਂਦੀ ਪਿੰਡਾਂ ਦੇ ਪਿੰਡ ਹੀ ਖਾਲੀ ਹੋ ਜਾਂਦੇ। ਹੁਣ ਤਕ ਪੰਜਾਬੀ ਦੀ ਇਕ ਪ੍ਰਸਿੱਧ ਅਖੌਤ ਉਸ ਸਮੇਂ ਦੇ ਹਾਲਾਤ ਨੂੰ ਦਸਦੀ ਹੈ:

ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ

1757 ਅਤੇ 1758 ਈਸਵੀ ਦੇ ਦੋ ਸਾਲ ਸਿਖ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਰਖਦੇ ਹਨ। ਇਸ ਸਮੇਂ ਅਹਿਮਦ ਸ਼ਾਹ ਅਬਦਾਲੀ ਦਾ ਨਿਯੁਕਤ ਕੀਤਾ ਪੰਜਾਬ ਦਾ

---

1. ਤਵਾਰੀਖ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ, ਭਾਸ਼ਾ ਵਿਭਾਗ, ਪਟਿਆਲਾ, ਪੰਨਾ 1020
2. ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਪੰਨਾ 115

Digitized by Panjab Digital Library | www.panjabdigilib.org

ਗਵਰਨਰ ਉਸ ਦਾ ਆਪਣਾ ਪੁੱਤਰ ਤੈਮੂਰ ਸ਼ਾਹ ਨੇ ਆਪਣੇ ਸੈਨਾਪਤੀ ਜਹਾਨ ਖਾਂ ਦੀ ਸਹਾਇਤਾ ਨਾਲ ਸਿਖਾਂ ਤੇ ਬਹੁਤ ਜ਼ੁਲਮ ਢਾਹੇ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਢਾਹ ਦਿੱਤਾ, ਸਰੋਵਰ ਨੂੰ ਭਰ ਕੇ ਵਿਚ ਗੰਦ ਭਰ ਦਿੱਤਾ। ਇਸੇ ਸਮੇਂ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ। ਅਫ਼ਗਾਨ ਫੌਜਾਂ ਨੇ ਕਰਤਾਰਪੁਰ ਤੇ ਹਮਲਾ ਕੀਤਾ ਅਤੇ ਕਰਤਾਰਪੁਰ ਦੇ ਸੋਢੀ ਵਡਭਾਗ ਸਿੰਘ ਦੀ ਮਾਰ ਕੁਟਾਈ ਕੀਤੀ। ਵਡਭਾਗ ਸਿੰਘ ਨੂੰ ਕਰਤਾਰਪੁਰ ਛੱਡ ਕੇ ਦੂਰ ਜਾਣਾ ਪਿਆ।[1] ਇਸੇ ਸਮੇਂ ਜੀਵਨ ਮਲ ਜੋ ਹਰ ਗੋਪਾਲ ਦਾ ਪੋਤਾ ਸੀ, ਨੂੰ ਮੁਹੰਮਦੀਪੁਰ ਛੱਡਣਾ ਪਿਆ। ਜਦੋਂ ਅਫ਼ਗ਼ਾਨਾਂ ਦੇ ਕਾਰਦਾਰ ਨੇ ਸੋਢੀ ਜੀਵਨ ਮਲ ਨੂੰ ਮੁਹੰਮਦੀਪੁਰ ਵਿਚੋਂ ਕਢਣਾ ਚਾਹਿਆ ਤਾਂ ਉਸ ਵੇਲੇ ਉਹ ਸਤਲੁਜ ਦਰਿਆ ਪਾਰ ਕਰਕੇ ਫ਼ੀਰੋਜ਼ਪੁਰ ਦੇ ਇਲਾਕੇ ਵਿਚ ਆ ਗਏ। ਫ਼ੀਰੋਜ਼ਪੁਰ ਦੇ ਇਲਾਕੇ ਵਿਚ ਵਸਦੇ ਮੁਸਲਮਾਨ ਡੋਗਰ ਕੌਮ ਦੇ ਲੋਕਾਂ ਨੇ ਜੀਵਨ ਮਲ ਦਾ ਸੁਆਗਤ ਕੀਤਾ।

ਅਠਾਰਵੀਂ ਸਦੀ ਦੇ ਮਧਕਾਲ ਵਿਚ ਮੌਜੂਦਾ ਤਹਸੀਲ ਮੁਕਤਸਰ ਦਾ ਇਲਾਕਾ ਜੰਗਲ ਹੁੰਦਾ ਸੀ। ਇਸ ਇਲਾਕੇ ਦਾ ਕੁਝ ਹਿੱਸਾ ਬਰਾੜਾਂ ਕੋਲ ਸੀ ਜੋ ਉਸ ਸਮੇਂ ਤਕ ਸਿੱਖ ਬਣ ਗਏ ਸਨ ਅਤੇ ਕੁਝ ਇਲਾਕਾ ਡੋਗਰਾਂ ਕੋਲ ਸੀ, ਜੋ ਉਸ ਸਮੇਂ ਤਕ ਮੁਸਲਮਾਨ ਬਣ ਚੁਕੇ ਸਨ।[2] ਇਸ ਤਰ੍ਹਾਂ ਇਹ ਇਲਾਕਾ ਡੋਗਰਾਂ ਅਤੇ ਬਰਾੜਾਂ ਦੀਆਂ ਲੜਾਈਆਂ ਦਾ ਅਖਾੜਾ ਬਣਿਆ ਹੋਇਆ ਸੀ। ਜਦੋਂ ਜੀਵਨ ਮਲ ਸਤਲੁਜ ਪਾਰ ਕਰਕੇ ਇਸ ਇਲਾਕੇ ਵਿਚ ਵਸਣਾ ਚਾਹੁੰਦਾ ਸੀ ਤਾਂ ਉਸ ਵੇਲੇ ਡੋਗਰਾਂ ਦੇ ਮੁਖੀ ਸੁਲਤਾਨ ਨੇ ਜੀਵਨ ਮਲ ਨੂੰ ਆਪਣੇ ਕੋਲ ਰਖਿਆ। ਸੁਲਤਾਨ ਇਹ ਚਾਹੁੰਦਾ ਸੀ ਕਿ ਜੀਵਨ ਮਲ ਸੋਢੀ ਗੁਰੂ ਅੰਸ਼ ਵਿਚੋਂ ਹੋਣ ਕਰਕੇ ਸਿੱਖ ਬਰਾੜ ਨਾਲ ਆਪਣਾ ਅਸਰ ਰਸੂਖ ਵਰਤ ਕੇ ਡੋਗਰਾਂ ਅਤੇ ਬਰਾੜਾਂ ਵਿਚ ਸੁਲਾਹ ਕਰਵਾ ਦੇਵੇ। ਦੂਸਰੇ ਪਾਸੇ ਬਰਾੜ ਵੀ ਸੋਢੀ ਸਾਹਿਬ ਦਾ ਸਤਿਕਾਰ ਕਰਦੇ ਸਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਡੋਗਰਾਂ ਨੇ ਬਰਾੜਾਂ ਦੇ ਨਿਤ ਦੇ ਹੱਲਿਆਂ ਤੋਂ ਮੁਕਤ ਹੋਣ ਲਈ ਜੀਵਨ ਮਲ ਨੂੰ ਬਰਾੜਾਂ ਦੇ ਇਲਾਕੇ ਵਾਲੇ ਪਾਸੇ ਘੋੜਾ ਫੇਰ ਕੇ ਜ਼ਮੀਨ ਵਲਣ ਲਈ ਪਰੇਰਿਆ। ਜੀਵਨ ਮਲ ਨੇ ਬਹੁਤ ਸਾਰੀ ਜ਼ਮੀਨ ਜੋ ਡੋਗਰਾਂ ਅਤੇ ਬਰਾੜਾਂ ਦੇ ਵਿਚਕਾਰ ਸੀ ਤੇ ਕਬਜ਼ਾ ਕਰਕੇ ਆਪਣੇ ਵਡੇ ਪੁੱਤਰ ਹਰਿ ਸਹਾਏ ਦੇ ਨਾਂ ਤੇ ਪਿੰਡ ਗੁਰੂ ਹਰ ਸਹਾਏ ਆਬਾਦ ਕੀਤਾ। ਇਸ ਤਰ੍ਹਾਂ ਆਪਣੇ ਪਿਤਾ ਦੇ ਦਿਹਾਂਤ ਪਿਛੋਂ ਹਰਿ ਸਹਾਏ ਦਾ ਰਸੂਖ਼ ਇਲਾਕੇ ਵਿਚ ਬਣਿਆ ਰਿਹਾ। ਜਦੋਂ ਇਸ ਇਲਾਕੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਇਆ ਤਾਂ ਉਸ ਨੇ ਹਰਿ ਸਹਾਏ ਦੇ ਸੋਢੀਆਂ ਦੀ ਜਗੀਰ ਕਾਇਮ ਰਖੀ। ਇਸ ਤਰ੍ਹਾਂ ਇਸ ਖਾਨਦਾਨ ਦੇ ਬਹੁਤ ਸਾਰੇ ਆਦਮੀ ਮਹਾਰਾਜਾ ਦੀ ਫੌਜ ਵਿਚ ਭਰਤੀ ਹੋ ਕੇ ਨਾਮਣਾ ਖਟਦੇ ਰਹੇ।[3]

ਗੁਰੂ ਹਰਿ ਸਹਾਏ ਜ਼ਿਲਾ ਫ਼ੀਰੋਜ਼ਪੁਰ ਦਾ ਇਕ ਪ੍ਰਸਿੱਧ ਨਗਰ ਮੰਨਿਆ ਜਾਂਦਾ ਹੈ। ਜੀਵਨ ਮਲ ਦੀ ਔਲਾਦ ਇਥੇ ਰਹਿੰਦੀ ਹੈ। ਇਥੇ ਦਾ ਗੁਰਦੁਆਰਾ 'ਪੋਥੀ ਮਾਲਾ' ਬਹੁਤ

1. ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ਖਾਲਸਾ ਸਮਾਚਾਰ ਅੰਮ੍ਰਿਤਸਰ 1939, ਪੰਨਾ 323
2. ਗਲਾਸਰੀ ਆਫ ਟਰਾਈਬਜ਼, ਰੋਜ਼, ਜਿਲਦ ਦੂਜੀ ਪੰਨਾ 244–46
3. ਚੀਫਜ਼ ਐਂਡ ਫੈਮੋਲੀਜ਼ ਆਫ ਨੋਟ ਗ੍ਰਿਫਿਨ, ਜਿਲਦ ਪਹਿਲੀ ਲਹੌਰ, 1940, ਪੰਨਾ 234–35.

Digitized by Panjab Digital Library | www.panjabdigilib.org

ਪ੍ਰਸਿੱਧ ਹੈ ਅਤੇ ਦੂਰ ਦੂਰ ਤੋਂ ਲੋਕ ਦਰਸ਼ਨਾਂ ਨੂੰ ਆਉਂਦੇ ਹਨ। ਪੋਥੀ ਬਹੁਤ ਪੁਰਾਣੀ ਦਸੀ ਜਾਂਦੀ ਹੈ ਅਤੇ ਇਸ ਪੋਥੀ ਵਿਚ ਜਪੁਜੀ ਸਾਹਿਬ, ਸੁਖਮਨੀ ਸਾਹਿਬ ਅਤੇ ਕੁਝ ਹੋਰ ਬਾਣੀ ਅੰਕਤ ਹੈ। ਮਾਲਾ ਵੀ ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਦੱਸੀ ਜਾਂਦੀ ਹੈ। ਵਸਾਖੀ ਵਾਲੇ ਦਿਨ ਪੋਥੀ ਅਤੇ ਮਾਲਾ ਦੇ ਦਰਸ਼ਨ ਕਰਵਾਏ ਜਾਂਦੇ ਹਨ।

## ਉਤਰਾਧਿਕਾਰੀਆਂ ਦਾ ਸਾਹਿਤ

### (ੳ) ਉਤਰਾਧਿਕਾਰੀਆਂ ਦੇ ਛਪੇ ਗ੍ਰੰਥ :

ਮਿਹਰਬਾਨ ਜੀ ਦੇ ਉਤਰਾਧਿਕਾਰੀਆਂ ਦੇ ਲਿਖੇ ਗ੍ਰੰਥਾਂ ਵਿਚੋਂ ਦੋ ਗ੍ਰੰਥ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਸੰਪਾਦਤ ਕੀਤੇ ਹਨ ਅਤੇ 1969 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਹੋਏ ਹਨ। ਇਹ ਜਨਮ ਸਾਖੀ ਮਿਹਰਬਾਨ ਜਿਲਦ ਦੂਜੀ ਵਿਚ ਛਪੇ ਹਨ। ਕ੍ਰਮਵਾਰ ਇਹ ਦੋ ਗ੍ਰੰਥ ਪੋਥੀ ਹਰਿ ਜੀ ਅਤੇ ਪੋਥੀ ਚਤਰ ਭੁਜ ਹਨ।

**1. ਪੋਥੀ ਹਰਿ ਜੀ :**

ਪੋਥੀ ਹਰਿ ਜੀ ਦੇ ਅੰਤ ਵਿਚ ਲਿਖਿਆ ਹੈ :

"ਆਦਿ ਪੋਥੀ ਸਚ ਖੰਡ" 167 ਗੋਸ਼ਟਾਂ ਇਕ ਸਉ ਸਤਾਹਟਿ ਗੋਸ਼ਟੀ ਕੀ ਦੁਹਾਂ ਪੋਥੀਆਂ ਕੀਆਂ ਗੋਸ਼ਟੀ '228' ਸੰਮਤਿ 1707 ਭਾਦਵ ਵਦੀ 7 ਆਇਤਵਾਰ ਮੁਹੰਮਦੀਪੁਰ ਹਰਿ ਜੀ ਪੋਥੀ ਸੰਪੂਰਨ ਹੋਈ। ਗੋਸਟੀ 61 ਭਾਈ ਕੇਸੋ ਦਾਸ ਬ੍ਰਹਮਨ ਦੀ ਅਖਰੀ ਲਿਖੀ ਗੁਰੂ ਮਨਸਾ ਪੂਰੀ ਕੀਤੀ। ਇਹ ਤਿਸ ਪੋਥੀ ਉਪਰਹੁ ਉਤਾਰੁ ਕੀਤਾ। ਸੰਮਤ 1837 ਵਰਖੇ ਮਾਹ ਮਿਤੀ ਹਾੜ, 10, ਵਾਰ ਹਰਿ ਜੀ ਪੋਥੀ ਸੰਪੂਰਨ ਹੋਈ ਬੋਲੋ ਵਾਹਿਗੁਰੂ। 1885"

ਇਸ ਟੂਕ ਤੋਂ ਸਪਸ਼ਟ ਹੈ ਕਿ ਹਰਿ ਜੀ ਨੇ ਇਹ ਪੋਥੀ ਮੁਹਮਦੀਪੁਰ ਜ਼ਿਲਾ ਲਾਹੌਰ ਵਿਚ 1650 ਈਸਵੀ ਵਿਚ ਗੁਰ ਹਰਿ ਰਾਏ ਜੀ ਦੇ ਸਮੇਂ ਲਿਖੀ ਸੀ। ਇਸ ਦਾ ਇਕ ਉਤਾਰਾ 1837 ਬਿਕਰਮੀ ਭਾਵ 1780 ਈਸਵੀ ਵਿਚ ਹੋਇਆ। ਫੇਰ ਇਸ ਤੋਂ ਇਕ ਉਤਾਰਾ 1885 ਬਿਕਰਮੀ ਭਾਵ 1827 ਈਸਵੀ ਵਿਚ ਹੋਇਆ। ਪ੍ਰਕਾਸ਼ਤ ਪੋਥੀ 1885 ਬਿਕਰਮੀ ਵਾਲੇ ਖਰੜੇ ਦਾ ਉਤਾਰਾ ਹੈ।[1]

ਹਰਿ ਜੀ ਪੋਥੀ ਵਿਚ ਜਪੁਜੀ ਸਾਹਿਬ ਦੇ ਰਚਨ ਅਤੇ ਪਉੜੀਆਂ ਦੀ ਤਰਤੀਬ ਦਾ ਵਿਕਾਸ, ਪਰਮਾਰਥ ਅਤੇ ਮਹਾਤਮ ਦਿੱਤੇ ਹਨ। ਬਾਰਾਂ ਮਾਹ ਤੁਖਾਰੀ, ਸਿੱਧ ਗੋਸ਼ਟ, ਗੁਰੂ ਨਾਨਕ ਸਾਹਿਬ ਦੀ ਆਸਾ ਪਟੀ, ਰਾਮਕਲੀ ਦਖਨੀ ਓਅੰਕਾਰ ਦੇ ਉਥਾਨਕਾ ਅਤੇ ਪਰਮਾਰਥ ਵਿਸਥਾਰ ਨਾਲ ਦੱਸੇ ਹਨ। ਹਰਿ ਜੀ ਤੋਂ ਪਹਿਲਾਂ ਦੇ ਲਿਖੇ ਇਨ੍ਹਾਂ ਬਾਣੀਆਂ ਦੇ ਪਰਮਾਰਥ ਨਹੀਂ ਮਿਲਦੇ। ਹਰਿ ਜੀ ਨੇ ਗੁਰੂ ਨਾਨਕ ਸਾਹਿਬ ਦੀਆ ਲੰਮੇਰੀਆਂ ਬਾਣੀਆਂ ਦੇ ਅਰਥ ਅਤੇ ਵਿਆਖਿਆ ਕਰਕੇ ਇਕ ਪਰੰਪਰਾ ਦਾ ਮੁਢ ਬੰਨਿਆ, ਜੋ ਹੁਣ ਤਕ ਚਲਦੀ ਆ ਰਹੀ ਹੈ। ਇਕ ਸੌ ਤੋਂ ਵਧ ਗੁਰੂ ਨਾਨਕ ਸਾਹਿਬ ਦੀ ਪਰਮੁਖ ਬਾਣੀ ਜਪੁਜੀ ਸਾਹਿਬ ਦੇ ਟੀਕੇ ਲਿਖੇ ਗਏ ਹਨ। ਹਰਿ ਜੀ ਨੇ ਜਪੁਜੀ ਸਾਹਿਬ ਦੀ ਤਰਤੀਬ ਬਾਰੇ ਜੋ ਜਾਣਕਾਰੀ ਦਿਤੀ ਹੈ, ਉਹ

---

1. ਵਿਸਥਾਰ ਲਈ ਵੇਖੋ ਇਨ੍ਹਾਂ ਸਤਰਾ ਦੇ ਲਿਖਾਰੀ ਦਾ ਲੇਖ "ਵਿਸ਼ੇਸ਼ ਜਾਣਕਾਰੀ" ਜਨਮ ਸਾਖੀ ਗੁਰੂ ਨਾਨਕ ਭਾਗ ਦੂਜਾ ਪੰਨਾ 73-74

Digitized by Panjab Digital Library | www.panjabdigilib.org

ਬਹੁਤ ਮਹਾਨਤਾ ਰਖਦੀ ਹੈ । ਇਸ ਤੋਂ ਗੁਰੂ ਅੰਗਦ ਸਾਹਿਬ ਦੀ ਪ੍ਰਭਤਾ ਅਤੇ ਆਤਮ ਉਚਤਾ ਦਾ ਅਨੁਭਵ ਹੁੰਦਾ ਹੈ । "ਸ੍ਰੀ ਜਪੁ ਜੀ ਸਾਹਿਬ ਦਾ ਉਚਾਰਨ ਅਤੇ ਤਰਤੀਬ" ਵਾਲੀ ਗੋਸ਼ਟ ਵਿਚ ਲਿਖਿਆ ਹੈ :—

"ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ, ਨਗਰਿ ਕਰਤਾਰ ਪੁਰ ਬੈਠਾ ਥਾ, ਅਰ ਦਰਗਹ ਪਰਮੇਸਰ ਕੀ ਬੁਲਾਇਆ । ਤਬ ਫੇਰਿ ਹੁਕਮ ਪਰਮੇਸਰ ਕਾ ਲੈ ਕੇ ਇਸ ਜਹਾਨ ਵਿਚਿ ਆਇਆ । ਤਬ ਇਕਸੁ ਅੰਗਦ ਸਿਖ ਨੋ ਬੁਲਾਇ ਕਰ ਗੁਰੂ ਬਾਬੇ ਨਾਨਕ ਜੀ ਕਹਿਆ, ਜਿ ਪੁਰਖਾ ਅੰਗਦਾ, ਸ੍ਰੀ ਪਾਰਬ੍ਰਹਮ ਕੀ ਆਗਿਆ ਹੋਈ ਹੈ ਜਿ ਮੇਰੀ ਸਿਫ਼ਤ ਕਰਨੀ ਅਰ ਲੋਕਾਂ ਤੇ ਭੀ ਕਰਾਵਣੀ । ਪੁਰਖਾ ਅੰਗਦਾ! ਉਪਦੇਸੁ ਸੁ ਧਰਮ ਦ੍ਰਿੜਾਵਣਾ । ਨਾਮ, ਦਾਨ, ਇਸਨਾਨ, ਦੈਆ, ਧਰਮ, ਸੰਤੋਖ, ਸੀਲ ਕਮਾਵਣਾ । ਗ੍ਰਸਤ ਬੈਰਾਗ ਖੋਲਣਾ ਪਾਰਬ੍ਰਹਮ ਕੀ ਐਸੀ ਆਗਿਆ ਹੈ ।.........ਤਬ ਗੁਰੂ ਬਾਬਾ ਨਾਨਕ ਪਰਮੇਸੁਰ ਪਾਰਬ੍ਰਹਮ ਕੀ ਉਸਤਿਤ ਸਿਫਤਿ ਸਲਾਹ ਕਾ ਜਾਪ ਕੀਤਾ ਸੰਸਾਰ ਪਾਪੀ ਨਿਸਤਾਰਨ ਕੇ ਤਾਈ । ਤਾਂ ਫਿਰਿ ਗੁਰੂ ਬਾਬਾ ਨਾਨਕ ਜੀ ਆਗਿਆ ਪਰਮੇਸੁਰ ਨਾਲਿ ਬੋਲਿਆ ਜਿ :—

ਆਦਿ ਸਚੁ ਜੁਗਾਦ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

ਇਹ ਸਲੋਕ ਮੁਢੁ ਜਪ ਦਾ ਗੁਰੂ ਬਾਬੇ ਨਾਨਕ ਜੀ ਰਖਿਆ । ਫਿਰਿ ਅੰਗਦ ਸਿਖ ਕਉ ਆਗਿਆ ਕੀਤੀਅੰਨ ਜਿ ਪੁਰਖਾ ! ਤੂੰ ਜਿ ਹੈ ਸਿਹਵੈ ਹਾਂ ਜਿਥੇ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੈਨਿ ਸਿ ਤੂੰ ਓਇ ਸਲੋਕ ਸ਼ਬਦ ਲੈ ਕੇ ਸੋਦਰਹੁ ਸਭ ਏਸੇ ਜਪ ਵਿਚਿ ਆਣਿ ਆਇ ਬਣਾਇ ਅਤੇ ਮੈਨੂੰ ਸੁਣਾਇਦਾ ਜਾਹਿ...ਜਿਉ ਜਿਉ ਉਤਮ ਪਉੜੀਆਂ ਸਨਿ ਪਾਰਬ੍ਰਹਮ ਦੀ ਸਿਫ਼ਤ ਸਲਾਹ ਦੀਆਂ ਤਿਉ ਤਿਉ ਬਾਬੇ ਨਾਨਕ ਦੇ ਹਜੂਰਿ ਅੰਗਦ ਸਿਖ ਬਣਾਇ ਬਣਾਇ ਚੁਣਿ ਚੁਣਿ ਬਾਬੇ ਨਾਨਕ ਜੀ ਨੂੰ ਸੁਣਾਇਦਾ ਜਾਇ । ਅਗਿਆਹੁ ਗੁਰੂ ਬਾਬਾ ਆਖੇ "ਹਾਂ ਸਾਬਾਸਿ ਪੁਰਖਾ । ਇਹ ਏਥਾਉ ਹੈ ਪਾਉੜੀ ਇਹ ਏਥਾਊ ਬਣਦੀ ਹੈ...ਬਾਣੀ ਤਾਂ ਸਭ ਗੁਰੂ ਬਾਬੇ ਦੇ ਮੁਖ ਕੀ ਪਰ ਬੁਲਾਵਣੇ ਅੰਗਦ ਸਿਖ ਦੇ ਵਿਚਿ, ਗੁਰੂ ਬਾਬਾ ਨਾਨਕ ਜੀ ਖੁਸ਼ੀ ਹੋਇ ।.........ਤਾਂ ਗੁਰੂ ਬਾਬੇ ਨਾਨਕ ਆਪਨਾ ਖਜਾਨਾ ਅੰਗਦ ਸਿਖ ਦੇ ਹਵਾਲੇ ਕੀਆ । ਕਹਿ ਓਸੁ ਜਿ ਪੁਰਖਾ ਹਾਂ ਹੁਣ ਤੂ ਜਪੁ ਰਚਿ ਸਿਫ਼ਤਿ ਪਾਰਬ੍ਰਹਮ ਦੀ । ਤਾਂ ਗੁਰੂ ਬਾਬੇ ਨਾਨਕ ਦੇ ਹਜੂਰਿ ਗੁਰੂ ਅੰਗਦੁ ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜ ਬੰਧਿਆ । ਜਪੁ ਕਾ ਜੋੜ ।38। ਅਠਤ੍ਰੀਹ ਪਉੜੀਆਂ ਸਾਰੀ ਬਾਣੀ ਵਿਚ ਹੁ ਮਥਿ ਕਢਿਆ, ਡਿਉ ਦਹੀ ਵਿਚਹੁ ਮਖਣੁ ਮਥਿ ਕਢੀਦਾ ਹੈ ।.........ਤਬ ਅੰਗਦ ਸਿਖ ਕਉ ਗੁਰੂ ਬਾਬੇ ਆਗਿਆ ਕਰੀ, ਜਿ ਪੁਰਖ ਇਹੁ ਜਿ ਜਪੁ ਸਿਫਤ ਪਰਮੇਸਰ ਦੀ ਹੈ, ਸੁ ਹੁਣ ਤੂ ਪੜ, ਪਾਰਬ੍ਰਹਮ ਦੀ ਆਗਿਆ ਹੈ...ਤਬ ਅੰਗਦ ਸੇਵਕ ਆਸਾ, ਗੁਜਰੀ ਰਾਗ ਮਹਿ ਜਪੁ ਲੈ ਉਠਿਆ, ਲਾਗਾ ਪੜਨੇ ਆਦਿ ਬੀਜ ਮੰਤ੍ਰ ਜਪ ਦਾ" ।[1]

ਵਲਾਇਤ ਵਾਲੀ ਜਨਮ ਸਾਖੀ ਵਿਚ ਵੀ ਲਿਖਿਆ ਹੈ "ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ"[2] । ਸੋ ਗੁਰੂ ਅੰਗਦ ਸਾਹਿਬ ਜਪੁ ਜੀ

---

1. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਚੀ ਦੂਜੀ, ਸਿਖ ਹਿਸਟ੍ਰੀ ਰੀਸਰਚ ਡੀਪਾਰਟਮੈਂਟ ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 248-250 ।
2. ਪੁਰਾਤਨ ਜਨਮ ਸਾਖੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1948, ਸਫ਼ਾ 132 ।

Digitized by Panjab Digital Library | www.panjabdigilib.org

ਦੀਆਂ ਪਉੜੀਆਂ ਨੂੰ ਤਰਤੀਬ ਦਿਤੀ। ਅਖੀਰ ਤੇ ਗੁਰੂ ਅੰਗਦ ਸਾਹਿਬ ਨੇ ਆਪਣਾ ਸ਼ਲੋਕ ਲਿਖ ਕੇ ਮੋਹਰ ਲਾ ਦਿੱਤੀ ਕਿਉਂਕਿ ਸਲੋਕ 'ਪਵਨ ਗੁਰੂ ਪਾਣੀ ਪਿਤਾ'' ਮਾਝ ਰਾਗ ਵਿਚ ਗੁਰੂ ਅੰਗਦ ਸਾਹਿਬ ਦਾ ਸਲੋਕ ਲਿਖਿਆ ਹੈ।

ਜਪੁਜੀ ਸਾਹਿਬ ਦਾ ਕਰਤਾਰਪੁਰ ਉਚਾਰਿਆ ਜਾਣਾ ਭਾਈ ਗੁਰਦਾਸ ਜੀ ਨੇ ਵੀ ਮੰਨਿਆ ਹੈ। 38ਵੀਂ ਪਉੜੀ ਵਿਚ ਲਿਖਿਆ ਹੈ :

ਸੋਦਰ ਆਰਤੀ ਗਾਵੀਐ, ਅੰ-ਮ੍ਰਿਤ ਵੇਲੇ ਜਾਪ ਉਚਾਰਾ

ਜਪੁਜੀ ਸਾਹਿਬ ਅੰਮ੍ਰਿਤ ਵੇਲੇ ਦੀ ਬਾਣੀ ਸੀ ਜੋ ਕਰਤਾਰਪੁਰ ਗੁਰੂ ਨਾਨਕ ਸਾਹਿਬ ਦੇ ਸਮੇਂ ਵੀ ਅੰਮ੍ਰਿਤ ਵੇਲੇ ਪੜ੍ਹੀ ਜਾਂਦੀ ਸੀ।

ਪੋਥੀ ਹਰਿ ਜੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਪ੍ਰਸਿੱਧ ਰਚਨਾ ਸਿੱਧ ਗੋਸਟ ਦਾ ਉਚਾਰਨ ਅਚਲ ਵਟਾਲੇ ਹੋਇਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਸਾਹਿਬ ਪਿਛਲੀ ਉਮਰ ਵਿਚ ਕਰਤਾਰਪੁਰ ਤੋਂ ਅਚਲ ਵਟਾਲੇ ਗਏ। ਜੇਕਰ ਭਾਈ ਗੁਰਦਾਸ ਜੀ ਦੀ ਵਾਰ ਪਹਿਲੀ ਦੀ 39 ਤੋਂ 43 ਪਉੜੀ ਦਾ ਮੁਕਾਬਲਾ ਸਿੱਧ ਗੋਸ਼ਟ ਦੇ ਪਹਿਲੇ 20 ਪਦਿਆਂ ਨਾਲ ਕਰੀਏ ਤਾਂ ਪਤਾ ਲ਼ਗਦਾ ਹੈ ਕਿ ਸਿਧ ਗੋਸਟ ਵਿਚ ਮੁਖ ਬੁਲਾਰੇ ਚਰਪਟ ਨਾਥ ਤੇ ਲੋਹਾਰੀਪਾ ਹਨ। ਪਰ ਅਚਲ ਵਟਾਲੇ ਦੀ ਗੋਸਟ ਵਿਚ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਭੰਗਰ ਨਾਥ ਹੀ ਵਡਾ ਝਗੜਾਲੂ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਸਿੱਧ ਗੋਸ਼ਟ ਸਭ ਤਰ੍ਹਾਂ ਦੇ ਸਿੱਧਾਂ ਨਾਲ ਗੋਸਟ ਕਰਨ ਤੋਂ ਪਿਛੋਂ ਉਚਾਰੀ ਹੈ ਅਤੇ ਸਭ ਥਾਵਾਂ ਤੇ ਹੋਈ ਗੋਸਟ ਦੇ ਅੰਸ਼ ਇਸ ਵਿਚ ਆ ਗਏ ਹਨ।

ਪੋਥੀ ਹਰਿ ਜੀ ਅਨੁਸਾਰ ਕਰਤਾਰਪੁਰ ਵਿਚ ਉਚਾਰੀਆਂ ਬਾਣੀਆਂ ਜਪੁਜੀ ਸਾਹਿਬ, ਆਸਾ ਪਟੀ, ਰਾਮਕਲੀ ਦਖਨੀ ਓਅੰਕਾਰ, ਸਿੱਧ ਗੋਸਟ ਹਨ। ਪੁਰਾਤਨ ਜਨਮ ਸਾਖੀ ਵਿਚ ਪਾਂਧਾ ਪਟੀ ਦੂਸਰੀ ਸਾਖੀ ਹੈ ਤੇ ਉਸ ਵਿਚ ਲਿਖਿਆ ਹੈ "ਜਬ ਬਾਬਾ ਬਰਸਾਂ ਸਤਾਂ ਕਾ ਹੋਇਆ ਤਬ ਕਾਲੂ ਕਹਿਆ ਨਾਨਕ ਤੂ ਪੜ੍ਹੁ। ਤਬ ਗੁਰੂ ਨਾਨਕ ਕਉ ਪਾਧੇ ਪਾਸ ਲੈ ਗਇਆ। ਕਾਲੂ ਕਹਿਆ ਪਾਧੇ ਇਸ ਨੂੰ ਪੜ੍ਹਾਇ ਤਬ ਪਾਂਧੇ ਪਟੀ ਲਿਖ ਦਿਤੀ। ਅਖਰਾਂ ਪੈਤੀਸ ਕੀ ਮੁਹਾਰਨੀ। ਤਬ ਗੁਰੂ ਨਾਨਕ ਲਗਾ ਪੜ੍ਹਣ ਰਾਗ ਆਸਾ ਵਿਚ ਪਟੀ ਮਹਲਾ ੧ ਆਦਿ ਬਾਣੀ ਹੋਈ'' ਪਰ ਪੱਟੀ ਦੀ ਅੰਤਰ ਗਤ ਵਿਚਾਰ ਉਸਾਰੀ ਸਿੱਧ ਕਰਦੀ ਹੈ ਕਿ ਇਹ ਰਚਨਾ ਪਿਛਲੇਰੀ ਉਮਰ ਦੀ ਹੈ ਬਾਲ ਅਵਸਥਾ ਦੀ ਨਹੀਂ। ਇਹ ਤੁਕਾਂ ਵਿਸ਼ੇਸ਼ ਕਰਕੇ ਪਿਛਲੇਰੀ ਉਮਰ ਵਿਚ ਰਚੇ ਜਾਣਾ ਸਿੱਧ ਕਰਦੀਆਂ ਹਨ :

ਗਲੀ ਹਉ ਸੋਹਾਗਣਿ ਭੈਣੇ ਕੰਤ ਨ ਕਬਹੂ ਮੈਂ ਮਿਲਿਆ...——

ਜੋ ਮੈਂ ਕੀਆ ਸੋ ਮੈਂ ਪਾਇਆ ਦਸੋ ਨ ਦੀਜੈ ਅਵਰ ਜਨਾ———

ਪੋਥੀ ਹਰਿ ਜੀ ਸਾਹਿਤਕ ਤੌਰ ਤੇ ਇਤਿਹਾਸਕ ਤੌਰ ਤੇ ਅਤੇ ਧਾਰਮਕ ਪੱਖ ਤੇ ਸਿਖ ਸਾਹਿਤ ਵਿਚ ਵਿਸ਼ੇਸ਼ ਸਥਾਨ ਰਖਦੀ ਹੈ।

(2) **ਪੋਥੀ ਚਤਰਭੁਜ ;**

ਪੋਥੀ ਹਰਿ ਜੀ ਅਤੇ ਪੋਥੀ ਚਤੁਰ ਭੁਜ ਦੋ ਵੱਖ ਵੱਖ ਲਿਖਤਾਂ ਹਨ ਭਾਵੇਂ ਇਹ ਦੋਵੇਂ ਗੁਰੂ ਨਾਨਕ ਸਾਹਿਬ ਜੀ ਜਨਮ ਸਾਖੀ ਦੇ ਅੰਗ ਹਨ। ਦੋਹਾਂ ਦਾ ਵਿਸ਼ਾ ਗੁਰੂ ਨਾਨਕ ਸਾਹਿਬ ਦੇ ਕਰਤਾਰਪੁਰ ਵਿਚ ਰਹਿੰਦੇ ਜੀਵਨ ਨੂੰ ਦਰਸਾਉਣਾ ਹੈ। ਪੋਥੀ ਹਰਿ ਜੀ ਦੀਆਂ

Digitized by Panjab Digital Library | www.panjabdigilib.org

ਇੱਕਾਹਠ ਗੋਸ਼ਟਾਂ ਵਿਚੋਂ ਤਰੀਹ ਗੋਸ਼ਟਾਂ ਵਿਚ ਕਰਤਾਰਪੁਰ ਦਾ ਨਾਂ ਆਉਂਦਾ ਹੈ ਅਤੇ ਪੋਥੀ ਚਤੁਰ ਭੁਜ ਵਿਚ ਚਹੱਤਰ ਗੋਸ਼ਟਾਂ ਵਿੱਚੋਂ ਪੰਜਾਹ ਤੋਂ ਉਤੇ ਗੋਸ਼ਟਾਂ ਕਰਤਾਰਪੁਰ ਹੋਈਆਂ ਦਸੀਆਂ ਹਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਰਚਨਾਵਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਕਰਤਾਰਪਰ ਰਹਿਣ ਦੇ ਹਾਲ ਮਿਲਦੇ ਹਨ। ਪੁਰਾਤਨ ਜਨਮ ਸਾਖੀ ਅਤੇ ਬਾਲੇ ਵਾਲੀ ਜਨਮ ਸਾਖੀ ਵਿੱਚ ਗੁਰੂ ਸਾਹਿਬ ਦੇ ਕਰਤਾਰਪੁਰ ਰਹਿਣ ਦਾ ਹਾਲ ਬਹੁਤ ਥੋੜਾ ਮਿਲਦਾ ਹੈ। ਇਸ ਤਰ੍ਹਾਂ ਇਹ ਪੋਥੀਆਂ ਇਤਿਹਾਸਕ ਤੌਰ ਤੇ ਇਕ ਬਹੁ ਮੁਲਾ ਜਾਣਕਾਰੀ ਦਾ ਸੋਮਾ ਹੈ।

ਪੋਥੀ ਚਤੁਰ ਭੁਜ ਦੀ ਅੰਤਲੀ ਟੂਕ ਇਸ ਤਰ੍ਹਾਂ ਹੈ :

"ਸੰਮਤ 1708 ਵੈਸਾਖ ਵਦੀ ਏਕਮ ਨੂੰ ਚਤਰ ਭੁਜ ਪੋਥੀ ਪੂਰੀ ਹੋਈ। ਵਚਨਿ ਸ੍ਰੀ ਗੁਰੂ ਮਿਹਰਬਾਨ ਦੇ ਲਿਖਾਈ ਜੀ, ਲਿਖੀ ਭਾਈ ਕੇਸੋ ਦਾਸ ਬਰਹਮਨ ਸੇਵਕ ਗੁਰੂ ਕਾ—— ਸਿਖ ਸਿਖਾਂ ਦਾ ਜਿਨ੍ਹਾਂ ਗੁਰੂ ਪਛਾਤਾ ਹੈ ਗੁਲਾਮ ਚਤੁਰ ਭੁਜ ਕਾ ਸਾਸ ਸਾਸ ਕਾ ਪੈਰੀ ਪਵਨਾ ਵਾਚਨਾ, ਗੁਰੂ ਦੇ ਹੁਕਮ ਨਾਲ ਪੋਥੀ ਸੋਧੀ। ਅੱਖਰ ਅੱਖਰ ਘਟਦਾ ਵਧਦਾ ਬਖਸ਼ਣਾ ਇਹੋ ਦਾਨ ਦੇਣਾ ਸ੍ਰੀ ਗੁਰੂ ਬਾਬੇ ਨਾਨਕ ਜੀ ਦਾ ਸਬਦ ਅੰਤਰ ਵਸੈ ਜੀ।੧। ਵਾਹਿਗੁਰੂ ਜੀ ਤਿਸ ਪੋਥੀ ਕਾ ਅਵਤਾਰ ਕੀਤਾ ਇਹ ਪੋਥੀ ਸੰਮਤ 1885 ਅਸੂ ਸੁਦੀ ਦੁਆਦਸੀ ਐਤਵਾਰ ਪੋਥੀ ਪੂਰ ਹੋਈ ਗੁਰੂ ਕੇ ਪਰਸਾਦਿ।

ਜਿਵੇਂ ਕਿ ਉਪਰੋਕਤ ਟੂਕ ਤੋਂ ਸਿੱਧ ਹੈ ਪੋਥੀ ਦਤੁਰ ਭੁਜ ਅਤੇ ਪੋਥੀ ਹਰਿ ਜੀ ਦੋਵੇਂ ਵੱਖ ਵੱਖ ਲਿਖਤਾਂ ਹਨ। ਪੋਥੀ ਹਰਿ ਜੀ 1707 ਬਿਕਰਮੀ ਅਤੇ ਪੋਥੀ ਚਤੁਰ ਭੁਜ 1708 ਬਿਕਰਮੀ ਵਿਚ ਲਿਖੀਆਂ ਗਈਆਂ।

ਜਿਥੇ ਪੋਥੀ ਹਰਿ ਜੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੀਆਂ ਲੰਮੀਆਂ ਬਾਣੀਆਂ ਜਿਵੇਂ ਜਪੁਜੀ, ਸਿਧ ਗੋਸ਼ਟ, ਦਖਨੀ ਓਅੰਕਾਰ ਦੇ ਪਰਮਾਰਥ ਹਨ, ਉਥੇ ਪੋਥੀ ਚਤੁਰ ਭੁਜ ਵਿਚ ਗੁਰੂ ਸਾਹਿਬ ਦੇ ਸ਼ਬਦਾਂ ਦੇ ਪਰਮਾਰੁਥ ਅਧਿਆਤਮਕ ਪੱਖ ਤੇ ਵਿਸਥਾਰਕ ਢੰਗ ਨਾਲ ਦਸੇ ਹਨ।[1]

ਪੋਥੀ ਚਤੁਰ ਭੁਜ ਦੀਆਂ ਅੰਤਮ ਗੋਸ਼ਟਾਂ ਵਿਚ ਗੁਰੂ ਨਾਨਕ ਸਾਹਿਬ ਦੇ ਸਫਰ ਦਾ ਹਾਲ ਇਸ ਤਰ੍ਹਾਂ ਲਿਖਿਆ ਹੈ : ਕਰਤਾਰਪੁਰ ਤੋਂ ਕਸੂਰ ਤੇ ਚੂਹਣੀ ਪੀਰ ਕਮਾਲ ਦੀ, ਤਲਵੰਡੀ ਹੁਸੰਗ, ਕੰਡਣਪੁਰ, ਮਮਦੋਟ, ਫੀਰੋਜ਼ਪੁਰ ਤੇ ਕਿਕੜੀਆਲੇ ਤੇ ਕਰਤਾਰਪੁਰ ਵਾਪਸ ਆਏ। ਇਤਿਹਾਸਕ ਦ੍ਰਿਸ਼ਟੀ ਕੋਣ ਤੋਂ ਵੇਖਿਆ ਇਹ ਸਿੱਧ ਹੁੰਦਾ ਹੈ ਕਿ ਉਪਰੋਕਤ ਸਾਰੇ ਪਿੰਡ ਪੁਰਾਣੇ ਹਨ ਤੇ ਗੁਰੂ ਨਾਨਕ ਸਾਹਿਬ ਦੇ ਸਮੇਂ ਮੌਜੂਦ ਸਨ। ਮਿਹਰਬਾਨ ਦੀ ਔਲਾਦ ਹਰਿ ਜੀ ਆਦਿ ਕੁਝ ਸਮਾਂ ਮੁਹੰਮਦੀਪੁਰ, ਜ਼ਿਲਾ ਲਾਹੌਰ ਰਹੇ। ਸ਼ਾਇਦ ਇਹ ਹੀ ਕਾਰਨ ਹੈ ਗੁਰੂ ਨਾਨਕ ਸਾਹਿਬ ਦੇ ਇਸ ਹਿੱਸੇ ਵਿਚ ਕੀਤੇ ਸਫਰਾਂ ਦਾ ਹਾਲ ਵਿਸਥਾਰ ਨਾਲ ਲਿਖਿਆ ਹੈ।

ਮਲਕ ਭਾਗੋ ਵਾਲੀ ਸਾਖੀ ਜੋ ਭਾਈ ਬਾਲੇ ਦੀ ਜਨਮ-ਸਾਖੀ ਅਨੁਸਾਰ ਏਮਨਾਬਾਦ ਜ਼ਿਲਾ ਗੁਜਰਾਂਵਾਲਾ ਪਾਕਿਸਤਾਨ ਹੋਈ ਦਸਦੇ ਹਨ, ਪੋਥੀ ਚਤੁਰ ਭੁਜ ਵਿਚ ਲਾਹੌਰ ਹੋਈ

1. ਵਿਸਥਾਰ ਲਈ ਵੇਖੋ ਇਨ੍ਹਾਂ ਸਤਰਾਂ ਦੇ ਲਿਖਾਰੀ ਦਾ ਲੇਖ "ਜਨਮਸਾਖੀ ਗੁਰੂ ਨਾਨਕ", ਸੰਚੀ ਦੂਜੀ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 74-75

Digitized by Panjab Digital Library | www.panjabdigilib.org

ਦਸੀ ਹੈ। ਸਾਖੀ ਇਸ ਤਰ੍ਹਾਂ ਹੋਈ ਕਿ ਇਕ ਵਾਰੀ ਗੁਰੂ ਸਾਹਿਬ ਕਰਤਾਰਪੁਰ ਤੋਂ ਲਾਹੌਰ ਗਏ ਤੇ ਉਥੇ ਇਹ ਸਾਖੀ ਵਾਪਰੀ। ਇਸ ਤਰ੍ਹਾਂ ਲਿਖਿਆ ਹੈ "ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਪੰਜਾਬ ਦੀ ਧਰਤੀ ਨਗਰੁ ਲਾਹੌਰ ਮੇ ਇਕ ਠਉਰ ਬੈਠਾ ਥਾ। ਅਰ ਪੁਰਖਹੁ ਗਿਆਨੀ ਧਿਆਨੀ ਲੋਕ ਪਾਸਿ ਬਹੁਤ ਬੈਠੇ ਥੇ। ਤਬ ਭਾਗੋ ਖਹੋਰੜ ਅਰ ਰੰਗੂ ਦਿਲਾਵਰੀ ਖਤਰੀ ਲਹੌਰ ਕੇ ਚੌਧਰੀ ਭੀ ਥੇ ਅਰ ਹਾਕਮ ਮੁਕਾਤੀ ਭੀ ਥੇ ਦਿਨ ਕੇ ਏਕ ਜਗ ਥਾ ਤਬ ਓਹਿ ਆਏ ਗੁਰੂ ਬਾਬੇ ਜੀ ਕੀ ਚਰਨੀ ਲਾਗੈ '...— ਫੇਰ ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਉਪਦੇਸ਼ ਦਿਤਾ :—

"ਭਾਈ ਤੁਸਾਡੀ ਸੰਤਤ ਧਰਮ ਦੀ ਲਛਮੀ, ਦਸ਼ਾਂ, ਨੁਹਾਂ ਦੀ ਖਟੀ ਕਰਿ ਕਰਿ ਨਹੀਂ ਦਾਨੁ ਕੀਤਾ ਜਿ ਤੁਸਾਂ ਨੂੰ ਪਹੁੰਚੇ। ਓਨਾਂ ਨੇ ਏਹੋ ਜਿ ਚਾਰਿ ਦਿਹ ਜਹਾਨ ਭਲਾ ਭਲਾ ਆਖਿਆ। ਸੁ ਪੁਰਖੁਹੁ ! ਨ ਓਨੀ, ਨ ਓਨੀ, ਦੋਹਾਂ ਵਿਚੋਂ ਪਰਮੇਸ਼ਰ ਕੇ ਅਰਥਿ ਕਿਸ ਹੀ ਨ ਹੀ ਦੀਆ——ਸੁਨਹੁ ਹੋ ਭਾਈ ਪਰਮੇਸਰ ਕੇ ਲੋਗਹੁ ! ਆਗੇ ਸੋਈ ਦਾਨ ਫਲੀਦਾ ਹੈ ਜਿ ਦਸਾਂ ਨੁਹਾਂ ਦਾ ਖਟਿਆ ਮਿਹਨਤ ਕਿਰ ਕਰਿ ਕੋਈ ਦੇਇ, ਦੇਇ ਤਿਸ ਹੀ ਕਉ ਆਗੇ ਕਿਛ ਮਿਲਤਾ ਹੈ ਭਾਈ ਜੀ ! ਏਵ ਕਰਿ ਕਰਿ ਇਹ ਜਗ ਸਵਰਤੇ ਨਹੀਂ, ਜਗ ਤਾਂ ਸਵਰਹਿ ਜਾਂ ਗੁਰਮੁਖ ਹੋਇ ਕੇ ਰਾਮ ਨਾਮ ਸਿਮਰਹੁ। ਹਓਮੈ ਛੋਡਿ ਕਰਿ ਪੁੰਨ ਦਾਨੁ ਕਰੈ।"[1]

ਇਸ ਸਾਖੀ ਤੋਂ ਪਤਾ ਲਗਦਾ ਹੈ ਕਿ ਪੋਥੀ ਚਤੁਰ ਭੁਜ ਵਿਚ ਕਰਾਮਾਤੀ ਅੰਸ਼ ਬਹੁਤ ਹੀ ਘੱਟ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਾਂਗ ਇਥੇ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਅਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁਧ ਕੱਢ ਕੇ ਨਹੀਂ ਵਿਖਾਇਆ। ਸਗੋਂ ਹਓਮੈ ਰਹਿਤ ਦਾਨ ਪੁੰਨ ਕਰਨ ਦਾ ਉਪਦੇਸ਼ ਹੈ।

ਇਸ ਤਰ੍ਹਾਂ ਪੋਥੀ ਚਤੁਰ ਭੁਜ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਦੀ ਵਿਆਖਿਆ ਦੇ ਪੱਖ ਤੋਂ ਗੁਰੂ ਸਾਹਿਬ ਦੇ ਕਰਤਾਰਪੁਰ ਵਿਚ ਰਹਿਣ ਦੇ ਵਿਸਥਾਰ ਦੇ ਪੱਖ ਤੋਂ ਸਾਹਿਤਕ ਅਤੇ ਧਾਰਮਕ ਦ੍ਰਿਸ਼ਟੀ ਤੋਂ ਬਹੁਤ ਮਹਾਨਤਾ ਰਖਦੀ ਹੈ।[2]

## (ਅ) ਮਿਹਰਬਾਨ ਦੇ ਉਤਰਾ-ਅਧਿਕਾਰੀਆਂ ਦੇ ਅਣਛਪੇ ਗ੍ਰੰਥ

(1) **ਦੀਵਾਨਿਆਂ ਦਾ ਗ੍ਰੰਥ :** ਦੀਵਾਨਿਆਂ ਦਾ ਹਾਲ ਅਸੀਂ ਉਤੇ ਦਸ ਆਏ ਹਾਂ। ਇਹ ਗ੍ਰੰਥ ਹਰੀਆ ਜੀ ਦਾ ਹੈ ਅਤੇ ਗਿਆਨੀ ਗੁਰਦਿੱਤ ਸਿੰਘ ਅਡੀਟਰ ਪ੍ਰਕਾਸ਼ ਦੇ ਨਿਜੀ ਸੰਗ੍ਰਹ ਵਿਚ ਸੁਰਖਿਅਤ ਹੈ। ਇਨ੍ਹਾਂ ਸਤਰਾਂ ਦਾ ਲਿਖਾਰੀ ਧੰਨਵਾਦੀ ਹੈ ਕਿ ਉਨ੍ਹਾਂ ਨੇ ਇਹ ਗਰੰਥ ਵਾਚਣ ਦੀ ਆਗਿਆ ਦਿੱਤੀ।

ਇਸ ਵਿਚ ਹਰੀਦਾਸ ਜਾਂ ਹਰੀਆ ਜੀ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਦਾ ਅਕਾਰ $13\frac{1}{2} \times 8\frac{1}{2}''$ ਹੈ, ਕੁਲ ਪਤਰੇ 284 ਹਨ। ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ :

---

1. ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ, ਪੰਨਾ 387
2. ਵਿਸਥਾਰ ਲਈ ਵੇਖੋ ਸਾਖੀ ਗੁਰੂ ਨਾਨਕ ਦੇਵ ਜੀ ਸੰਚੀ ਦੂਜੀ, ਖਾਲਸਾ ਕਾਲਜ, ਅੰਮ੍ਰਿਤਸਰ ਦੇ ਅਰੰਭਕ ਲੇਖ।

Digitized by Panjab Digital Library | www.panjabdigilib.org

1. ਸੁਖਮਨੀ ਹਰੀਏ ਜੀ ਕੀ ਪਤ੍ਰਾ 1-131 ਤਕ
2. ਕ੍ਰਿਸ਼ਨ ਅਵਤਾਰ ਕੀ ਲੀਲਾ ਪਤ੍ਰਾ 131-159
3. ਗਤੀ ਸੁਗਤੀ, ਪਤ੍ਰਾ 159-164
4. ਬਾਰਾ ਮਾਹ ਹਰੀਆ ਜੀ ਕਾ 164-66
5. ਰਾਗ ਮਾਝ ਸਬਦ ਹਰੀਏ ਜੀ ਕੇ 166-177
6. ਰਾਗ ਬਿਲਾਵਲ ਸਬਦ 177-179
7. ਸਲੋਕ ਡਖਨੇ ਹਰੀ ਦਾਸ ਜੀ ਕੇ 179-188
8. ਰਾਗ ਮਾਰੂ ਸਬਦ ਮਸੀ 188-190
9. ਰਾਗ ਧਨਾਸਰੀ ਨੌਵਗ 190-192
10. ਰਾਗ ਆਸਾ ਸਬਦ 192-193
11. ਰਾਗ ਗਉੜੀ ਪੂਰਬੀ ਛੱਤੀ ਅਖਰੀ 193-201
12. ਰਾਗ ਮਾਝ ਸਬਦ 201-218
13. ਰਾਗ ਆਸਾ ਵਾਰ ਸਲੋਕਾਂ ਨਾਲ 218-233
14. ਰਾਗ ਮਲਹਾਰ-ਵਾਰ ਮਲਹਾਰ ਕੀ 233-257
15. ਰਾਗ ਗਉੜੀ ਸਲੋਕ 257-280
16. ਰਾਗ ਸ੍ਰੀ ਰਾਗ ਨਬੀ ਕੇ ਘਰ 280-281
17. ਰਾਗ ਤਿਲੰਗ ਠੂਠਾ 281-284

ਇਸ ਗ੍ਰੰਥ ਦਾ ਹਵਾਲਾ ਪੰਜਾਬੀ ਹੱਥ-ਲਿਖਤਾਂ ਦੀ ਸੂਚੀ ਜੋ ਭਾਸ਼ਾ ਵਿਭਾਗ, ਪੰਜਾਬ ਸਰਕਾਰ ਨੇ ਛਾਪੀ ਹੈ, ਵਿਚ ਨਹੀਂ ਹੈ ਤੇ ਨਾ ਹੀ ਕਿਸੇ ਹੋਰ ਪੁਸਤਕ ਵਿਚ। ਇਸ ਲਈ ਇਸ ਦਾ ਥੋੜਾ ਜਿਹਾ ਵਿਸਥਾਰ ਦੇਣਾ ਉਚਿਤ ਹੋਵੇਗਾ। ਅਰੰਭ ਇਸ ਤਰ੍ਹਾਂ ਹੈ :

"ਸ੍ਰੀ ਸਤਿਗੁਰ ਦੇਉ ਬਾਬਾ ਨਾਨਕ। ਸ੍ਰੀ ਸਤਿਗੁਰ ਦੇਉ ਪਾਰਬ੍ਰਹਮ ਪਰਮੇਸਰ। ਭੂੰਦੜ ਬਾਲਾ ਹਰੀਦਾਸ। ਰਾਗ ਗਉੜੀ ਪੂਰਬੀ ਸੁਖਮਨੀ ਹਰੀਏ ਜੀ ਕੀ।

ਸਲੋਕ

ਛਤ੍ਰੀਹ ਜੁਗ ਧੁੰਧੂਕਾਰ ਮਹਿ ਤਾੜੀ ਲਾਈ ਨਿਰੰਜਨ ਨਿਰੰਕਾਰ
ਹਰੀ ਦਾਸ ਪ੍ਰਭ ਚਿਤਵਨੁ ਭੈਇਆ ਸਿਰਜੀ ਮਨਸਾ ਦੇਵੀ ਲਾਗਿ

ਪਉੜੀ

ਛਤ੍ਰੀਹ ਜੁਗ ਤਾੜੀ ਲਾਇ ਬੈਠਾ ਨਿਰੰਕਾਰ
ਅਰਬਦ ਨਰਬਦ ਧੁੰਧੂ ਕਾਰ
ਅਰਮਦਿ ਜੁਗਿ ਪ੍ਰਭਿ ਜੋਤਿ ਜਗਾਈ
ਚਿਤਵੰਤ ਸਾਰ ਮਨਸਾ ਦੇਵੀ ਉਪਾਈ
ਮਨਸਾ ਉਪਾਇ ਨਜਰਿ ਚੜਾਏ
ਮਨਸਾ ਉਦਰਿ ਤੇ ਤੀਨ ਦੇਵ ਉਪਾਏ
ਖੁਲਕਿ ਕਵਾਉ ਕੀਤੀ ਪ੍ਰਭ ਦਾਤਿ

Digitized by Panjab Digital Library | www.panjabdigilib.org

ਤਿਸ ਤੇ ਹੋਈ ਚਾਰੇ ਭਾਤਿ
ਪ੍ਰਾਨੀ ਧਰਨਿ ਪਉਣ ਆਗ
ਹਰੀਆ ਪ੍ਰਭਿ ਕੀਏ ਮੁਚ ਵਿਰਾਗਿ ।੧।
ਸੁਖਮਨੀ ਸੁਖੀਓ ਓਹੁ ਗਾਓ
ਜੋ ਜੋ ਸਿਮਰੇ ਸੋ ਪਾਏ ਥਾਉ ।ਰਹਾਓ।
ਪ੍ਰਭ ਮੇਰੇ ਅੰਗੀਕਾਰ ਕੀਆ ਚਹੁ ਭਾਤੀ ਵੰਡ ਕਾਓ
ਹਰੀ ਦਾਸ ਪ੍ਰਭ ਮੇਰੇ ਕ੍ਰਮ ਕੀਆ ਬ੍ਰਹਮੇ ਕਉ ਦੀਆ ਦੂਣਾ ਭਾਉ ।੧।

ਵੇਖੋ ਕਿੰਨਾ ਪ੍ਰਭਾਵ ਹੈ ਸੁਖਮਨੀ ਸਾਹਿਬ ਦਾ । ਗੁਰੂ ਅਰਜਨ ਸਾਹਿਬ ਜੀ ਦੀ ਸੁਖਮਨੀ ਦੀ ਰਹਾਓ ਤੁਕ ਇਸ ਤਰ੍ਹਾਂ ਹੈ :

ਸੁਖਮਨੀ ਸੁਖ ਅੰਮ੍ਰਤ ਪ੍ਰਭ ਨਾਮ
ਭਗਤ ਜਨਾ ਕੇ ਮਨ ਬਿਸਰਾਮ ।

ਇਹ ਰਚਨਾ ਗੁਰੂ ਗ੍ਰੰਥ ਸਾਹਿਬ ਦੀ ਇਕ ਪ੍ਰਭਾਵੀ ਲਿਖਤ ਮੰਨੀ ਜਾ ਸਕਦੀ ਹੈ। ਇਸ ਦੀਆਂ ਕਈ ਤੁਕਾਂ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਨਾਲ ਮੇਲ ਖਾਂਦੀਆਂ ਹਨ । ਕਈ ਤੁਕਾਂ ਸਿਧੇ ਤੌਰ ਤੇ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਕਰਦੀਆਂ ਹਨ ।

ਇਸ ਵਿਚ ਕੁਲ 83 ਅਸਟਪਦੀਆਂ ਹਨ । ਤਰਤੀਬ ਵਿਚ ਸਲੋਕ ਪਹਿਲਾਂ ਆਉਂਦਾ ਹੈ ਫੇਰ ਪਉੜੀ । ਪਹਿਲੀ ਅਸਟਪਦੀ ਵਿਚ ਅਠ ਪਉੜੀਆਂ ਹਨ ਅਤੇ ਅਠੇ ਹੀ ਸਲੋਕ ਹਨ । ਅੰਤਲੀ ਪਉੜੀ ਇਸ ਤਰ੍ਹਾਂ ਹੈ :

ਪਉੜੀ

ਆਗੇ ਗੋਰਖ ਪਾਛੇ ਮਛਿੰਦਰ, ਦੁਹਾ ਪਾਇਆ ਸਿਧਾਰੰਦ
ਜੁਲਤੇ ਜੁਲਤੇ ਗੁਦਾਓੜੀ ਆਇ ਜਹਾ ਸਿਧਾ ਸਾਧਾ ਅਸਨ ਲਾਇ
ਮਸਤਕ ਦੇਖਿ ਕੀਆਂ ਜੈਕਾਰ ਦੁਹਾ ਗੁਰਆਂ ਦੇ ਪੂਰਨ ਭੈਆ ਅਕਰਾਰ
ਸੁਕਲ ਚੇਲਾ ਗੁਰ ਕਓ ਕਾਢੇ ਹਰੀ ਦਾਸ ਐਸਾ ਹੋਇ ਸੁਭਾਵੈ ਤਹਾ ਹਾਢੇ ।3182
ਵਾਹਿਗੁਰੂ । ਸੁਖਮਨੀ ਸੰਪੂਰਣ ਲਿਖੀ ।

ਇਸ ਗ੍ਰੰਥ ਦੀ ਆਖਰੀ ਰਚਨਾ 'ਰਾਗ ਤਿਲੰਗ ਠੂਠਾ, ਜਿਸ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ :

ਕਲਜੁਗ ਆਇਆ ਮਹਾ ਗੁਬਾਰੋ
ਕੋ ਵਿਰਲਾ ਜਪੈ ਹਰਿ ਹਰਿ ਸਾਰੋ
ਜਬ ਲੋਭੁ ਮੁਚ ਅੰਤਕਾਰੋ
ਗਰਬਿ ਗੁਮਾਨ ਸਗਲੀ ਮੁਨੀ
ਵਾਰੀ ਮੇਰੇ ਲਾਲਨਾ ਤਰੀਏ ਭਾਈ ਤਾਰੀ ।੧।
ਹਉ ਸਾਹਿਬ ਵਿਟਹੁ ਵਾਰੀ । ਰਹਾਉ ।
ਅਹਿਲ ਦਿਵਾਨਿਓ ਘਿਨਹੁ ਠੂਠਾ
ਪਾਕ ਪਕੀਹੁ ਕਦੇ ਨ ਝੂਠਾ

Digitized by Panjab Digital Library | www.panjabdigilib.org

ਬਾਲੇ ਪੀਰ ਮੁਖਹੁ ਅਲਾਇਆ
ਠੂਠਾ ਘਿਨਹੁ ਕਾਰੀ ।੨।

ਠੂਠੇ ਨਾਮਕ ਰਚਨਾ ਦੇ 57 ਬੰਧ ਹਨ ਅਤੇ ਇਸ ਦੇ ਅੰਤ ਦੇ ਨਾਲ ਹੀ ਗਰੰਥ ਦੀ ਸਥਾਪਤੀ ਹੁੰਦੀ ਹੈ । ਆਖਰੀ ਬੰਧ ਇਹ ਹਨ :

ਠੂਠੇ ਸਚੇ ਦੀ ਆਗਿਆ ਮੰਨੀ
ਨਾਮਿਆਂ ਕਬੀਰ ਆਸੁਣ ਅਤਕੰਨੀ
ਦਿਤਾ ਵਚਨ ਪ੍ਰਭੂ ਅਜੋਨੀ
ਕਲਜੁਗ ਮਥੇ ਉਤੇ ਝਲੀ ਠੂਠੇ ਦੀ ਅਸਵਾਰੀ ।56।
ਕਲਜੁਗ ਜਾਦੀ ਠੂਠੇ ਮਲੀ
ਅਹਿਲ ਦਿਵਾਨੇ ਘੜਨਿ ਜਲੀ
ਕੰਨੀ ਕਾਨ ਨ ਜਾਈ ਠਲੀ
ਹਰੀਆ ਸਾਹੁ ਸੋ ਝੂਠਾ ਹੋਆ
ਸੰਗਤਿ ਸਭ ਨਿਸਤਾਰੀ ।57।

ਮਿਹਰਬਾਨ ਜੀ ਦੇ ਸਪੁਤਰ ਹਰਿ ਜੀ ਦੇ ਕਈ ਗਰੰਥ ਹਾਲੀ ਤਕ ਅਣਛਪੇ ਹਨ । ਕੁਝ ਕੁ ਇਹ ਹਨ :-

**1. ਗੋਸ਼ਟ ਮਿਹਰਵਾਨ ਜੀ ਕੀ**

ਇਸ ਵਿਚ ਹਰਿ ਜੀ ਨੇ ਆਪਣੇ ਪਿਤਾ ਦਾ ਹਾਲ ਲਿਖਿਆ ਹੈ । ਜਨਮ ਤੋਂ ਲੈ ਕੇ ਦਿਹਾਂਤ ਤਕ ਦੇ ਮੁਖ ਹਾਲ ਸਿਲਸਿਲੇ ਵਾਰ ਦਿਤੇ ਹਨ । ਇਸ ਦਾ ਆਖਰੀ ਹਿਸਾ ਸਪਸ਼ਟ ਤੌਰ ਤੇ ਦਸਦਾ ਹੈ ਕਿ ਇਹ ਹਰਿ ਜੀ ਦੀ ਰਚਨਾ ਹੈ ਕਿਉਂਕਿ ਆਖਰੀ ਹਿਸੇ ਵਿਚ ਮਿਹਰਬਾਨ ਜੀ ਹਰਿ ਜੀ ਨੂੰ ਬੱਚਾ ਸੰਬੋਧਨ ਕਰਕੇ ਉਪਦੇਸ਼ ਦੇਂਦੇ ਹਨ । ਇਸ ਦੀਆਂ ਕੁਲ 47 ਗੋਸਟਾਂ ਹਨ । ਇਹ ਗਦ ਰਚਨਾ ਦਾ ਚੰਗਾ ਨਮੂਨਾ ਹੈ । ਇਸ ਹਥ-ਲਿਖਤ ਦੇ ਖਰੜੇ ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ ਅਤੇ ਸਿਖ ਰੈਫਰੈਂਸ ਲਾਇਬਰੇਰੀ ਦਰਬਾਰ ਸਾਹਿਬ, ਅੰਮ੍ਰਿਤਸਰ ਪਏ ਹਨ ।

**2. ਗੋਸ਼ਟ ਬਾਬਾ ਨਾਨਕ**

ਇਹ ਪੋਥੀ ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪੁਰਾਣੇ ਖਰੜਿਆਂ ਵਿਚੋਂ ਹੈ ।[1] ਗੁਰਮੁਖੀ ਦੀ ਪੁਰਾਣੀ ਲਿਖਤ ਦਾ ਅਦੁਤੀ ਨਮੂਨਾ ਹੈ ਕਿਉਂਕਿ ਇਸ ਵਿਚ ਕੰਨਾ ਵਰਤਣ ਦੀ ਥਾਂ ਬਿੰਦੀ ਦਾ ਪ੍ਰਯੋਗ ਕੀਤਾ ਹੈ । ਇਸ ਪੋਥੀ ਦਾ ਵਿਸ਼ਾ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਹੈ ਜੋ ਕਿ ਕਰਤਾਰਪੁਰ ਹੋਈਆਂ । ਇਹ ਪੋਥੀ ਹਰਿ ਜੀ ਅਤੇ ਪੋਥੀ ਚਤੁਰ ਭੁਜ ਤੋਂ ਵਖਰੀ ਹੀ ਲਿਖਤ ਲਗਦੀ ਹੈ । ਇਸ ਵਿਚ ਕਿਧਰੇ ਕਿਧਰੇ ਮਿਹਰਬਾਨ ਜੀ ਦੀ ਕਵਿਤਾ ਅਤੇ ਕਿਧਰੇ ਕਿਧਰੇ ਹਰਿ ਜੀ ਦੀ ਕਵਿਤਾ ਵੀ ਹੈ । ਗੁਰੂ ਨਾਨਕ ਸਾਹਿਬ ਦੇ ਸਬਦਾਂ ਦੇ ਪਰਮਾਰਥ ਵੀ ਦਿੱਤੇ ਹਨ ।[1]

---

1. ਵੇਖੋ ਇਨ੍ਹਾਂ ਸਤਰਾਂ ਦੇ ਲਿਖਾਰੀ ਦਾ 'ਏ ਕਾਟਾਲਾਗ ਆਫ਼ ਪੰਜਾਬੀ ਐਂਡ ਉਰਦੂ ਮੈਨੂਸਕ੍ਰਿਪਟਜ਼, ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 7

Digitized by Panjab Digital Library | www.panjabdigilib.org

### 3. ਸੁਖਮਨੀ ਸਹੰਸਰ ਨਾਮਾ


ਸੁਖਮਨੀ ਸਹੰਸਰ ਨਾਮੇ ਦੇ ਕਈ ਹਥ-ਲਿਖਤੀ ਖਰੜੇ ਮਿਲਦੇ ਹਨ। ਸੈਂਟਰਲ ਪਬਲਿਕ ਲਾਇਬਰੇਰੀ ਪਟਿਆਲਾ, ਖਾਲਸਾ ਕਾਲਜ ਅੰਮ੍ਰਿਤਸਰ, ਗਿਆਨੀ ਗੁਰਦਿੱਤ ਸਿੰਘ ਦੇ ਜਾਤੀ ਸੰਗ੍ਰਹ ਵਿਚ 1788 ਬਿਕਰਮੀ ਭਾਵ 1731 ਈਸਵੀ ਦੀ ਹੱਥ-ਲਿਖਤਾਂ ਅਤੇ ਹੋਰ ਵੀ ਬਹੁਤ ਸਾਰੀਆਂ ਥਾਵਾਂ ਤੇ ਇਸ ਦੀਆਂ ਹੱਥ-ਲਿਖਤਾਂ ਮਿਲਦੀਆਂ ਹਨ। ਇਹ ਹਰਿ ਜੀ ਦੀ ਰਚਨਾ ਹੈ। ਇਸ ਦਾ ਅਰੰਭ ਇਕ ਸਲੋਕ ਤੋਂ ਹੁੰਦਾ ਹੈ :

ਸੁਖਮਨੀ ਹੋਵੇ ਸਰਬ ਸੂਖ ਇਕ ਮਨ ਜਪੀਐ ਨਾਮੁ
ਜਨ ਨਾਨਕ ਪਾਵਹੁ ਸਚ ਖੰਡ ਪੂਰਨ ਹੋਵਹਿ ਕਾਮ

ਸੁਖਮਨੀ ਸਹੰਸਰ ਨਾਮੇ ਵਿਚ ਪੁਰਾਣਕ ਗਾਥਾਵਾਂ ਹਨ। ਇਨ੍ਹਾਂ ਦੀ ਤਰਤੀਬ ਇਸ ਤਰ੍ਹਾਂ ਹੈ : ਨਿਰੰਜਨ ਨਿਰੰਕਾਰ ਕੀ, ਵੈਰਾਟ ਕੀ, ਤ੍ਰਿਗੁਣ ਅਵਤਾਰ ਕੀ, ਮੱਛ ਅਵਤਾਰ, ਨਾਰਦ, ਸਨ ਕਾਦਿ, ਕਛਪ ਅਵਤਾਰ, ਬੈਰਾਤ, ਨਰ ਸਿੰਘ, ਮੋਹਨੀ ਅਵਤਾਰ, ਧਨੰਤਰ, ਜਰਾ, ਕਪਲ ਮੁਨੀ, ਦਤਾ ਤ੍ਰੈ, ਨਰ ਨਰਾਇਣ, ਰਿਖਭ, ਹੈਗ੍ਰੀਵ ਪ੍ਰਿਥਮ ਅਵਤਾਰ, ਬਾਵਨ, ਪਰਸ ਰਾਮ, ਆਦਿ ਰਾਮਾਇਣ, ਸ੍ਰੀ ਕ੍ਰਿਸ਼ਨ ਬਲਭਧਰ, ਬਉਧ ਅਵਤਾਰ, ਨਿਹਕਲੰਕੀ।[1]

1. ਹੋਰ ਵਿਸਥਾਰ ਲਈ ਵੇਖੋ ਪੰਜਾਬੀ ਹੱਥ ਲਿਖਤਾਂ ਦੀ ਸੂਚੀ ਜਿਲਦ ਪਹਿਲੀ, ਭਾਸ਼ਾ ਵਿਭਾਗ, ਪਟਿਆਲਾ ਪੰਨਾ 308-310

Digitized by Panjab Digital Library | www.panjabdigilib.org




Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੁਸਤਕ ਸੂਚੀ

## ਅੰਗਰੇਜ਼ੀ

1. Glossary, Tribes and Castes of the Punjab and North Western Frontier Province, Vol. I. II, III by H.A. Rose, Language Department Punjab, 1970.
2. Chiefs and Families of Note in the Punjab, Vol. I, Vol. II, by Sir Lepel H. Griffin, Superintendent Govt Printing, Lahore, 1940.
3. History of the Punjab Hill States, by J. Hutchison and Vogel Vol. I, Vol. II, Superintendant Govt. Printing, Punjab, 1933.
4. A Catalogue of Persian and Sanskrit Manuscripts, by Kirpal Singh, Khalsa College, Amritsar, 1962.
5. A Catalogue of Punjabi and Urdu Manuscripts by Kirpal Singh Khalsa College, Amritsar, 1963.
6. Historical significance of Meharban's Janamsakhi of Guru Nanak by Kirpal Singh, Punjab History Conference, Fifth Session, 1970, Punjab Historical Studies Deptt., Punjabi University, Patiala.

## ਫ਼ਾਰਸੀ

1. ਤਾਰੀਖ਼-ਇ-ਸਿਖਾਂ, ਖ਼ੁਸ਼ਵਕਤ ਰਾਏ (ਫ਼ਾਰਸੀ-ਹੱਥ-ਲਿਖਤ), ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਿਜ, ਅੰਮ੍ਰਿਤਸਰ ।
2. ਤਾਰੀਖ਼-ਇ-ਪੰਜਾਬ, ਗੁਲਾਮ ਮੁਹੀਉਦ-ਦੀਨ, ਬੂਟੇ ਸ਼ਾਹ, ਜਿਲਦ ਪਹਿਲੀ ਅਤੇ ਦੂਜੀ, (ਫ਼ਾਰਸੀ ਹੱਥ-ਲਿਖਤ) ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ ਖ਼ਾਲਸਾ ਕਾਲਿਜ, ਅੰਮ੍ਰਿਤਸਰ ।
3. ਦਬਿਸਤਾਨ-ਇ-ਮਜ਼ਾਹਬ, ਨਵਲ ਕਸ਼ੋਰ ਪ੍ਰੈਸ ਕਾਨਪੁਰ-ਨਾਨਕ ਪੰਥੀਆ ਮਾ ਤਰਜ਼ਮਾ ਵਾ ਤਸ਼ਰੀਹ ਅੰਗਰੇਜ਼ੀ-ਗੰਡਾ ਸਿੰਘ ।
4. ਚਾਰ ਬਾਗ਼-ਇ-ਪੰਜਾਬ, ਗਣੇਸ਼ ਦਾਸ ਵਡਹੇਰਾ, ਸੰਪਾਦਕ ਕਿਰਪਾਲ ਸਿੰਘ, ਖ਼ਾਲਸਾ ਕਾਲਿਜ, ਅੰਮ੍ਰਿਤਸਰ, 1965 ।

## ਪੰਜਾਬੀ

### (ੳ) ਹੱਥ ਲਿਖਤਾਂ

1. "ਗੋਸ਼ਟਾਂ ਮਿਹਰਵਾਨ ਜੀ ਕੀਆਂ" ਇਹ ਪੰਜਾਬੀ-ਗੁਰਮੁਖੀ ਹੱਥ-ਲਿਖਤ, ਸਿਖ

Digitized by Panjab Digital Library | www.panjabdigilib.org

ਰੈਫ਼ਰੈਂਸ ਲਾਇਬ੍ਰੇਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ਹੈ। ਇਸ ਵਿਚ ਮਿਹਰਬਾਨ ਜੀ ਦਾ ਜੀਵਨ ਤਰਤੀਬ-ਵਾਰ ਦਿੱਤਾ ਹੈ।

2. ਬੰਸਾਵਲੀ ਨਾਮਾ—ਕੇਸਰ ਸਿੰਘ ਛਿਬਰ—ਪੰਜਾਬੀ ਹੱਥ-ਲਿਖਤ, ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ ਖ਼ਾਲਸਾ ਕਾਲਿਜ, ਅੰਮ੍ਰਿਤਸਰ।

3. ਗੋਸਟ ਬਾਬਾ ਨਾਨਕ—ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖ਼ਾਲਸਾ ਕਾਲਿਜ, ਅੰਮ੍ਰਿਤਸਰ। ਇਸ ਵਿਚ ਗੁਰਬਾਣੀ ਪਰਮਾਰਥ ਅਤੇ ਮਿਹਰਬਾਨ ਜੀ ਦੀ ਕਵਿਤਾ ਸ਼ਾਮਿਲ ਹੈ।

4. ਕਥਾਵਾਂ ਕਬੀਰ ਜੀ ਕੀਆਂ—ਪੰਜਾਬੀ ਹੱਥ-ਲਿਖਤ ਪੰਜਾਬੀ ਯੂਨੀਵਰਸਿਟੀ, ਪਟਿਆਲਾ।

5. ਦਿਵਾਨਿਆਂ ਦਾ ਗ੍ਰੰਥ ਜਾਂ ਹਰੀ ਦਾਸ ਜੀ ਦਾ ਗ੍ਰੰਥ—ਪੰਜਾਬੀ ਹੱਥ-ਲਿਖਤ; ਇਸ ਵਿਚ ਦਿਵਾਨਾ ਸੰਪਰਦਾ ਦੇ ਇਕ ਮੁਖੀਏ ਹਰੀ ਦਾਸ ਦੀ ਰਚਨਾ ਹੈ। ਇਹ ਗਿਆਨੀ ਗੁਰਦਿੱਤ ਸਿੰਘ ਐਡੀਟਰ ਪ੍ਰਕਾਸ਼ ਦੇ ਨਿੱਜੀ ਸੰਗ੍ਰਹਿ ਵਿਚ ਹੈ।

6. ਸੁਖਮਨੀ ਸਹੰਸਰ ਨਾਮਾ : ਪੰਜਾਬੀ ਹੱਥ-ਲਿਖਤ ਇਸ ਵਿਚ ਪੁਰਾਣਕ ਗਾਥਾਵਾਂ ਹਨ। ਇਸ ਦੀਆਂ ਕਾਪੀਆਂ ਕਈਆਂ ਲਾਇਬ੍ਰੇਰੀਆਂ ਵਿਚ ਮਿਲਦੀਆਂ ਹਨ। ਇਸ ਦੀ ਇਕ ਕਾਪੀ ਖ਼ਾਲਸਾ ਕਾਲਿਜ ਅੰਮ੍ਰਿਤਸਰ, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਅਤੇ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲੇ ਵੀ ਪਈ ਹੈ।

## (ਅ) ਪੁਸਤਕਾਂ

1. ਜਨਮ ਸਾਖੀ ਗੁਰੂ ਨਾਨਕ, ਮਿਹਰਬਾਨ, ਸੰਪਾਦਕ ਕਿਰਪਾਲ ਸਿੰਘ ਹਿਸਟਰੀ ਰੀਸਰਚ ਡੀਪਾਰਟਮੈਂਟ ਖ਼ਾਲਸਾ ਕਾਲਿਜ, ਅੰਮ੍ਰਿਤਸਰ।
2. ਜਨਮ ਸਾਖੀ ਗੁਰੂ ਨਾਨਕ ਸੰਚੀ ਦੂਜੀ ਪੋਥੀ ਹਰਿ ਜੀ ਚਤੁਰ ਭੁਜ, ਖ਼ਾਲਸਾ ਕਾਲਜ, ਅੰਮ੍ਰਿਤਸਰ।
3. ਵਾਰਾਂ ਭਾਈ ਗੁਰਦਾਸ, ਗਿਆਨੀ ਹਜ਼ਾਰਾ ਸਿੰਘ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।
4. ਪੁਰਾਤਨ ਜਨਮ ਸਾਖੀ, ਖ਼ਾਲਸਾ ਸਮਾਚਾਰ ਅੰਮ੍ਰਿਤਸਰ।
5. ਜਨਮ ਸਾਖੀ ਗੁਰੂ ਨਾਨਕ ਦੇਵ, ਭਾਈ ਮਨੀ ਸਿੰਘ ਬੰਬੇ ਵਾਲਾ ਛਾਪਾ, ਲਾਹੌਰ 1892।
6. ਸਾਖੀ ਪੋਥੀ – ਖ਼ਾਲਸਾ ਸਮਾਚਾਰ ਅੰਮ੍ਰਿਤਸਰ 1950।
7. ਗੁਰ ਪ੍ਰਤਾਪ ਸੂਰਜ ਗ੍ਰੰਥ, ਸੰਪਾਦਕ ਭਾਈ ਵੀਰ ਸਿੰਘ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।
8. ਮਹਾ ਕੋਸ਼, ਭਾਈ ਕਾਹਨ ਸਿੰਘ, ਨਾਭਾ, ਭਾਸ਼ਾ ਵਿਭਾਗ, ਪਟਿਆਲਾ।
9. ਵਡੀ ਜਨਮ ਸਾਖੀ ਕਬੀਰ ਜੀ, ਜੀਵਨ ਸਿੰਘ ਚਤੁਰ ਸਿੰਘ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ, ਚੌਥੀ ਛਾਪ।

Digitized by Panjab Digital Library | www.panjabdigilib.org

10. ਸ਼ਹੀਦ ਬਿਲਾਸ, ਸੇਵਾ ਸਿੰਘ, ਸੰਪਾਦਕ ਗਿਆਨੀ ਗਰਜਾ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਨਾ ।

11. ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਦੂਜੀ ਛਾਪ 1889 (ਪੱਥਰ ਛਾਪਾ) ਅੰਮ੍ਰਿਤਸਰ

12. ਤਵਾਰੀਖ਼ ਗੁਰੂ ਖ਼ਾਲਸਾ, ਗਿਆਨੀ ਗਿਆਨ ਸਿੰਘ, ਭਾਸ਼ਾ ਵਿਭਾਗ, ਪਟਿਆਲਾ, 1970 ।

13. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ. ਤਾਰਨ ਸਿੰਘ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

14. ਭਾਈ ਗੁਰਦਾਸ, ਭਾਸ਼ਾ ਵਿਭਾਗ, ਪਟਿਆਲਾ ।

15. ਗੁਰਪੁਰਬ ਨਿਰਣਯ, ਕਰਮ ਸਿੰਘ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ।

16. ਗੁਰਬਾਣੀ ਟੀਕੇ ਅਨੰਦ ਘਨ, ਭਾਸ਼ਾ ਵਿਭਾਗ, ਪਟਿਆਲਾ, 1970 ।

17. ਸਬਦਾਰਥ ਗੁਰੂ ਗ੍ਰੰਥ ਸਾਹਿਬ, ਚਾਰ ਜਿਲਦਾਂ, ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

18. ਦਿਵਾਨੇ ਸਾਧ, ਲੇਖ ਇਤਿਹਾਸਕ ਪਤ੍ਰ ਸੈਂਚੀ ਪੰਜਵੀਂ, ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, 1953 ।

19. ਜਨਮ ਸਾਖੀ ਪਰੰਪਰਾ, ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਟੀ, ਪਟਿਆਲਾ, 1969 ।

20. ਬਾਬਾ ਕੌਲ ਸਾਹਿਬ ਜੀ, ਗਿਆਨੀ ਬਲਵੰਤ ਸਿੰਘ, ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ ।

Digitized by Panjab Digital Library | www.panjabdigilib.org

# ਨਾਮਾਵਲੀ

(ੳ)


ਉਜੈਨ 34

(ਅ)

ਆਇਨੇ-ਅਕਬਰੀ 7
ਅਹਿਮਦ ਸ਼ਾਹ ਅਬਦਾਲੀ 6, 62
ਅੰਗਦ ਸਾਹਿਬ ਗੁਰੂ 4, 14, 33, 65, 66
ਅਚਲ ਵਟਾਲੇ 66
ਅਜੈ 54
ਅਮਰਦਾਸ ਜੀ ਗੁਰੂ 1, 2, 3, 4, 7, 8, 9, 55
ਅੰਮ੍ਰਿਤਸਰ 3, 6, 7, 11, 13, 14, 18, 59
ਅਰਜਨ ਦੇਵ ਜੀ ਗੁਰੂ 6, 7, 8, 9, 11, 12, 13, 14, 18, 19, 21, 25

(ੲ)

ਇੰਦਰ 54
ਈਸ਼ਰ ਨਾਥ 37
ਏਮਨਾਬਾਦ 67

(ਸ)

ਸਈਯਦਪੁਰ 34
ਸਹੰਸ੍ਰ 54
ਸੁਕੇਤ 22
ਸ਼ੇਖ ਇਬਰਾਹੀਮ 47
ਸੁਖੂ 58
ਸੁਖਮਨੀ 10
ਸ੍ਰੀ ਚੰਦ 14
ਸਤਲੁਜ 63
ਸੀਤਾ ਜੀ (ਮਿਹਰਬਾਨ ਦੀ ਇਸਤ੍ਰੀ) 21
ਸੰਤੋਖ ਸੁਰ ਕਵੀ 7
ਸੰਤੋਖ ਸਿੰਘ 13, 18, 27
ਸੇਤ ਬੰਦ 34
ਸੀਤਾ 54


Digitized by Panjab Digital Library | www.panjabdigilib.org

ਸੁਮੇਰ ਪਰਬਤ 34, 37
ਸੁਰਾਸ਼ਟਰ (ਗੁਜਰਾਤ — ਕਾਠੀਆਵਾੜ) 34
ਸੁਲਤਾਨਪੁਰ 3, 34, 37

(ਹ)

ਹਿੰਗਲਾਜ 34
ਹਾਜੀਪੁਰਾ (ਪਟਨਾ) 34
ਹਰਦਾਸ 1, 12
ਹਰਦੁਆਰ 3, 34
ਹਰਿ ਗੋਬਿੰਦ ਸਾਹਿਬ ਗੁਰੂ 7, 11, 13, 15, 22, 23, 24, 25, 33, 43, 55
ਹਰਜੀ 21, 62, 64, 67, 71
ਹਰੀਆ ਤੇ ਬਾਲਾ 26, 55
ਹਰਿ ਰਾਏ ਜੀ ਗੁਰੂ 55
ਹਰੀ ਦਾਸ 56, 68, 70
ਹਰਨਪੁਰ 59
ਹਰਗੋਪਾਲ 62
ਹਰਿ ਸਹਾਏ (ਗੁਰੂ) 63

(ਕ)

ਕਿਕੜੀਆਲੇ 67
ਕਾਂਗੜਾ 21, 22
ਕੋਟ ਲੈਹੜ 22
ਕੋਟ ਪੀਰ 59
ਕੰਡਣਪੁਰ 67
ਕੇਦਾਰਾ 5
ਕਾਨੜਾ 5
ਕਪਲ ਮੁਨੀ 72
ਕਬੀਰ 9, 29, 30, 31, 32, 43
ਕਾਹਨ ਸਿੰਘ 21, 58, 60
ਕੀਰਤਪੁਰ 60
ਕਰਤਾਰਪੁਰ 63, 65, 66, 67, 68, 71
ਕਲਿਆਣ 5
ਕੰਵਲ ਨੈਨ 21, 61, 62
ਕਸ਼ਮੀਰ 8
ਕ੍ਰਿਸ਼ਨ ਅਵਤਾਰ 69, 72

Digitized by Panjab Digital Library | www.panjabdigilib.org

(ਖ)


| | |
|---|---|
| ਖੁਸਰੋ | 8 |
| ਖ਼ਾਨ ਜਹਾਨ | 6 |
| ਖੁਸ਼ਵਕਤ ਰਾਏ | 18 |


(ਗ)


| | |
|---|---|
| ਗਿਆਨ ਸਿੰਘ | 55, 56 |
| ਗਿਆਨ ਰਤਨਾਵਲੀ | 33 |
| ਗੋਇੰਦਵਾਲ | 1, 3, 8 |
| ਗਇਆ | 34 |
| ਗੰਗਾ ਜੀ | 3, 38 |
| ਗੁਜਰਾਂਵਾਲਾ | 67 |
| ਗੌਂਡ | 5 |
| ਗਣੇਸ਼ ਦਾਸ | 25 |
| ਗ੍ਰੰਥ ਸਾਹਿਬ | 5, 8, 11, 26, 27, 40, 41, 43, 44 |
| ਗੋਪੀ ਚੰਦ | 37 |
| ਗੁਰਦਾਸ (ਭਾਈ) | 11, 12, 13, 14, 15, 32, 33, 43, 66 |
| ਗੁਰਦਿਤਾ ਸਿੰਘ | 68, 72 |
| ਗੁਰੂ ਗੋਬਿੰਦ ਸਿੰਘ | 56, 57, 61 |
| ਗੋਰਖ ਨਾਥ | 37 |
| ਗੋਰਖ ਹਟੜੀ | 34, 70 |
| ਗਵਾਲੀਆਰ | 12, 24, 25 |


(ਘ)


| | |
|---|---|
| ਘਰਾਚੋ | 61 |
| ਘੁਦਾ | 58 |


(ਚ)


| | |
|---|---|
| ਚੁਹਣੀ ਪੀਰ ਕਮਾਲ | 67 |
| ਚਤੁਰ ਸਿੰਘ | 29 |
| ਚਤੁਰਭੁਜ | 66, 67, 71 |
| ਚੰਦਰਭਾਨ | 21, 22 |
| ਚਨਾਬ ਦਰਿਆ | 8 |
| ਚਰਪਟ ਨਾਥ | 37 |


Digitized by Panjab Digital Library | www.panjabdigilib.org

(ਛ)

ਛੇਹਰਟਾ 7, 13

(ਜ)

ਜਹਾਂਗੀਰ 8, 21, 24
ਜਿਹਲਮ 59
ਜਹਾਨ ਖਾਂ 63
ਜਗਨ ਨਾਥ ਪੁਰੀ 33, 34
ਜੇਠਾ ਜੀ 1
ਜੈਤਸਰੀ 5
ਜੈਦੇਵ 9
ਜਨਮੇਜਾ 54
ਜਪੁਜੀ ਸਾਹਿਬ 4, 25
ਜੀਵਨ ਸਿੰਘ 29, 63

(ਟ)

ਟੋਡੀ ਰਾਗ 5
ਟਿਲਾ ਬਾਲ ਗੁਦਾਈ 34

(ਡ)

ਡੋਗਰ 63

(ਢ)

ਢਿਲਵਾਂ 60, 61

(ਤ)

ਤੁਖਾਰੀ 64
ਤੁੰਗ 3
ਤਰਨਤਾਰਨ 7
ਤਾਰੀਖ਼-ਇ-ਪੰਜਾਬ 19
ਤਾਰੀਖ਼-ਇ-ਸਿਖਾਂ 18
ਤੈਮੂਰ ਸ਼ਾਹ 63
ਤਲਵੰਡੀ 34, 67

(ਦ)

ਦਾਸੂ ਅਤੇ ਦਾਤੂ 14
ਦਹਸਿਰੁ 54
ਦਾਤਾਰ ਚੰਦ 11
ਦਤਾ ਤ੍ਰੈ 72

Digitized by Panjab Digital Library | www.panjabdigilib.org

ਦਬਿਸਤਾਨ-ਇ-ਮਜ਼ਹਬ 25
ਦਰਬਾਰ ਸਾਹਿਬ ਅੰਮ੍ਰਿਤਸਰ 4, 6, 71
ਦਰਬਾਰੀ ਦਾਸ 56
ਦਿਲੀ 34
ਦੌਲਤ ਖ਼ਾਂ 37
ਦੇਵ-ਗੰਧਾਰੀ 5
ਦੀਵਾਨੇ 55
ਦਿਵਾਨਾ ਸਾਹਿਬ ਖ਼ਿਤਾਬ 55, 57, 58

(ਧ)

ਧੰਨਾ 9
ਧਰਮ ਚੰਦ 14

(ਨ)

ਨਟ-ਨਰਾਇਣ 5
ਨਾਨਕ ਸਾਹਿਬ ਜੀ (ਗੁਰੂ) 4, 7, 9, 12, 16, 21, 29. 31, 33, 34, 35, 36, 38, 40, 41, 47, 48, 49, 50, 51, 52, 56, 64, 65, 66, 67, 69, 71
ਨਿਧਾਉਣ 61
ਨਾਮਦੇਵ 9
ਨਰਬਦਾ 34
ਨਿਰੰਜਨ ਰਾਏ 60, 61
ਨਰ ਸਿੰਘ 72

(ਪ)

ਪਾਕਪਟਨ 46
ਪਾਕਿਸਤਾਨ 59, 60, 67
ਪੰਜਾਬ 1, 7, 10, 22, 62
ਪਟਿਆਲਾ 55, 59, 60, 61, 72
ਪਾਂਡਵ 54
ਪਤੰਜਲੀ 44
ਪ੍ਰਿਥੀ ਚੰਦ (ਪ੍ਰਿਥੀ ਮਲ) 5, 11, 12, 13, 14, 16, 57, 14, 18, 19
ਪੁਰਾਤਨ ਜਨਮਸਾਖੀ 9

(ਫ)

ਫਰੀਦ 41, 43

Digitized by Panjab Digital Library | www.panjabdigilib.org

ਫਰੀਦਕੋਟ 60, 61
ਫੀਰੋਜ਼ਪੁਰ 63, 67

(ਬ)

ਬਉਲੀ ਸਾਹਿਬ, ਗੋਇੰਦਵਾਲ 1
ਬਿਆਸ ਦਰਿਆ 8
ਬਾਸਰਕੇ 1, 11
ਬਿਹਾਗੜਾ 5
ਬੀਕਾਨੇਰ 34
ਬਗਦਾਦ 12
ਬੰਗਾਲ 43
ਬੁਦੂ 58
ਬਨਾਰਸ 32, 34, 38
ਬਾਬਾ ਬਕਾਲਾ 60
ਬੀਬੀ ਭਾਨੀ 1, 17
ਬਾਬਾ ਮੋਹਨ 9
ਬੀਬੀ ਨਾਨਕੀ 34
ਬੈਰਾੜੀ 5
ਬੁਰਹਾਨਪੁਰ 12
ਬਰੋਗੀ ਨਾਥ 37
ਬਾਲੀ 54
ਬਾਲਾ 26, 33, 56
ਬਾਲ ਗੁਦਾਈ 37
ਬਲਵੰਡ 43

(ਭ)

ਭ਼ਗਵਾਨ ਦਾਸ 12
ਭਗਵਾਨ ਕੌਰ 18
ਭੂੰਦੜ ਦਾਸ 56
ਭਰਥਰੀ 34, 35, 37

(ਮ)

ਮੀਆਂ ਮੀਰ 6
ਮਸੰਦ ਪ੍ਰਥਾ 7


Digitized by Panjab Digital Library | www.panjabdigilib.org

ਮਿਹਰਬਾਨ ਜੀ (ਮਨੋਹਰ ਦਾਸ) 1, 5, 6, 11, 15, 16, 17, 18, 19, 20, 21, 22, 23, 24, 25, 26, 27, 28, 29, 31, 32, 33, 34, 38, 39, 40, 41, 42, 43, 44, 46, 49, 50, 51, 53, 54, 56, 58, 60, 62, 64, 68, 71
ਮਹਾਂਦੇਵ (ਮਹਾ ਦੇਉ) 6, 14
ਮਹਾਰਾਜਾ ਰਣਜੀਤ ਸਿੰਘ 6, 35, 59
ਮਹਿਮਾ ਪ੍ਰਕਾਸ਼ 8, 33
ਮੋਹਨ 14
ਮੋਹਰੀ 14
ਮੁਹੰਮਦੀ ਪੁਰ 22, 62, 63, 67
ਮਹਾਰਾਸ਼ਟਰਾ 43
ਮਹੇਸੁ ਦੇਵ 53
ਮੈਕਾਲਿਫ 2, 3
ਮੱਕਾ 34
ਮੁਕਤਸਰ 63
ਮਛਿੰਦ੍ਰ ਨਾਥ 37, 70
ਮਮਦੋਟ 67
ਮਰਦਾਨਾ 12, 33, 49, 53
ਮਾਲੀ ਗਉੜਾ 5
ਮੁਲਤਾਨ 10, 34, 36
ਮਲੂਕੇ 57, 58

(ਰ)

ਰਾਇ ਭੋਐ 48
ਰਾਇ ਦਖਣੀ 61
ਰਾਗ ਮਾਝ 69
ਰਾਗ ਬਿਲਾਵਨ 69
ਰਾਗ ਮਾਰੂ 69
ਰਾਗ ਧਨਾਸਰੀ 69
ਰਾਗ ਆਸਾ 69
ਰਾਗ ਗਉੜੀ 69
ਰਾਗ ਮਲਹਾਰ 69

Digitized by Panjab Digital Library | www.panjabdigilib.org

ਰਾਗ ਸਰੀ ਰਾਗ 69
ਰਾਗ ਤਿਲੰਗ 69
ਰਾਜਪੂਤਾਨਾ 34
ਰਾਜਸਥਾਨ 43
ਰਾਮ ਦਾਸ ਗੁਰੂ 1, 2, 3, 4, 5, 6, 7, 11, 14, 16, 17, 26
ਰਾਮ ਦਾਸ ਪੁਰਾ 3
ਰਾਮਸਰ 9
ਰਾਮ ਚੰਦ 54
ਰਾਮੇਸ਼ਵਰ 34

(ਲ)

ਲਾਹੌਰ 1, 8, 15, 22, 67
ਲੰਕਾ 54
ਲਖਮੀ ਦਾਸ 14
ਲਖਮਣ 54
ਲਸ਼ਕਰ 12

(ਵ)

ਵਡਭਾਗ ਸਿੰਘ (ਸੋਢੀ) 63
ਵੈਰਾਟ 72


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1388

Digitized by Panjab Digital Library | www.panjabdigilib.org

Price Rs. 4-75

Digitized by Panjab Digital Library | www.panjabdigilib.org